# ਪਾਕ ਮੁਹੱਬਤ

## ਜਸਕਰਨ ਬੰਗਾ



Poetry written by: Gurpreet Guri

ਡਿਜੀਟਲ ਕਲਮਾਂ ਵਾਲੇ

www.punjabilibrary.com

# ਪਾਕ ਮੁਹੱਬਤ

ਜਸਕਰਨ ਬੰਗਾ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਪਾਕ ਮੁਹੱਬਤ

## ਜਸਕਰਨ ਬੰਗਾ

ਡਿਜੀਟਲ ਕਲਮਾਂ ਵਾਲੇ


Instagram : bangajas07

Mobile No : +971 554936384


PDF editor : gurigurpreet498

Poetry written by : Gurpreet Guri


Published on: 01 November 2024



DIGITALKALMANWALE@GMAIL.COM



© Jaskaran Banga



DKW

DIGITAL KALMAN WALE PUBLICATION

# ਪਾਕ ਮੁਹੱਬਤ

ਨਾਜ਼ੀਆ ਰੰਗ ਦੀ ਥੋੜੀ ਸਾਂਵਲੀ ਸੀ ਪਰ ਉਸਦੀਆਂ ਮੋਟੀਆਂ,ਬਿੱਲੀਆ ਅੱਖਾਂ ਉਸਦੇ ਚੇਹਰੇ ਦਾ ਸ਼ਿੰਗਾਰ ਸੀ ਕੋਈ ਵੀ ਉਸਨੂੰ ਅੱਖ ਭਰ ਕੇ ਦੇਖਦਾ ਤਾਂ ਮਲੋ-ਮਲੀ ਉਸ ਦੀ ਝਲਕ ਦਾ ਦੀਵਾਨਾ ਹੋ ਜਾਂਦਾ ਸੀ। 10ਵੀ ਤੱਕ ਉਹ ਫਗਵਾੜੇ ਕੌਨਵੈਂਟ ਸਕੂਲ ਵਿੱਚ ਹੀ ਪੜ੍ਹੀ 10ਵੀਂ ਵਿਚੋਂ ਉਸਨੇ 98.5% ਨੰਬਰ ਲਏ।ਉਸਦਾ ਸ਼ੁਰੂ ਤੋਂ ਹੀ ਸੁਪਨਾ ਸੀ ਇੰਜੀਨੀਅਰਿੰਗ ਕਰਨ ਦਾ ਪਰ ਉਸਦੇ ਪਾਪਾ ਉਸਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ।ਕਿਉਂਕਿ ਉਸਦੇ ਪਾਪਾ ਦਾ ਫਗਵਾੜੇ ਆਪਣਾ ਹੌਸਪੀਟਲ ਸੀ। ਕਿਸੀ ਤਰਾਂ ਜ਼ਿਦ ਕਰਕੇ ਉਸਨੇ ਆਪਣੇ ਪਾਪਾ ਨੂੰ ਇੰਜੀਨੀਅਰਿੰਗ ਵਾਸਤੇ ਮਨਾ ਹੀ ਲਿਆ ਸੋ ਹੁਣ ਉਸਨੂੰ 11ਵੀ ਵਿਚ ਦਾਖਲਾ ਲੈਣ ਵਾਸਤੇ ਕਿਸੀ ਵਧੀਆ ਕਾਲਜ ਦੀ ਭਾਲ ਸੀ, ਓਹਨੇ ਕਾਫੀ ਕਾਲਜਾਂ ਵਿਚ ਪਤਾ ਕੀਤਾ ਪਰ ਕੋਈ ਵੀ ਕਾਲਜ ਉਸਦੇ ਮਨ ਨੂੰ ਨਾ ਲੱਗਾ ਫੇਰ ਉਸਨੂੰ ਲੁਧਿਆਣੇ ਗੌਰਮੈਂਟ ਕਾਲਜ ਬਾਰੇ ਪਤਾ ਚਲਿਆ। ਉਸਦੇ ਮਾਮਾ ਜੀ ਲੁਧਿਆਣੇ ਹੀ ਰਹਿੰਦੇ ਸੀ, ਉਸਨੇ ਆਪਣੇ ਮਾਮਾ ਜੀ ਨਾਲ ਗੱਲ ਕਰਕੇ ਲੁਧਿਆਣੇ  ਗੌਰਮੈਂਟ ਕਾਲਜ ਵਿੱਚ ਨਾਨ ਮੈਡੀਕਲ ਦੇ ਦਾਖਲੇ ਬਾਰੇ ਪਤਾ ਕੀਤਾ। ਉਸਦੀ ਸਕੂਲਿੰਗ ਅਤੇ ਨੰਬਰ ਦੇਖ ਕੇ ਕਾਲਜ ਵਾਲਿਆਂ ਨੇ ਉਸਨੂੰ ਇੱਕ ਦਿਨ ਚ ਹੀ ਨੋਨ ਮੈਡੀਕਲ ਵਿੱਚ ਦਾਖਲਾ ਦੇ ਦਿੱਤਾ।ਥੋੜੇ ਦਿਨ ਬਾਆਦ ਹੀ ਉਸਦੀਆਂ ਕਲਾਸਾਂ ਸ਼ੁਰੂ ਹੋ ਗਈਆਂ,ਹੁਣ ਉਸਨੂੰ ਫਗਵਾੜੇ ਤੋਂ ਲੁਧਿਆਣੇ ਹਰ ਰੋਜ਼ ਆਉਣਾ ਜਾਣਾ ਔਖਾ ਲਗਦਾ ਸੀ, ਫੇਰ ਉਸਨੇ ਆਪਣੇ ਮਾਮੇ ਕੋਲ ਹੀ ਰਹਿਣਾ ਸ਼ੁਰੂ ਕਰ ਦਿੱਤਾ,ਮਾਮਾ ਜੀ ਦਾ ਆਪਣਾ ਹੌਜਰੀ ਦਾ ਕੰਮ ਸੀ ਤੇ ਓਹਨਾ ਦੀ ਫੈਮਿਲੀ ਚ ਓਹਨਾ ਦੀ ਪਤਨੀ ਅਤੇ ਇਕ ਬੇਟੀ ਬੇਟਾ ਸੀ ਜੌ ਹਜੇ ਛੋਟੇ ਸਨ। ਅੱਧਾ ਦਿਨ ਉਸਦਾ ਕਾਲਜ ਵਿੱਚ ਹੀ ਗੁਜ਼ਰ ਜਾਂਦਾ ਸੀ ਅਤੇ ਕਾਲਜ ਤੋਂ ਬਾਦ ਉਸਨੂੰ ਕੋਚਿੰਗ ਕਲਾਸ ਲਈ ਅਲੱਗ ਤੋਂ ਜਾਣਾ ਪੈਂਦਾ ਸੀ ਪੂਰਾ ਦਿਨ ਹੀ ਓਹ ਵਿਅਸਤ ਰਹਿੰਦੀ ਸੀ। ਬਹੁਤ ਵਧੀਆ ਟਾਈਮ ਲੰਘ ਰਿਹਾ ਸੀ ਮਾਮੀ ਨੇ ਵੀ ਉਸ ਨਾਲ ਕਦੇ ਫਰਕ ਨਹੀਂ ਕੀਤਾ ਸੀ ਸਗੋਂ ਉਸਨੂੰ ਕਹਿੰਦੇ ਸੀ ਕੇ ਓਹ ਆਪਣਾ ਟਾਇਮ ਪੜ੍ਹਾਈ ਵਿਚ ਹੀ ਗੁਜ਼ਾਰਿਆ ਕਰੇ, ਫੇਰ ਵੀ ਕਦੇ ਕਦੇ ਓਹ ਆਪਣੇ ਮਾਮੀ ਜੀਂ ਦੀ  ਘਰ ਦੇ ਕੰਮ ਵਿਚ ਮਦਦ ਕਰਵਾ ਦਿੰਦੀ ਸੀ। ਪਰ ਓਹ ਜਿਆਦਾਤਰ ਸਮਾ ਪੜ੍ਹਾਈ ਵਿੱਚ ਹੀ ਗੁਜ਼ਾਰਦੀ, ਪੜ੍ਹਾਈ ਦੇ ਨਾਲ ਨਾਲ ਓਹ ਕਦੇ ਵੀ

ਨਮਾਜ਼ ਪੜ੍ਹਨਾ ਵੀ ਨਹੀਂ ਸੀ ਛੱਡਦੀ, 5 ਟਾਇਮ ਪੱਕਾ ਨਮਾਜ਼ ਪੜ ਦੀ ਸੀ। ਇਹ ਕਾਲਜ ਵੀ ਇੱਕਲਾ ਕੁੜੀਆਂ ਦਾ ਸੀ ਜਿਸ ਕਰਕੇ  ਉਸਦਾ ਧਿਆਨ ਸਿਰਫ ਪੜ੍ਹਾਈ ਵੱਲ ਹੀ ਸੀ ਜਿਸ ਕਰਕੇ ਓਹ ਆਸ਼ਕੀ ਵਰਗੇ ਚਕਰਾ ਤੋਂ ਬਹੁਤ ਦੂਰ ਸੀ ਕਹਿ ਲਵੋ ਕਿ ਉਸਨੂੰ ਇਹਨਾਂ ਗੱਲਾਂ ਬਾਰੇ ਪਤਾ ਹੀ ਕੁਝ ਨੀ ਸੀ। ਉਸਨੂੰ ਬਸ ਦੋ ਕੰਮ ਹੀ ਪਿਆਰੇ ਸੀ ਪੜ੍ਹਨਾ ਜਾਂ ਅੱਲਾਹ ਦੀ ਬੰਦਗੀ ਕਰਨਾ।

ਓਹਨੂੰ ਟਿਉਸ਼ਨ ਲਈ ਦੋ ਅਲੱਗ ਅਲੱਗ ਟਿਉਸ਼ਨ ਸੈਂਟਰ ਜਾਣਾ ਪੈਂਦਾ ਸੀ ਇਕ ਜਗ੍ਹਾ ਓਹ ਕਾਲਜ ਤੋਂ ਬਾਅਦ ਸਿੱਧਾ ਚਲੇ ਜਾਂਦੀ ਸੀ ਅਤੇ ਦੂਜੀ ਟਿਉਸ਼ਨ ਉਸਦੀ ਸ਼ਾਮ ਨੂੰ 5:30 ਵਜੇ ਹੁੰਦੀ ਸੀ। ਸ਼ਾਮ ਵਾਲੀ ਟਿਉਸ਼ਨ ਵਿਚ ਉਸਦੇ ਨਾਲ 2 ਕੁੜੀਆਂ ਅਤੇ 3 ਮੁੰਡੇ ਵੀ ਪੜ ਦੇ ਸਨ ਟਿਉਸ਼ਨ ਤੇ ਵੀ ਉਸਦਾ ਧਿਆਨ ਸਿਰਫ ਪੜ੍ਹਾਈ ਵਿੱਚ ਰਹਿੰਦਾ ਸੀ। ਨਾ ਹੀ ਉਸਨੇ ਕਿਸੀ ਨਾਲ ਤੇ ਟਿਉਸ਼ਨ ਜਾਂ ਕਾਲਜ ਵਿੱਚ ਦੋਸਤੀ ਬਣਾਈ ਸੀ, ਓਹ ਸਭ ਤੋਂ ਅਲੱਗ ਹੀ ਰਹਿੰਦੀ ਸੀ। ਕਾਲਜ ਵਿੱਚ ਵੀ ਓਹ ਸਾਰੇ ਟੀਚਰਾਂ ਦੀ ਮੰਨ ਪਸੰਦ ਸਟੂਡੈਂਟ ਸੀ ਕੁਸ਼ ਸਟੂਡੈਂਟ ਤਾਂ ਉਸ ਕੋਲੋ ਸੜਦੇ ਵੀ ਸੀ। ਨਾਜ਼ੀਆ ਨੂੰ ਕਿਸੀ ਦੇ ਹੋਣ ਜਾਂ ਨਾ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ ਸੀ।ਟਿਉਸ਼ਨ ਤੇ ਉਸ ਨਾਲ ਇਕ ਲੜਕਾ ਪੜਦਾ ਸੀ ਗੁਰਪ੍ਰੀਤ ਜੌ ਕਿ ਅੰਦਰੋ ਅੰਦਰੀ ਨਾਜ਼ੀਆ ਨੂੰ ਪਸੰਦ ਕਰਦਾ ਸੀ ਪਰ ਨਾਜ਼ੀਆ ਇਸ ਸਭ ਤੋਂ ਬੇਖ਼ਬਰ ਸੀ ਉਸਨੇ ਕਦੀ ਸੋਚਿਆ ਵੀ ਨਹੀਂ ਸੀ ਇਸ ਤਰਾਂ ਦਾ,ਗੁਰਪ੍ਰੀਤ ਨਾਜ਼ੀਆ ਨੂੰ ਬੁਲਾਉਣ ਤੋਂ ਵੀ ਡਰਦਾ ਸੀ,ਬਸ ਅੱਖਾਂ ਅੱਖਾਂ ਵਿੱਚ ਹੀ ਉਸਨੂੰ ਚਾਹੁਣ ਲੱਗਿਆ ਸੀ।

ਪਰ ਉਸਦੀ ਬੁਲਾਉਣ ਦੀ ਕਦੇ ਵੀ ਹਿੰਮਤ ਨਹੀਂ ਪੈਂਦੀ ਸੀ

। ਪਰ ਟਿਉਸ਼ਨ ਤੇ ਹਮੇਸ਼ਾ ਓਹ ਨਾਜ਼ੀਆ ਦੇ ਆਉਣ ਤੋਂ ਬਾਅਦ ਹੀ ਆਉਂਦਾ ਸੀ ਜਿਵੇਂ ਉਸਨੂੰ ਉਸਦੇ ਆਉਣ ਦਾ ਟਾਇਮ ਪਤਾ ਸੀ ਪਰ ਇਹ ਗੱਲ ਕਿਸੀ ਨੇ ਵੀ ਨੋਟ ਨਹੀਂ ਕੀਤੀ ਸੀ ਕੇ ਗੁਰਪ੍ਰੀਤ ਦੇ ਦਿਮਾਗ ਵਿਚ ਕੀ ਚਲੇ ਰਿਹਾ ਸੀ,ਓਹ ਅਕਸਰ ਨਾਜ਼ੀਆ ਦੇ ਪਿੱਛੇ ਬੱਸ ਸਟੈਂਡ ਤਕ ਜਾਂਦਾ ਸੀ ।ਇਕ ਵਾਰ ਟਿਉਸ਼ਨ ਤੋਂ ਸਾਰੇ ਸਟੂਡੈਂਟ ਪਹਿਲਾਂ ਹੀ ਚਲੇ ਗਏ

ਨਾਜ਼ੀਆ ਇਕੱਲੀ ਹੀ ਰਹਿ ਗਈ ਸੀ ਓਹ ਕੋਈ ਜਰੂਰੀ ਕੰਮ ਸਮਝ ਰਹੀ ਸੀ।ਅਗਲੇ ਦਿਨ ਐਤਵਾਰ ਦੀ ਛੁੱਟੀ ਸੀ ਤਾਂ ਗੁਰਪ੍ਰੀਤ ਨਾਜ਼ੀਆ ਨੂੰ ਜਾਂਦੇ ਹੋਏ ਦੇਖਣ ਲਈ ਬਾਹਰ ਪਾਰਕਿੰਗ ਵਿਚ ਖੜਾ ਸੀ। 15-20ਮਿੰਟ ਬਾਅਦ ਨਾਜ਼ੀਆ ਬਾਹਰ ਆ ਗਈ ਤੇ ਆਪਣੇ ਰਸਤੇ ਬੱਸ ਸਟੈਂਡ ਵੱਲ ਨੂੰ ਜਾਣ ਲੱਗੀ ਕਿਉਂਕਿ ਓਹ ਆਟੋ ਰਿਕਸ਼ੇ ਵਿਚ ਆਉਂਦੀ ਸੀ,ਜਦੋਂ ਓਹ 3-4ਮਿੰਟ ਦੂਰ ਗਈ ਤਾਂ ਗੁਰਪ੍ਰੀਤ ਵੀ ਆਪਣੀ ਬਾਈਕ ਲੈਕੇ ਉਸਦੇ ਪਿੱਛੇ ਜਾਣ ਲੱਗਿਆ।ਹਜੇ ਉਸ ਕੋਲੋ ਦੂਰ ਹੀ ਸੀ ਕੇ ਨਾਜ਼ੀਆ ਦੀ ਤੁਰੀ ਜਾਂਦੀ ਦੀ ਜੁੱਤੀ ਟੁੱਟ ਗਈ,ਓਹ ਓਥੇ ਹੀ ਖੜੀ ਹੋ ਗਈ ਨੇੜੇ ਤੇੜੇ ਕੋਈ ਵੀ ਜੁੱਤੀਆਂ ਵਾਲੀ ਦੁਕਾਨ ਨਹੀਂ ਸੀ ਜਿਸ ਤੋਂ ਓਹ ਸਿਲਾਈ ਕਰਵਾ ਸਕਦੀ ਜਦ ਉਸਨੇ ਪਿੱਛੇ ਮੁੜ ਕੇ ਦੇਖਿਆ ਤਾਂ ਉਥੇ ਗੁਰਪ੍ਰੀਤ ਸੀ ਉਸਨੇ ਗੁਰਪ੍ਰੀਤ ਵੱਲ ਦੇਖਿਆ ਪਰ ਬੋਲੀ ਕੁਝ ਵੀ ਨਹੀਂ ਤਾਂ ਗੁਰਪ੍ਰੀਤ ਨੇ ਦੇਖ ਕੇ ਆਪ ਹੀ ਕਿਹਾ ਕਿ ਮੈਂ ਤੁਹਾਡੀ ਮਦਦ ਕਰ ਦੇਵਾਂ ਇਹ ਪਹਿਲੀ ਦਫ਼ਾ ਸੀ ਜਦ ਗੁਰਪ੍ਰੀਤ ਨੇ ਨਾਜ਼ੀਆ ਨੂੰ ਬੁਲਾਇਆ ਸੀ,ਗੁਰਪ੍ਰੀਤ ਵਲੋਂ ਮਦਦ ਦਾ ਸੁਣ ਕੇ ਨਾਜ਼ੀਆ ਕੁਝ ਨਾ ਬੋਲੀ ਤਾਂ ਗੁਰਪ੍ਰੀਤ ਨੇ ਕਿਹਾ ਕਿ ਤੁਸੀਂ ਮੇਰੇ ਨਾਲ ਮੇਰੀ ਬਾਈਕ ਤੇ ਚਲੋ ਤੇ ਮੈਂ ਤਹਾਨੂੰ ਬੱਸ ਸਟੈਂਡ ਛੱਡ ਦੇਵਾਂਗਾ।ਨਾਜ਼ੀਆ ਕੋਲ ਵੀ ਕੋਈ ਆਪਸ਼ਨ ਨਹੀਂ ਸੀ।ਉਸਨੇ ਗੁਰਪ੍ਰੀਤ ਨਾਲ ਜਾਣਾ ਹੀ ਸਹੀ ਸਮਜਿਆ। ਧੰਨਵਾਦ ਕਹਿ ਕੇ ਬਾਈਕ ਤੇ ਬੈਠ ਗਈ।ਗੁਰਪ੍ਰੀਤ ਦਿਲ ਵਿੱਚੋ ਬਹੁਤ ਖੁਸ਼ ਸੀ। ਪਰ ਨਾਜ਼ੀਆ ਬਿਲਕੁਲ ਬੇਖ਼ਬਰ ਸੀ ਉਹਦੇ ਦਿਲ ਦੇ ਜਜ਼ਬਾਤਾਂ ਤੋਂ।ਗੁਰਪ੍ਰੀਤ ਬਹੁਤ ਹੀ ਧਿਆਨ ਨਾਲ ਮੋਟਰਸਾਈਕਲ ਚਲਾ ਕੇ ਲੈਕੇ ਗਿਆ ਤੇ ਨਾਜ਼ੀਆ ਨੂੰ ਬੱਸ ਸਟੈਂਡ ਇਕ ਮੋਚੀ ਦੀ ਦੁਕਾਨ ਕੋਲ ਉਤਰ ਦਿੱਤਾ ਨਾਜ਼ੀਆ ਨੇ ਉਸਦਾ ਧੰਨਵਾਦ ਕੀਤਾ ਅਤੇ ਜਦੋਂ ਤਕ ਨਾਜ਼ੀਆ ਦੀ ਜੁੱਤੀ ਠੀਕ ਨਹੀਂ ਹੋਈ ਓਹ ਓਥੇ ਹੀ ਖੜਾ ਰਿਹਾ ਅਤੇ ਬਾਅਦ ਵਿੱਚ ਜਦੋਂ ਤੱਕ ਨਾਜ਼ੀਆ ਦਾ ਆਟੋ ਉਥੋਂ ਨਹੀਂ ਗਿਆ ਉਦੋਂ ਤੱਕ ਓਥੇ ਹੀ ਖੜਾ ਰਿਹਾ। ਨਾਜ਼ੀਆ ਦੇ ਉਥੋਂ ਜਾਣ ਤੋਂ ਬਾਅਦ ਉਹ ਆਪਣੇ ਘਰ ਨੂੰ ਵਾਪਸ ਚਲਾ ਗਿਆ।

✿✿✿✿✿✿

## ਭਾਗ -2

ਅਗਲੇ ਦਿਨ ਐਤਵਾਰ ਦੀ ਛੁੱਟੀ ਸੀ,ਨਾਜ਼ੀਆ ਨੇ ਘਰ ਜਾਣ ਦਾ ਪਲੈਨ ਬਣਾਇਆ ਹੋਇਆ ਸੀ,ਉਸਨੇ ਰਾਤ ਨੂੰ ਮਾਮਾ ਜੀ ਨਾਲ ਗੱਲ ਕੀਤੀ ਤਾਂ ਮਾਮਾ ਜੀ ਨੇ ਵੀ ਮਨਾ ਨੀ ਕੀਤਾ। ਓਸੇ ਟਾਇਮ ਨਾਜ਼ੀਆ ਨੇ ਫੋਨ ਕਰਕੇ ਘਰ ਦੱਸ ਦਿੱਤਾ ਕੇ ਓਹ ਸੁਬਾਹ ਓਹਨਾ ਨੂੰ ਮਿਲਣ ਲਈ ਆ ਰਹੀ ਹੈ ਨਾਜ਼ੀਆ ਨੂੰ ਘਰੋਂ ਆਏ ਹੋਏ 1.5 ਮਹੀਨਾ ਗੁਜ਼ਰ ਗਿਆ ਸੀ ਬਸ ਫੋਨ ਤੇ ਹੀ ਗੱਲ ਹੁੰਦੀ ਸੀ।ਉਸਦੇ ਆਉਣ ਦੀ ਖਬਰ ਸੁਣ ਕੇ ਘਰ ਵਾਲੇ ਬਹੁਤ ਹੀ ਖੁਸ਼ ਹੋਏ।ਉਸਦੀ ਅੰਮੀ ਨੇ ਕਹਿ ਦਿੱਤਾ ਕਿ ਤੁਸੀ ਘਰੋਂ ਨਾਸ਼ਤਾ ਨਾ ਕਰਕੇ ਆਈਓ,ਨਾਸ਼ਤਾ ਸਾਡੇ ਕੋਲ ਆ ਕੇ ਹੀ ਕਰਿਓ।ਨਾਜ਼ੀਆ ਨੂੰ ਘਰ ਜਾਣ ਦਾ ਬਹੁਤ ਹੀ ਚਾਅ ਸੀ ਓਹ ਰਾਤ ਨੂੰ ਖਾਣਾ ਖਾ ਕੇ ਇਸ਼ਾ ਦੀ ਨਮਾਜ਼ ਪੜ੍ਹ ਕੇ ਜਲਦੀ ਸੌਂ ਗਈ।ਸੁਬਾਹ ਜਲਦੀ ਉੱਠਣਾ ਤਾਂ ਉਸਦੀ ਪੁਰਾਣੀ ਆਦਤ ਸੀ ਕਿਉਂਕਿ ਫ਼ਜਰ ਦੀ ਨਮਾਜ਼ ਪੜ੍ਹਨੀ ਹੁੰਦੀ ਸੀ।ਅਗਲੀ ਸਵੇਰ 5 ਵਜੇ ਉਠੀ ਅਤੇ ਫ਼ਜਰ ਦੀ ਨਮਾਜ਼ ਪੜ੍ਹ ਕੇ ਓਹ 5:40 ਵਜੇ ਤੱਕ ਫਾਰਗ ਹੋਗੀ।ਮਾਮੀ ਜੀ ਨੇ ਚਾਹ ਬਣਾਈ ਹੋਈ ਸੀ ਉਸਨੇ ਸੈਂਡਵਿਚ ਨਾਲ ਚਾਹ ਲਈ ਅਤੇ ਨਾਲ ਫੋਨ ਵਿੱਚ facebook ਤੇ ਹਰਪ੍ਰੀਤ ਸਿੰਘ ਜਵੰਦਾ ਦੀਆਂ ਕਹਾਣੀਆਂ ਪੜ੍ਹਨ ਲੱਗ ਗਈ।ਏਨੀ ਦੇਰ ਵਿੱਚ ਮਾਮਾ ਜੀ ਦੀ ਬੱਚੇ ਵੀ ਉੱਠ ਗਏ ਨਾਜ਼ੀਆ ਓਹਨਾ ਨਾਲ ਖੇਡਣ ਲੱਗ ਗਈ ਤਦ ਤਕ ਮਾਮਾ ਜੀ ਵੀ ਜ਼ਿੰਮ ਵਿਚੋਂ ਵਾਪਸ ਆ ਗਏ।ਤਕਰੀਬਨ 8 ਕ ਵਜੇ ਓਹ ਘਰੋਂ ਨਿਕਲ ਗਏ।ਜਦੋਂ ਓਹ ਆਪਣੇ ਘਰ ਪੁੱਜੀ ਤਾਂ ਭੱਜ ਕੇ ਅੰਮੀ ਨੂੰ ਗਲ਼ ਲਗਾ ਲਿਆ ਜਿਵੇਂ ਸਾਲਾਂ ਬਾਅਦ ਮਿਲ ਰਹੀ ਹੋਵੇ।ਅੰਮੀ ਅੱਬੂ ਨੂੰ ਮਿਲ ਕੇ ਓਹ ਆਪਣੀ ਦਾਦੀ ਨੂੰ ਮਿਲਣ ਚਲੇ ਗਈ ਜੌ ਕੇ ਤਾਇਆ ਜੀ ਦੇ ਘਰ ਰਹਿੰਦੀ ਸੀ। ਦਾਦੀ ਵੀ ਉਸਨੂੰ ਦੇਖ ਕੇ ਬਹੁਤ ਹੀ ਖੁਸ਼ ਹੋਈ।ਫੇਰ ਦਾਦੀ ਨੂੰ ਨਾਲ ਲੈਕੇ ਓਹ ਘਰ ਆ ਗਈ।ਘਰ ਅੰਮੀ ਨੇ ਉਸਦੇ ਮਨਪਸੰਦ ਗੋਭੀ ਵਾਲੇ ਪਰਾਂਠੇ ਬਣਾਏ ਹੋਏ ਸਨ।ਸਭ ਨੇ ਰਲ ਕੇ ਨਾਸ਼ਤਾ ਕੀਤਾ ਫੇਰ ਗੱਲਾਂ ਕਰਨ ਲੱਗ ਗਏ।ਨਾਜ਼ੀਆ ਦੇ ਪਾਪਾ ਘਰ ਹੀ ਸੀ ਓਹਨਾਂ ਨੇ ਨਾਜ਼ੀਆ ਨੂੰ ਪੜਾਈ ਬਾਰੇ ਪੁੱਛਿਆ ਅੱਗੋ ਨਾਜ਼ੀਆ ਨੇ ਚੜ੍ਹਦੀ ਕਲਾ ਦਸਿਆ ਪਰ ਕਿਹਾ ਅੱਬੂ ਬਹੁਤ ਬੋਰਿੰਗ ਲਾਈਫ ਆ ਸਿਰਫ ਪੜਾਈ ਹੀ ਪੜਾਈ,ਫੇਰ ਉਸਦੇ ਪਾਪਾ ਨੇ ਸਲਾਹ ਬਣਾ ਲਈ ਕਿ ਕਿਉਂ ਨਾ ਅੱਜ ਫਿਲਮ ਦੇਖਣ ਚਲੀਏ ਫੇਰ 12 ਵਜੇ

ਦੀ ਟਿਕਟ ਬੁੱਕ ਕਰਕੇ ਕੇ ਓਹ ਫਿਲਮ ਦੇਖਣ ਲਈ ਜਲੰਧਰ ਐਮ ਬੀ ਡੀ ਮਾਲ ਚਲੇ ਗਏ।ਅਤੇ ਵਾਪਸ ਆਉਂਦੇ ਹੋਏ ਹਵੇਲੀ ਰੁਕੇ ਅਤੇ ਲੱਕੀ ਢਾਬੇ ਤੇ ਲੰਚ ਕੀਤਾ।ਸ਼ਾਮ ਨੂੰ 5 ਕ ਵਜੇ ਵਾਪਸ ਘਰ ਆ ਗਏ।ਘਰ ਆ ਕੇ ਨਾਜ਼ੀਆ ਇਕ ਤਰ੍ਹਾਂ ਭੁੱਲ ਹੀ ਗਈ ਸੀ ਕੇ ਉਸਨੇ ਵਾਪਸ ਵੀ ਜਾਣਾ ਹੈ।ਜਦੋਂ ਮਾਮਾ ਜੀ ਨੇ ਜਾਣ ਦੀ ਗਲ ਕਰੀ ਤਾਂ ਥੋੜੀ ਦੇਰ ਲਈ ਤਾਂ ਓਹ ਚੁੱਪ ਹੀ ਹੋ ਗਈ ਫੇਰ ਅੰਮੀ ਨੇ ਕਿਹਾ ਕਿ ਕੋਈ ਗੱਲ ਨਹੀਂ ਪੁੱਤ ਸੁਬਾਹ ਕਾਲਜ ਦੇ ਟਾਇਮ ਤੇ ਤੈਨੂੰ ਤੇਰੇ ਅੱਬੂ ਛੱਡ ਦੇਣਗੇ ਤਾਂ ਮਾਮਾ ਜੀ ਦੀ ਫੈਮਿਲੀ ਸ਼ਾਮ ਨੂੰ ਹੀ ਵਾਪਸ ਚਲੇ ਗਈ।ਰਾਤ ਨੂੰ ਫੇਰ ਉਸਦੀ ਮਮੀ ਨੇ ਉਸਦੇ ਮਨਪਸੰਦ ਮਟਰਾਂ ਵਾਲੇ ਚਾਵਲ ਬਣਾਏ। ਫੇਰ ਇਸ਼ਾ ਦੀ ਨਮਾਜ਼ ਪੜ੍ਹ ਕੇ ਓਹ ਜਲਦੀ ਹੀ ਸੌਂ ਗਈ।ਸੁਬਾਹ ਉਸਦੇ ਪਾਪਾ ਨੇ ਉਸਨੂੰ 7 ਵਜੇ ਹੀ ਮਾਮਾ ਜੀ ਦੇ ਘਰ ਛੱਡ ਦਿੱਤਾ। ਓਹ ਪੂਰੇ ਟਾਇਮ ਤੇ ਕਾਲਜ ਪੁੱਜ ਗਈ।ਅੱਜ ਓਹ ਬਹੁਤ ਹੀ ਫਰੈਸ਼ ਮਹਿਸੂਸ ਕਰ ਰਹੀ ਸੀ। ਜਦੋਂ ਨਾਜ਼ੀਆ ਕਾਲਜ ਪੁੱਜੀ ਅੱਜ ਪਹਿਲੇ ਲੈਕਚਰ ਤੋਂ ਬਾਅਦ ਦੋ ਲੈਕਚਰ ਫ੍ਰੀ ਸੀ।ਸਭ ਕੁੜੀਆਂ ਆਪਣੇ ਆਪਣੇ ਫੋਨ ਤੇ ਬੀਜੀ ਸਨ ਕੁਝ ਖਪ ਕਰ ਰਹੀਆਂ ਸੀ ਕੁਝ ਬਾਹਰ ਨੂੰ ਝਾਕ ਰਹੀਆਂ ਸਨ। ਪਰ ਨਾਜ਼ੀਆ ਬੈਠੀ *ਸ਼ਿਵ ਦੀ । ਹਮੇਸ਼ਾ ਹੀ ਕੁਝ ਨਾ ਕੁਝ ਪੜ ਦੀ ਰਹਿੰਦੀ ਸੀ ਕਦੇ ਕਿਸੀ ਨਾਲ ਬੋਲਦੀ ਵੀ ਨਹੀਂ ਸੀ ਤੇ ਨਾ ਹੀ ਹੁਣ ਤਕ ਕੋਈ ਸਹੇਲੀ ਬਣਾਈ ਸੀ ਉਸਨੇ ਇਕੱਲੇ ਰਹਿਣਾ ਉਸਨੂੰ ਬਹੁਤ ਵਧੀਆ ਲਗਦਾ ਸੀ।ਪ੍ਰਭਜੋਤ ਓਹਨਾ ਦੀ ਕਲਾਸ ਦੀ CR ਸੀ ਓਹ ਰੋਜ਼ ਦੇਖਦੀ ਸੀ ਕੇ ਨਾਜ਼ੀਆ ਸਭ ਕੁੜੀਆਂ ਤੋਂ ਅਲੱਗ ਆ ਕਦੇ ਵੀ ਪੜਾਈ ਤੋਂ ਬਿਨਾ ਕਿਸੀ ਨਾਲ ਕੋਈ ਮਤਲਬ ਨਹੀਂ ਰੱਖਦੀ। ਕਾਫੀ ਦਿਨਾਂ ਤੋਂ ਪ੍ਰਭਜੋਤ ਨਾਜ਼ੀਆ ਨੂੰ ਬੁਲਾਉਣਾ ਚਾਹੁੰਦੀ ਸੀ ਪਰ ਕਦੇ ਬੁਲਾ ਨਹੀਂ ਪਾਈ ਸੀ। ਉਸ ਦਿਨ ਹਿੰਮਤ ਕਰਕੇ ਓਹ ਨਾਜ਼ੀਆ ਕੋਲ ਆ ਕੇ ਬੈਠ ਗਈ।ਨਾਜ਼ੀਆ ਨੂੰ ਹੈਲੋ ਕੀਤੀ ਹਾਲ ਚਾਲ ਪੁੱਛਿਆ ਤੇ ਇਜ਼ਾਜਤ ਲੈਕੇ ਕੋਲ ਬੈਠ ਗਈ।ਨਾਜ਼ੀਆ ਨੇ ਵੀ ਉਸਨੂੰ ਬਹੁਤ ਪਿਆਰ ਨਾਲ ਬੁਲਾਇਆ।ਗੱਲਬਾਤ ਮਗਰੋਂ ਦੋਨਾਂ ਦੀ ਆਪਸ ਵਿੱਚ ਦੋਸਤੀ ਹੋ ਗਈ।ਹੁਣ ਓਹ ਦੋਨੋ ਕਲਾਸ ਵਿਚ ਇੱਕਠਿਆ ਬੈਠਣ ਲੱਗ ਪਈਆਂ ਸਨ।ਨਾਜ਼ੀਆ ਪੜਾਈ ਵਿੱਚ ਹੁਸ਼ਿਆਰ ਤਾਂ ਪਹਿਲਾਂ ਤੋਂ ਹੀ ਬਹੁਤ ਸੀ ਹੁਣ ਉਸਦੀ ਸਹੇਲੀ ਵੀ ਹੁਸ਼ਿਆਰ ਕੁੜੀ ਬਣ ਗਈ ਸੀ।ਇਕਠੇ ਖਾਣਾ ਖਾਣਾ ਆਉਣਾ ਜਾਣਾ ਸਭ ਇੱਕਠਾ ਹੋਗਿਆ ਸੀ ।ਪ੍ਰਭਜੋਤ ਨਾਜ਼ੀਆ ਨੂੰ ਐਕਟਿਵਾ ਉਪਰ ਹੀ ਟਿਉਸ਼ਨ ਛੱਡ ਦਿੰਦੀ ਸੀ।ਪ੍ਰਭਜੋਤ ਵੀ ਆਪਣੇ ਲਈ

ਟਿਉਸ਼ਨ ਲੱਭ ਰਹੀ ਸੀ।ਜਦੋਂ ਉਸਨੇ ਨਾਜ਼ੀਆ ਕੋਲੋ ਪੁੱਛਿਆ ਤਾਂ ਨਾਜ਼ੀਆ ਨੇ ਦਸਿਆ ਕੇ ਓਹ ਜਿੱਥੇ ਪੜਦੀ ਹੈ। ਬਹੁਤ ਹੀ ਵਧੀਆ ਟਿਉਸ਼ਨ ਸੈਂਟਰ ਹੈ।ਹੁਣ ਪ੍ਰਭਜੋਤ ਵੀ ਓਥੇ ਹੀ ਪੜ੍ਹਨ ਲੱਗ ਗਈ।ਕਾਲਜ ਖਤਮ ਹੋਣ ਤੋਂ ਬਾਅਦ ਸਿੱਧਾ ਟਿਉਸ਼ਨ ਜਾਂਦੀਆਂ ਸਨ।ਨਾਜ਼ੀਆ ਹੁਣ ਪ੍ਰਭਜੋਤ ਦੇ ਸਾਥ ਨਾਲ ਕਾਫੀ ਖੁਸ਼ ਰਹਿਣ ਲੱਗ ਗਈ ਸੀ, ਉਸਨੂੰ ਵੀ ਪ੍ਰਭਜੋਤ ਦਾ ਸੁਭਾਅ ਬਹੁਤ ਵਧੀਆ ਲਗਦਾ ਸੀ।ਸ਼ਾਮ ਵਾਲੀ ਟਿਉਸ਼ਨ ਵੀ ਦੋਨਾਂ ਨੇ ਇਕੋ ਜਗ੍ਹਾ ਕਰ ਲਈ ਸੀ।

ਦੂਜੇ ਪਾਸੇ ਗੁਰਪ੍ਰੀਤ ਵੀ ਨਾਜ਼ੀਆ ਨੂੰ ਫਾਲੋ ਕਰ ਰਿਹਾ ਸੀ,ਪਰ ਨਾਜ਼ੀਆ ਨੂੰ ਹਜੇ ਵੀ ਕੁਝ ਨਹੀਂ ਪਤਾ ਸੀ। ਪਰ ਇਸ ਬਾਰੇ ਪ੍ਰਭਜੋਤ ਨੇ ਗੁਰਪ੍ਰੀਤ ਨੂੰ ਕਈ ਬਾਰ ਦੇਖਿਆ ਸੀ ਪ੍ਰਭਜੋਤ ਨੂੰ ਪਤਾ ਚਲ ਗਿਆ ਸੀ ਕੇ ਗੁਰਪ੍ਰੀਤ ਨਾਜ਼ੀਆ ਨੂੰ ਫਾਲੋ ਕਰਦਾ ਪਿਆ। ਇਕ ਵਾਰ ਪ੍ਰਭ ਨੇ ਨਾਜ਼ੀਆ ਨੂੰ ਦੱਸਿਆ ਕਿ ਟਿਉਸ਼ਨ ਤੇ ਗੁਰਪ੍ਰੀਤ ਤੇਰੇ ਵੱਲ ਦੇਖਦਾ ਰਹਿੰਦਾ ਹੈ ਮੈਨੂੰ ਲਗਦਾ ਜਿਵੇਂ ਓਹ ਤੇਰੇ ਨਾਲ ਗੱਲ ਕਰਨੀ ਚਾਹੁੰਦਾ ਹੋਵੇ, ਪਰ ਨਾਜ਼ੀਆ ਨੇ ਕੋਈ ਧਿਆਨ ਨਹੀਂ ਦਿੱਤਾ ਅਤੇ ਉਸਦੀ ਗੱਲ ਨੂੰ ਇਗਨੋਰ ਕਰ ਦਿੱਤਾ।

✿✿✿✿✿✿

## ਭਾਗ-3

ਸਮਾਂ ਬਹੁਤ ਵਧੀਆ ਗੁਜ਼ਰ ਰਿਹਾ ਸੀ ਨਾਜ਼ੀਆ ਵੀ ਪ੍ਰਭ ਨਾਲ ਰਹਿ ਕੇ ਬਹੁਤ ਵਧੀਆ ਮਹਿਸੂਸ ਕਰਦੀ। ਦੋਨਾਂ ਦੀ ਕਲਾਸ, ਟਿਊਸ਼ਨ ਸੈਂਟਰ ਇੱਕ ਹੀ ਸੀ, ਇਥੋਂ ਤਕ ਆਉਣਾ ਜਾਣਾ ਵੀ ਇਕਠੇ ਹੀ ਸੀ।ਨਾਜ਼ੀਆ ਦੀ ਬਚਪਨ ਤੋਂ ਹੀ ਕੋਈ ਦੋਸਤ ਨਹੀਂ ਸੀ।ਆਪਣੀਆਂ ਗੱਲਾਂ ਸਾਂਝੀਆਂ ਕਰਨੀਆਂ ਕਪੜਿਆਂ ਦੀ ਪਸੰਦ ਨਾ ਪਸੰਦ ਬਹੁਤ ਕੁਝ ਪ੍ਰਭ ਨਾਲ ਕਾਮਨ ਹੋਗਿਆ ਸੀ।ਨਾਜ਼ੀਆ ਸੁਬਾਹ ਜਲਦੀ ਜਾਣ ਕਰਕੇ ਘਰੋਂ ਕੁਝ ਵੀ ਨਹੀਂ ਖਾ ਕੇ ਜਾਂਦੀ ਸੀ ਤੇ ਖਾਲੀ ਪੇਟ ਹੀ ਚਲੇ ਜਾਂਦੀ ਸੀ।ਉਸਦੀ ਮਾਮੀ ਨਾਸ਼ਤਾ ਅਤੇ ਲੰਚ ਨਾਲ ਪੈਕ ਕਰ ਦਿੰਦੀ ਸੀ।ਨਾਜ਼ੀਆ ਆਪਣਾ ਖਾਣਾ ਪ੍ਰਭਜੋਤ ਨਾਲ ਸਾਂਝਾ ਕਰਦੀ ਸੀ ।ਪਹਿਲਾਂ ਤਾਂ ਪ੍ਰਬਜੋਤ ਨਾਜ਼ੀਆ ਦੇ ਘਰੋਂ ਆਇਆ ਖਾਣਾ ਨਹੀਂ ਖਾਂਦੀ ਸੀ ।ਉਹਦੇ ਦਿਲ ਵਿਚ ਇਹ ਸੀ ਕੇ ਇਹ ਮੁਸਲਿਮ ਹਨ ਤੇ ਨਾਨ ਵੇਜ ਜਿਆਦਾ ਖਾਂਦੇ ਹੋਣਗੇ ਤੇ ਓਹ ਪਹਿਲਾ ਨਾਹ ਕਰ ਦਿੰਦੀ ਸੀ। ਇਕ ਵਾਰ ਨਾਜ਼ੀਆ ਘਰੋਂ ਮੇਥੀ ਦੇ ਪਰੌਂਠੇ ਲੈਕੇ ਆਈ ਹੋਈ ਸੀ,10 ਵਜੇ ਓਹ ਕੰਟੀਨ ਗਈਆਂ,ਜਦੋਂ ਉਥੇ ਜਾ ਕੇ ਨਾਜ਼ੀਆ ਨੇ ਪਰੌਠੇ ਖੋਲ੍ਹੇ,ਪਰੌਠਿਆਂ ਦੀ ਖੁਸਬੂ ਜਦੋਂ ਪ੍ਰਭਜੋਤ ਨੂੰ ਮਹਿਸੂਸ ਹੋਈ ਤਾਂ ਪ੍ਰਭ ਕੋਲੋਂ ਰਿਹਾ ਨਾ ਗਿਆ ਉਸਨੇ ਨਾਜ਼ੀਆ ਨੂੰ ਕਿਹਾ ਨਾਜ਼ੁ ਮੈਂ ਵੀ ਪਰਾਂਠਾ ਟੇਸਟ ਕਰੂੰਗੀ ਨਾਜ਼ੀਆ ਨੇ ਕਿਹਾ ਇਕ ਸ਼ਰਤ ਤੇ, ਪ੍ਰਭ ਕਹਿੰਦੀ ਕਿਹੜੀ ਸ਼ਰਤ,ਨਾਜ਼ੀਆ ਕੇਹੰਦੀ ਫੇਰ ਮੇਰੇ ਨਾਲ ਚਾਹ ਵੀ ਪੀਣੀ ਪਏਗੀ।ਪ੍ਰਭ ਨੇ ਕਦੇ ਚਾਹ ਨੀ ਪੀਤੀ ਸੀ ਤੇ ਇਧਰ ਨਾਜ਼ੀਆ ਚਾਹ ਦੀ ਸ਼ੌਕੀਨ ਸੀ।ਨਾਜ਼ੀਆ ਨੇ 2 ਕੱਪ ਚਾਹ ਮੰਗਵਾ ਲਏ ਨਾਲ ਮੇਥੀ ਦੇ ਪਰਾਉਂਠੇ ਓਹ ਵੀ ਨਿੰਬੂ ਅਤੇ ਮਿਰਚ ਦੇ ਅਚਾਰ ਨਾਲ ਪ੍ਰਭ ਨੇ ਇਕੋ ਬੁਰਕੀ ਖਾਧੀ, ਤੇ ਓਹਨੂੰ ਬਹੁਤ ਹੀ ਸਵਾਦ ਲੱਗਿਆ।ਨਾਜ਼ੀਆ ਕੋਲ 3 ਪਰਾਂਠੇ ਸੀ, ਜਿਨਾ ਵਿਚੋਂ 2 ਤਾਂ ਪ੍ਰਭ ਹੀ ਖਾ ਗਈ ਤੇ ਨਾਲ ਚਾਹ ਵੀ ਬਿਨਾ ਸੋਚੇ ਪੀ ਗਈ।ਨਾਜ਼ੀਆ ਵੀ ਅੰਦਰੋ ਹੈਰਾਨ ਸੀ ਕਿ ਅੱਗੇ ਕਦੇ ਇਸ ਨੇ ਮੇਰੇ ਘਰਦਾ ਖਾਣਾ ਨਹੀਂ ਖਾਧਾ ਅੱਜ ਕਿੰਨੇ ਸਵਾਦ ਨਾਲ ਖਾ ਗਈ ਅਤੇ ਪ੍ਰਭ ਨੇ ਮਾਮੀ ਜੀ ਦੇ ਹੱਥ ਦੇ ਸਵਾਦ ਦੀ ਬਹੁਤ ਤਰੀਫ ਕੀਤੀ।ਹੁਣ ਇਹ ਰੋਜ਼ ਦਾ ਹੀ ਕੰਮ ਹੋ ਗਿਆ ਸੀ ਨਾਜ਼ੀਆ ਹਰ ਰੋਜ਼ ਹੀ ਕੁਝ ਨਾ ਕੁਝ ਘਰੋਂ ਬਣਵਾ ਕੇ ਲੈਕੇ ਜਾਂਦੀ ਸੀ।ਹੁਣ ਪ੍ਰਭ ਨੂੰ ਵੀ ਨਾਜ਼ੀਆ ਦੇ ਘਰ ਦੇ ਖਾਣੇ ਅਤੇ ਚਾਹ ਦੀ ਆਦਤ ਪੈ ਗਈ ਸੀ।ਪ੍ਰਭ ਹਮੇਸ਼ਾ ਕੇਹੰਦੀ ਸੀ

ਕੇ ਤੂੰ ਮੈਨੂੰ ਚਾਹ ਦੀ ਅਮਲੀ ਬਣਾ ਦਿੱਤਾ।ਹੁਣ ਪ੍ਰਭ ਅਕਸਰ ਨਾਜ਼ੀਆ ਦੇ ਨਾਲ ਉਸਦੇ ਮਾਮਾ ਜੀ ਦੇ ਘਰ ਵੀ ਆ ਜਾਂਦੀ ਸੀ।ਮਾਮੀ ਜੀ ਵੀ ਬਹੁਤ ਵਧੀਆ ਸੁਭਾਅ ਦੇ ਸਨ ਕਦੇ ਵੀ ਪ੍ਰਭ ਨੂੰ ਮੱਥੇ ਵੱਟ ਨਹੀਂ ਪਾਉਂਦੇ ਸਨ,ਸਗੋਂ ਖੁਦ ਖਾਣੇ ਬਣਾ ਕੇ ਦਿੰਦੇ ਸਨ, ਓਹਨਾ ਦੀਆਂ ਫਰਮਾਇਸ਼ਾਂ ਪੂਰੀਆਂ ਕਰਦੇ ਸਨ।ਬਹੁਤ ਸੋਹਣਾ ਸਮਾਂ ਗੁਜ਼ਰ ਰਿਹਾ ਸੀ।

ਦੋਨਾਂ ਨੂੰ ਇਕਠੇ 3 ਮਹੀਨੇ ਗੁਜ਼ਰ ਗਏ ਸੀ।ਹੁਣ ਕਾਲਜ ਵਿਚ ਸਤੰਬਰ ਟੈਸਟ ਦੀ ਤਿਆਰੀ ਚਲ ਰਹੀ ਸੀ।ਨਾਜ਼ੀਆ ਨੇ ਵੀ ਪੜ੍ਹਨ ਲਈ ਦਿਨ ਰਾਤ ਇੱਕ ਕੀਤਾ ਹੋਇਆ ਸੀ।ਓਹ ਇਕ ਮਿੰਟ ਵੀ ਖਰਾਬ ਨਹੀਂ ਕਰਦੀ ਸੀ।ਟਿਉਸ਼ਨ ਤੇ ਵੀ ਹੁਣ ਜਿਆਦਾ ਸਮਾਂ ਲਗਾਉਣ ਲੱਗ ਗਏ ਸੀ।ਕਿਉਂਕਿ ਨਾਜ਼ੀਆ ਨੂੰ ਆਉਣ ਜਾਣ ਦੀ ਕੋਈ ਫ਼ਿਕਰ ਨਹੀਂ ਸੀ।ਪ੍ਰਭ ਉਸਨੂੰ ਸਕੂਟਰੀ ਤੇ ਘਰ ਛੱਡ ਜਾਂਦੀ ਸੀ।

ਇਕ ਦਿਨ ਓਹ ਟਿਉਸ਼ਨ ਤੇ ਦੋਵੇਂ ਇੱਕਠਿਆ ਬੈਠੀਆਂ ਸੀ। ਗੁਰਪ੍ਰੀਤ ਨੇ ਗੱਲ ਕਰਨ ਦੇ ਬਹਾਨੇ ਨਾਲ ਕੋਈ ਨੁਮੇਰਿਕਲ ਸਮਝਣ ਲਈ ਪ੍ਰਭ ਨੂੰ ਬੁਲਾ ਲਿਆ,ਪ੍ਰਭ ਸਭ ਸਮਝਦੀ ਸੀ।ਇਕ ਬਾਰ ਤਾਂ ਪ੍ਰਭ ਨੇ ਗੁਰਪ੍ਰੀਤ ਨੂੰ ਸਮਝਾ ਦਿੱਤਾ ਅਤੇ ਉਸਦੀਆਂ ਅੱਖਾਂ ਵੀ ਪੜ ਲਈਆਂ।ਹੁਣ ਗੁਰਪ੍ਰੀਤ ਤਾਂ ਕਿਸੀ ਤਰਾਂ ਨਾਜ਼ੀਆ ਦੇ ਨਜ਼ਦੀਕ ਆਉਣਾ ਚਾਹੁੰਦਾ ਸੀ ਸੋ ਉਸਨੂੰ ਇਹ ਇਕ ਬਹੁਤ ਸੋਹਣਾ ਬਹਾਨਾ ਮਿਲ ਗਿਆ ਸੀ ਕਿ ਸਵਾਲਾਂ ਤੇ ਡਿਸਕਸ ਕਰਨਾ ਯਾ ਕੁਝ ਸਮਝਣਾ।ਪਹਿਲਾਂ ਤਾਂ 2-3 ਦਫ਼ਾ ਪ੍ਰਭ ਨੇ ਸਮਝਾ ਕੇ ਹੈਂਡਲ ਕਰ ਲਿਆ।ਹੁਣ ਜਦੋਂ ਵੀ ਗੁਰਪ੍ਰੀਤ ਕੁਝ ਪੁੱਛਣ ਲਈ ਆਉਂਦਾ ਸੀ ਤਾਂ ਓਹ ਕਹਿ ਦਿੰਦੀ ਸੀ ਕੇ ਮੈਂ ਬੀਜ਼ੀ ਹਾਂ ਨਾਜ਼ੀਆ ਤੋਂ ਸਮਝਲਾ।ਨਾਜ਼ੀਆ ਹਜੇ ਵੀ ਬੇਖ਼ਬਰ ਸੀ ਓਹ ਬਸ ਜਲਦੀ ਜਲਦੀ ਸਮਝਾ ਕੇ ਵੇਹਲੀ ਹੋ ਜਾਂਦੀ ਸੀ।ਹੁਣ ਗੁਰਪ੍ਰੀਤ ਨੇ ਰੋਜ਼ ਹੀ ਨਾਜ਼ੀਆ ਅਤੇ ਪ੍ਰਭ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ ਹੈਲੋ ਹਾਏ ਤੋਂ ਸ਼ੁਰੂ ਹੋਕੇ ਉਸਨੇ ਪਹਿਲਾਂ ਪ੍ਰਭ ਨਾਲ ਦੋਸਤੀ ਬਣਾਈ।ਹੁਣ ਥੋੜਾ ਥੋੜਾ ਨਾਜ਼ੀਆ ਨੂੰ ਵੀ ਮਹਿਸੂਸ ਹੋਣ ਲੱਗ ਗਿਆ ਸੀ ਕੇ ਇਹ ਲੜਕਾ ਮੈਨੂੰ ਫਾਲੋ ਕਰਦਾ ਪਿਆ ਆ।ਹੁਣ ਪ੍ਰਭ ਤਾਂ ਗੁਰਪ੍ਰੀਤ ਨੂੰ ਖੁਸ਼ ਹੋਕੇ ਬੁਲਾ ਲੈਂਦੀ ਸੀ ਪਰ ਨਾਜ਼ੀਆ ਨਹੀਂ ਬੁਲਾਉਣਾ ਚਾਹੁੰਦੀ ਸੀ।ਓਹ ਚਾਹੁੰਦੀ ਹੀ ਨਹੀਂ ਸੀ ਕੇ ਕੋਈ ਲੜਕਾ ਉਸਦੇ ਕਰੀਬ ਹੋਏ। ਓਹ ਬਸ ਆਪਣੀ ਪੜ੍ਹਾਈ ਤੇ ਹੀ ਫੋਕਸ ਕਰਨਾ ਚਾਹੁੰਦੀ ਸੀ।ਓਹਨੂੰ ਸਭ ਪਤਾ ਚਲ ਗਿਆ ਸੀ ਪਰ ਉਸਨੇ ਹਮੇਸ਼ਾ ਇਹੀ ਅਹਿਸਾਸ ਕਰਵਾਇਆ ਕੇ ਓਹ ਗੁਰਪ੍ਰੀਤ ਦੀਆਂ ਸਭ ਗੱਲਾਂ ਤੋਂ

ਅਨਜਾਣ ਹੈ। ਇਕ ਵਾਰ ਪ੍ਰਭ ਨੇ ਵੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਕਹਿ ਦਿੱਤਾ ਕਿ ਪ੍ਰਭ ਜਦ ਤੂੰ ਮੇਰੀ ਜ਼ਿੰਦਗੀ ਚ ਹੈਗੀ ਐਂ ਤਾਂ ਮੈਨੂੰ ਕਿਸੇ ਮੁੰਡੇ ਦੇ ਸਾਥ ਦੀ ਕੀ ਲੋੜ ਆ ਸੋ ਪ੍ਰਭ ਨੇ ਦਵਾਰਾ ਕਦੇ ਗੱਲ ਹੀ ਨਹੀਂ ਕੀਤੀ।

10ਸਤੰਬਰ ਤੋਂ ਪੇਪਰ ਸ਼ੁਰੂ ਹੋਣ ਵਾਲੇ ਸੀ ਤੇ ਹੁਣ ਪੜਾਈ ਲਈ ਟਾਇਮ ਵੀ ਘਟ ਹੀ ਸੀ। ਨਾਜ਼ੀਆ ਇਕ ਪਲ ਵੀ ਗਵਾਉਣਾ ਨਹੀਂ ਚਾਹੁੰਦੀ ਸੀ।ਓਹ ਹਰ ਵਕਤ ਪੜਦੀ ਹੀ ਰਹਿੰਦੀ ਸੀ ਇਕ ਗੱਲ ਹੋਰ ਸੀ ਕਦੇ ਵੀ ਉਸਦੇ ਮੂੰਹੋਂ ਪੜਾਈ ਤੋਂ ਇਲਾਵਾ ਕੋਈ ਦੂਜੀ ਗੱਲ ਨਹੀਂ ਸੁਣਨ ਨੂੰ ਮਿਲਦੀ ਸੀ।

ਪੇਪਰਾਂ ਦਾ ਦਿਨ ਆ ਗਿਆ ਪਹਿਲਾ ਪੇਪਰ ਮੈਥ ਦਾ ਸੀ ਸਾਰੇ ਬੱਚਿਆਂ ਨੂੰ ਬਹੁਤ ਹੀ ਟੈਂਸ਼ਨ ਸੀ ਪਰ ਨਾਜ਼ੀਆ ਬਿਲਕੁਲ ਬੇਫ਼ਿਕਰ ਸੀ। ਓਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ 4:30 ਉਠੀ ਉੱਠ ਕੇ ਫ਼ਜ਼ਰ ਦੀ ਨਮਾਜ਼ ਅਦਾ ਕੀਤੀ ਆਪਣੇ ਲਈ ਚਾਹ ਦਾ ਕੱਪ ਬਣਾ ਕੇ ਚਾਹ ਪੀਕੇ ਸਿਲੇਬਸ ਦੁਹਰਾਉਣ ਲਈ ਬੈਠ ਗਈ।ਓਹ ਬਸ ਨੋਟਸ ਨੂੰ ਅੱਖਾਂ ਅੱਗੇ ਘੁਮਾ ਰਹੀ ਸੀ।9 ਵਜੇ ਪੇਪਰ ਸਟਾਰਟ ਹੋਣਾ ਸੀ ਪ੍ਰਭ ਵੀ ਪੜ੍ਹਨ ਲਈ ਨਾਜ਼ੀਆ ਕੋਲ 7:15 ਤੇ ਪੁੱਜ ਗਈ ਸੀ ਮਾਮੀ ਜੀਂ ਨੇ ਉਸ ਦਿਨ ਸ਼ਾਹੀ ਪਨੀਰ ਨਾਲ ਲੱਛੇ ਵਾਲੇ ਪਰੌਂਠੇ ਬਣਾਏ ਸਨ।ਪ੍ਰਭ ਨੇ ਜਦੋਂ ਪਨੀਰ ਦੀ ਸਬਜੀ ਨਾਲ ਲੱਛੇ ਵਾਲੇ ਪਰਾਂਠੇ ਖਾਧੇ ਓਹ ਤਾਂ ਸਵਾਦ ਸਵਾਦ ਵਿਚ 4 ਪਰੌਂਠੇ ਖਾ ਗਈ।ਮਾਮੀ ਜੀ ਨੇ ਨਾਲ ਗੁੜ ਵਾਲੀ ਚਾਹ ਬਣਾਈ ਹੋਈ ਸੀ। ਪ੍ਰਭ ਨਾਸ਼ਤਾ ਕਰਕੇ ਬਹੁਤ ਹੀ ਖੁਸ਼ ਹੋਈ। ਫੇਰ ਦੋਵੇਂ ਜਣੀਆ ਕਾਲਜ ਚਲੇ ਗਈਆਂ ਪੇਪਰ ਬਹੁਤ ਹੀ ਵਧੀਆ ਹੋਇਆ ਨਾਜ਼ੀਆ ਨੂੰ ਸਾਰਾ ਹੀ ਪੇਪਰ ਆਉਂਦਾ ਸੀ।ਇਥੋਂ ਤਕ ਨਾਜ਼ੀਆ ਨੇ ਪੂਰਾ question paper ਹੀ ਹੱਲ ਕਰ ਦਿੱਤਾ।ਓਹ ਬਹੁਤ ਹੀ ਖੁਸ਼ ਸੀ ਕੇ ਪਹਿਲਾ ਪੇਪਰ ਹੀ ਏਨਾ ਵਧੀਆ ਹੋ ਗਿਆ ਸੀ।ਓਹ ਕਲਾਸ ਦੇ ਬਾਹਰ ਬੈਠ ਕੇ ਪ੍ਰਭ ਦਾ ਇੰਤਜ਼ਾਰ ਕਰ ਰਹੀ ਸੀ।ਤਕਰੀਬਨ 15 ਮਿੰਟ ਬਾਅਦ ਪ੍ਰਭ ਬਾਹਰ ਆ ਗਈ।ਪ੍ਰਭ ਦਾ ਵੀ ਪੇਪਰ ਬਹੁਤ ਸੋਹਣਾ ਹੋਇਆ ਸੀ। ਬਾਅਦ ਚ ਦੋਵੇਂ ਵਾਪਸ ਘਰ ਨੂੰ ਚਲੇ ਗਈਆਂ।ਪ੍ਰਭ ਨੇ ਨਾਜ਼ੀਆ ਨੂੰ ਉਸਦੇ ਘਰ ਦੇ ਬਾਹਰ ਉਤਰ ਦਿੱਤਾ ਅਤੇ ਖੁਦ ਆਪਣੇ ਘਰ ਨੂੰ ਚਲੇ ਗਈ।

✿✿✿✿✿✿

## ਭਾਗ -4

ਅਗਲਾ ਪੇਪਰ ਕਮੈਸਟਰੀ ਦਾ ਸੀ, ਜਿਸ ਤੋਂ ਪਹਿਲਾ ਦੋ ਛੁੱਟੀਆਂ ਸਨ। ਪਰ ਟਿਊਸ਼ਨ ਤੋਂ ਕੋਈ ਛੁੱਟੀ ਨਹੀਂ ਸੀ।ਹਮੇਸ਼ਾ ਦੀ ਤਰਾਂ ਇਸ ਵਾਰ ਵੀ ਨਾਜ਼ੀਆ ਦੀ ਫੁੱਲ ਤਿਆਰੀ ਸੀ। ਉਸਦਾ ਮੰਨ ਪਿੰਡ ਜਾਣ ਲਈ ਕਰਦਾ ਸੀ। ਪਰ ਓਹ ਜਾ ਨਾ ਸਕੀ ।ਓਸੇ ਸ਼ਾਮ ਉਸਦੇ ਅੱਬੂ ਅੰਮੀ ਬਿਨਾ ਦੱਸੇ ਖੁਦ ਉਸਨੂੰ ਮਿਲਣ ਲਈ ਆ ਗਏ।ਰਸਤੇ ਵਿੱਚੋ ਆਉਂਦੇ ਹੋਏ ਗੁਰਾਇਆਂ ਤੋਂ ਬਿਰਜੂ ਦੀ ਹੱਟੀ ਤੋਂ ਸਪੈਸ਼ਲ ਬਰਫੀ ਅਤੇ ਕਿਟਕੈਟ ਚਾਕਲੇਟ ਵੀ ਲੈਕੇ ਆਏ। ਜੌਂ ਕਿ ਨਾਜ਼ੀਆ ਦੀ ਸਭ ਤੋਂ ਫੇਵਰਟ ਸੀ। ਅੱਜ ਨਾਜ਼ੋ ਬਹੁਤ ਹੀ ਖੁਸ਼ ਸੀ ਅੰਮੀ ਅੱਬੂ ਨੂੰ ਦੇਖ ਕੇ,ਅਗਲੀ ਸਵੇਰ ਪ੍ਰਭ ਵੀ ਸਵੇਰੇ ਹੀ ਨਾਜ਼ੀਆ ਦੇ ਕੋਲ ਆ ਗਈ ਪ੍ਰਭ ਬਾਰੇ ਅਕਸਰ ਹੀ ਨਾਜ਼ੀਆ ਆਪਣੇ ਅੰਮੀ ਅੱਬੂ ਨੂੰ ਦੱਸੋ ਰਹਿੰਦੀ ਸੀ।ਉਸਦੇ ਅੰਮੀ ਪ੍ਰਭ ਨੂੰ ਮਿਲ ਕੇ ਬਹੁਤ ਹੀ ਖੁਸ਼ ਹੋਏ ਅਤੇ ਕਿਹਾ ਕਿ ਬੇਟਾ ਸਾਨੂੰ ਤੇਰੇ ਨਾਲ ਹੋਣ ਕਰਕੇ ਸਾਨੂੰ ਹੁਣ ਨਾਜ਼ੀਆ ਵਲੋਂ ਜਿਆਦਾ ਫ਼ਿਕਰ ਨਹੀਂ ਰਹਿੰਦਾ।ਪ੍ਰਭ ਨੇ ਵੀ ਭਰੋਸਾ ਦਵਾਇਆ ਕੇ ਕਿ ਆਂਟੀ ਤੁਸੀ ਬਿਲਕੁਲ ਵੀ ਫ਼ਿਕਰ ਨਾ ਕਰਿਆ ਕਰੋ ਨਾਜ਼ੀਆ ਮੇਰੀ ਛੋਟੀ ਭੈਣ ਆ। ਪ੍ਰਭ ਨੂੰ ਹੁਣ ਨਾਜ਼ੀਆ ਦੇ ਘਰ ਜਾਣਾ ਬਿਲਕੁਲ ਵੀ ਬੇਗਾਨਾ ਨਹੀਂ ਲਗਦਾ ਸੀ।ਜੌ ਵੀ ਉਸਦੇ ਦਿਲ ਵਿਚ ਮੁਸਲਿਮ ਲੋਕਾਂ ਬਾਰੇ ਭੁਲੇਖੇ ਸੀ ਸਭ ਨਿਕਲ ਚੁੱਕੇ ਸਨ।ਤਦ ਤੱਕ ਨਾਜ਼ੀਆ ਦੇ ਮਾਮੀ ਜੀ ਨਾਸ਼ਤਾ ਬਣਾ ਕੇ ਲੈ ਆਏ। ਸਾਰਿਆਂ ਨੇ ਰਲ ਕੇ ਨਾਸ਼ਤਾ ਕੀਤਾ।ਫੇਰ ਨਾਜ਼ੀਆ ਅਤੇ  ਪ੍ਰਭ ਟਿਊਸ਼ਨ ਚਲੇ ਗਈਆਂ 1ਵਜੇ ਟਿਊਸ਼ਨ ਖਤਮ ਕਰਕੇ ਵਾਪਸ 1:30 ਵਜੇ ਤੱਕ ਘਰ ਆ ਗਈਆਂ। ਪ੍ਰਭ ਨਾਜ਼ੀਆ ਨੂੰ ਘਰ ਛੱਡ ਕੇ ਵਾਪਸ ਚਲੇ ਗਈ।

ਇਕ ਇਕ ਕਰਕੇ ਸਾਰੇ ਹੀ ਪੇਪਰ ਹੋ ਗਏ।ਇੱਕ ਹਫ਼ਤੇ ਬਾਅਦ ਪੇਪਰਾਂ ਦਾ ਨਤੀਜਾ ਵੀ ਆ ਗਿਆ। ਇਸ ਵਾਰ ਨਾਜ਼ੀਆ ਨੇ ਪੂਰੀ ਕਲਾਸ ਵਿਚੋਂ ਸਭ ਤੋਂ ਜਿਆਦਾ ਨੰਬਰ ਲਏ।ਹੁਣ ਟੀਚਰ ਕਹਿਣ ਲੱਗ ਗਏ ਸੀ ਕੇ ਅਸੀਂ ਨਾਜ਼ੀਆ ਨੂੰ  ਕਲਾਸ ਦੀ"ਸੀ ਆਰ" ਬਣਾਉਣਾ ਪਰ ਪਹਿਲਾਂ ਕਲਾਸ ਦੀ ਸੀ ਆਰ ਪ੍ਰਭ ਸੀ ਸੋ ਇਹ ਗੱਲ ਨਾਜ਼ੀਆ ਨੂੰ ਵਧੀਆ ਨਹੀਂ ਲੱਗੀ ਉਸਨੇ ਮਨਾ ਕਰ ਦਿੱਤਾ। ਕਲਾਸ ਦੀ ਸੀ ਆਰ ਪ੍ਰਭ ਹੀ ਰਹੀ। ਇਸ ਗੱਲ ਨੇ ਪ੍ਰਭ ਦਾ ਦਿਲ

ਹੀ ਜਿੱਤ ਲਿਆ ਪ੍ਰਭ ਦੇ ਦਿਲ ਵਿਚ ਨਾਜ਼ੀਆ ਲਈ ਹੋਰ ਵੀ ਇੱਜਤ ਬਣ ਗਈ। ਗੁਰਪ੍ਰੀਤ ਵੀ ਦਿਲ ਵਿੱਚ ਹੀ ਪਿਆਰ ਲੈਕੇ ਬੈਠਾ ਸੀ। ਉਸਨੇ ਕਿਸੀ ਅੱਗੇ ਵੀ ਨਾਜ਼ੀਆ ਦਾ ਜ਼ਿਕਰ ਨਹੀਂ ਕੀਤਾ ਸੀ।ਸਿਰਫ ਪ੍ਰਭ ਹੀ ਜਾਣਦੀ ਸੀ,ਕਿ ਗੁਰਪ੍ਰੀਤ ਨਾਜ਼ੀਆ ਨੂੰ ਪਸੰਦ ਕਰਦਾ ਹੈ। ਏਦਾਂ ਹੀ ਕਰਦੇ ਕਰਦੇ ਦਸੰਬਰ ਮਹੀਨਾ ਆ ਗਿਆ ਦਸੰਬਰ ਦੇ ਪੇਪਰ ਵੀ ਬਹੁਤ ਵਧੀਆ ਹੋਏ।ਹੁਣ ਠੰਡ ਵੀ ਹੋਗੀ ਸੀ ਅਕਸਰ ਪ੍ਰਭ ਤੇ ਨਾਜ਼ੀਆ ਰੱਖ ਬਾਗ਼ ਵਿਚ ਧੁੱਪ ਸੇਕਣ ਅਤੇ ਚਾਹ ਪੀਣ ਲਈ ਬੈਠ ਜਾਂਦੀਆਂ ਸੀ।ਹੁਣ ਪੇਪਰਾਂ ਤੋਂ ਬਾਅਦ ਕ੍ਰਿਸਮਿਸ ਦੀਆਂ ਛੁੱਟੀਆਂ ਸੀ।ਟਿਉਸ਼ਨ ਤੋਂ ਵੀ ਛੁੱਟੀਆਂ ਸੀ।ਨਾਜ਼ੀਆ ਬਹੁਤ ਖੁਸ਼ ਸੀ ਕਿਉਕਿ ਉਸਨੇ ਘਰ ਜਾਣਾ ਸੀ।ਕਾਲਜ ਖਤਮ ਹੁੰਦੇ ਹੀ ਓਸੇ ਸ਼ਾਮ ਨੂੰ ਨਾਜ਼ੀਆ ਘਰ ਪਿੰਡ ਆਪਣੇ ਘਰ ਚਲੇ ਗਈ।ਉਸਦੇ ਅੰਮੀ ਅੱਬੂ ਨੇ ਬਹੁਤ ਹੀ ਚਾਅ ਕੀਤਾ ਨਾਜ਼ੀਆ ਦੇ ਆਉਣ ਤੇ ਉਸਦੇ ਮਨਪਸੰਦ ਖਾਣੇ ਬਣਾਏ ਗਏ।ਜਿੰਨੀ ਦੇਰ ਨਾਜ਼ੀਆ ਘਰ ਰਹੀ ਉਸਦੇ ਦਾਦੀ ਜੀ ਵੀ ਉਸਦੇ ਨਾਲ ਹੀ ਰਹੇ।ਏਥੇ ਰਹਿ ਕੇ ਨਾਜ਼ੀਆ ਪ੍ਰਭ ਨੂੰ ਬਹੁਤ ਮਿਸ ਕਰ ਰਹੀ ਸੀ।ਫੋਨ ਤੇ ਹੀ ਗਲ ਹੁੰਦੀ ਸੀ।ਇਕ ਇਕ ਕਰਕੇ ਛੁੱਟੀਆਂ ਵੀ ਗੁਜ਼ਰ ਗਈਆਂ।ਦਵਾਰਾ ਤੋਂ ਕਲਾਸਾਂ ਸਟਾਰਟ ਹੋ ਗਈਆਂ।ਹੁਣ ਮਾਰਚ ਮਹੀਨੇ ਆਖ਼ਿਰੀ ਪੇਪਰ ਹੋਣੇ ਸੀ। ਸਾਰੇ ਬਹੁਤ ਮੇਹਨਤ ਨਾਲ ਤਿਆਰੀ ਕਰ ਰਹੇ ਸੀ। 3ਫਰਵਰੀ ਨੂੰ ਨਾਜ਼ੀਆ ਦਾ ਜਨਮ ਦਿਨ ਸੀ ਪ੍ਰਭ ਨੇ ਉਸਨੂੰ ਪਹਿਲਾਂ ਹੀ ਕਿਹਾ ਹੋਇਆ ਸੀ ਪਾਰਟੀ ਦਾ, ਜਨਮ ਦਿਨ ਵਾਲੇ ਦਿਨ ਕਾਲਜ ਤੋਂ ਬਾਅਦ  ਦੋਵੇਂ ਲੁਧਿਆਣੇ ਸਾਊਥ ਸਿਟੀ ਘੁੰਮਣ ਚਲੇ ਗਈਆਂ। ਬਾਅਦ ਵਿਚ SRS ਮਾਲ ਵਿਚ ਫਿਲਮ ਦੇਖੀ ਅਤੇ ਸ਼ਾਮ ਨੂੰ ਵਾਪਸ ਆ ਗਈਆਂ।ਘਰ ਉਸਦੇ ਅੰਮੀ ਅੱਬੂ ਉਸਦੇ ਆਉਣ ਤੋਂ ਪਹਿਲਾ ਹੀ ਆ ਕੇ ਬੈਠੇ ਸਨ।ਉਸਦੇ ਮਨਪਸੰਦ ਦਾ ਕੇਕ ਬਣਾਇਆ ਹੋਇਆ ਸੀ।ਮਨਪਸੰਦ ਖਾਣੇ ਬਣਾਏ ਹੋਏ ਸੀ। ਪ੍ਰਭ ਨੇ ਵੀ ਓਥੇ ਹੀ ਡਿਨਰ ਕੀਤਾ ਅਤੇ ਰਾਤ ਓਥੇ ਹੀ ਰੁਕ ਗਈ।ਨਾਜ਼ੀਆ ਦੇ ਅੱਬੂ ਨੇ ਨਾਜ਼ੀਆ ਨੂੰ IPHONE ਗਿਫ਼ਟ ਵਜੋਂ ਦਿੱਤਾਅਤੇ ਪ੍ਰਭ ਨੇ ਉਸਨੂੰ ਇੱਕ ਬਹੁਤ ਸੋਹਣੀ ਡਰੈੱਸ ਗਿਫ਼ਟ ਕੀਤੀ ਨਾਜ਼ੀਆ ਤਾਂ ਸਮਝੋ ਸਤਵੇਂ ਆਸਮਾਨ ਤੇ ਸੀ।ਏਨੀ ਖੁਸ਼ੀ ਪਹਿਲਾ ਕਦੇ ਨਹੀਂ ਹੋਈ ਸੀ। ਅਗਲੇ ਦਿਨ ਕਾਲਜ ਗਏ ਦਿਨ ਵਧੀਆ ਗੁਜ਼ਰ ਗਿਆ।ਸ਼ਾਮ ਨੂੰ ਟਿਉਸ਼ਨ ਤੇ ਗੁਰਪ੍ਰੀਤ ਅੱਜ ਪਹਿਲਾਂ ਹੀ ਆ ਕੇ ਬੈਠਾ ਸੀ।ਉਸਨੂੰ ਨਾਜ਼ੀਆ ਦੇ ਜਨਮ ਦਿਨ ਦਾ ਪ੍ਰਭ ਤੋਂ ਪਤਾ ਲੱਗਾ ਸੀ।ਓਹ ਨਾਜ਼ੀਆ ਲਈ ਇਕ ਕਿਤਾਬ

"ਰਾਣੀ ਤੱਤ" ਗਿਫ਼ਟ ਵਜੋਂ ਦੇਣ ਲਈ ਲੈਕੇ ਆਇਆ ਸੀ।ਪ੍ਰਭ ਨੂੰ ਨਾ ਚਾਹੁੰਦੇ ਹੋਏ ਵੀ ਓਹ ਕਿਤਾਬ ਲੈਣੀ ਪਈ।

ਨਾਜ਼ੀਆ ਗੁਰਪ੍ਰੀਤ ਨੂੰ ਹੁਣ ਬੁਲਾ ਲੈਂਦੀ ਸੀ।ਹੌਲੀ ਹੌਲੀ ਦੋਨਾਂ ਵਿਚ ਦੋਸਤੀ ਹੋ ਗਈ।ਓਹਨਾ ਦਿਨਾਂ ਵਿਚ ਠੰਡ ਵੀ ਕਾਫੀ ਹੋ ਗਈ ਸੀ। ਓਹਨਾ ਦਿਨਾਂ ਵਿਚ ਵੇਹਲੇ ਟਾਇਮ ਜਿਆਦਾਤਰ ਸਟੂਡੈਂਟ ਰੱਖ ਬਾਗ਼ ਬੈਠ ਜਾਂਦੇ ਸੀ। ਗੁਰਪ੍ਰੀਤ ਵੀ ਟਿਉਸ਼ਨ ਤੇ ਅਕਸਰ ਉਸਨੂੰ ਦੂਰੋ ਬੈਠਾ ਦੇਖਦਾ ਰਹਿੰਦਾ ਸੀ ।ਓਹ ਦਿਲ ਵਿਚ ਨਾਜ਼ੀਆ ਲਈ ਬਹੁਤ ਪਿਆਰ ਲੈਕੇ ਬੈਠਾ ਸੀ ਨਾਜ਼ੀਆ ਵੀ ਹੌਲੀ ਹੋਲੀ ਸਭ ਸਮਝ ਰਹੀ ਸੀ। ਪਰ ਓਹ ਕਿਸੀ ਲੜਕੇ ਨੂੰ ਆਪਣੇ ਕਲੋਜ਼ ਨਹੀਂ ਕਰਨਾ ਚਾਹੁੰਦੀ ਸੀ।ਦੂਸਰਾ ਓਹ ਗੁਰਪ੍ਰੀਤ ਬਾਰੇ ਚਾਹ ਕੇ ਵੀ ਸੋਚ ਨਹੀਂ ਸਕਦੀ ਸੀ,ਕਿਉਕਿ ਓਹਨਾ ਦੇ ਮਾਪਿਆਂ ਨੇ ਕਦੇ ਵੀ ਇਜ਼ਾਜਤ ਨਹੀਂ ਦੇਣੀ ਸੀ। ਇਹ ਗੱਲ ਨਾਜ਼ੀਆ ਨੂੰ ਬਹੁਤ ਚੰਗੀ ਤਰਾਂ ਪਤਾ ਸੀ।ਪਰ ਫੇਰ ਵੀ ਕਿਤੇ ਨਾ ਕਿਤੇ ਓਹ ਗੁਰਪ੍ਰੀਤ ਬਾਰੇ ਸੋਚਣ ਲੱਗ ਪਈ ਸੀ ।ਕਿਉਂਕਿ 9 ਮਹੀਨੇ ਹੋਗੇ ਸੀ ਨਾਜ਼ੀਆ ਨੇ ਕਦੇ ਵੀ ਗੁਰਪ੍ਰੀਤ ਨੂੰ ਬਾਕੀ ਮੁੰਡਿਆ ਵਾਂਗ ਫੋਨ ਤੇ ਲੱਗਾ ਨਹੀਂ ਦੇਖਿਆ ਸੀ ਅਤੇ ਨਾ ਹੀ ਗੁਰਪ੍ਰੀਤ ਨੇ ਕਦੇ ਕਿਸੀ ਨਾਲ ਨਾਜ਼ੀਆ ਬਾਰੇ ਕੋਈ ਗੱਲ ਕਰੀ ਸੀ। ਓਹ ਬਾਕੀ ਮੁੰਡਿਆ ਤੋਂ ਬਹੁਤ ਅਲੱਗ ਸੀ। ਗੁਰਪ੍ਰੀਤ ਹਮੇਸ਼ਾ ਹੀ ਕੁਝ ਨਾ ਕੁਝ ਲਿਖਦਾ ਰਹਿੰਦਾ ਸੀ। ਜਿਵੇਂ ਨਾਜ਼ੀਆ ਕੁਝ ਨਾ ਕੁਝ ਪੜ ਦੀ ਰਹਿੰਦੀ ਸੀ। ਇਸੇ ਤਰਾਂ ਗੁਰਪਰੀਤ ਕੁਝ ਨਾ ਕੁਝ ਲਿਖਦਾ ਰਹਿੰਦਾ ਸੀ।ਨਾਜ਼ੀਆ ਦਿਲ ਵਿਚ ਹੀ ਸੋਚਦੀ ਰਹਿੰਦੀ ਸੀ ਕੇ ਇਹ ਬੰਦਾ ਕੀ ਲਿਖਦਾ ਰਹਿੰਦਾ ਹੋਵੇਗਾ। ਇਕ ਦਿਨ ਟਿਉਸ਼ਨ ਤੇ ਮੈਥ ਦਾ ਟੈਸਟ ਸੀ ਟੈਸਟ ਹੋਣ ਤੋਂ ਬਾਅਦ ਸਰ ਨੇ ਕਿਹਾ ਕਿ ਨੋਟ ਬੁੱਕਸ ਆਪਸ ਚ ਐਕਸਚੇਂਜ ਕਰਕੇ ਇਕ ਦੂਜੇ ਦਾ ਸਹੀ ਗਲਤ ਚੈੱਕ ਕਰੋ ਤਾਂ ਕੁਦਰਤੀ ਗੁਰਪ੍ਰੀਤ ਦੀ ਨੋਟਬੁੱਕ ਨਾਜ਼ੀਆ ਕੋਲ ਆ ਗਈ ਅਤੇ ਨਾਜ਼ੀਆ ਦੀ ਨੋਟਬੁੱਕ ਗੁਰਪ੍ਰੀਤ ਕੋਲ ਚਲੇ ਗਈ,ਨਾਜ਼ੀਆ ਨੇ ਸਵਾਲ ਦੇਖੇ ਬਿਲਕੁਲ ਸਹੀ ਸੀ ਇਕ ਵੀ ਮਿਸਟੇਕ ਨਹੀਂ ਸੀ।ਉਸਨੇ ਸੋਚਿਆ ਮੁੰਡਾ ਤਾਂ ਹੁਸ਼ਿਆਰ ਆ।ਏਨੇ ਵਿਚ ਗੁਰਪ੍ਰੀਤ ਨੂੰ ਉਸਦੇ ਘਰੋਂ ਫੋਨ ਆ ਗਿਆ ਓਹ ਫੋਨ ਸੁਣਨ ਲਈ ਬਾਹਰ ਚਲਾ ਗਿਆ।ਏਨੇ ਵਿਚ ਨਾਜ਼ੀਆ ਦੇ ਦਿਲ ਵਿਚ ਆਇਆ ਕੇ ਵੇਖਾ ਜ਼ਰਾ ਕੀ ਲਿਖਦਾ ਰਹਿੰਦਾ।ਓਹ ਪੰਨੇ ਬਦਲ ਬਦਲ ਕੇ ਦੇਖ ਰਹੀ ਸੀ ਤਾਂ ਉਸਨੂੰ ਆਖਰੀ ਪੰਨੇ ਤੇ ਇਕ ਕਵਿਤਾ ਮਿਲੀ ਉਸ ਕਵਿਤਾ ਦੀਆਂ ਸਤਰਾਂ ਇਸ ਤਰਾਂ ਸਨ।

**ਓਹਦਾ ਰੰਗ ਸਾਵਲਾ ਕਣਕ ਜਿਹਾ,**

**ਅੱਖਾਂ  ਨੇ ਬਿੱਲੀਆਂ।।**

**ਓਹਨੂੰ ਦੇਖ ਪੱਥਰ ਪਾਣੀ ਹੋ ਗਏ,**

**ਕਲੀਆਂ ਨੇ ਖਿਲੀਆਂ।।**

**ਓਹਨੂੰ ਕਦੇ ਸ਼ਰਾਰਤਾ ਕਰਦੀ ਨੂੰ,**

**ਮੈਂ ਤੱਕਿਆ ਹੀ ਨਹੀਂ ।।**

**ਮੈਨੂੰ ਓਹਦੇ ਨਾਲ ਏ ਇਸ਼ਕ,**

**ਓਹਨੂੰ ਮੈਂ ਦੱਸਿਆ ਹੀ ਨਹੀਂ ।।**

**ਅੱਖਾਂ ਨਾ ਚੱਕਦੀ,**

**ਕੋਲ ਮੇਰੇ ਉਂਝ ਖੜੀ ਰਹਿੰਦੀ ਏ।।**

**ਉਹ ਬੋਲੇ ਨਾ ਕੁਝ,**

**ਬੱਸ ਵਿਚ ਕਿਤਾਬਾਂ, ਵੜੀ ਰਹਿੰਦੀ ਏ।।**

ਇਹ ਕਵਿਤਾ ਪੜ ਕੇ ਨਾਜ਼ੀਆ ਨੂੰ ਮਹਿਸੂਸ ਹੋਇਆ ਕਿ ਇਹ ਸਭ ਤਾਂ ਜਿਵੇਂ ਉਸ ਬਾਰੇ ਹੀ ਲਿਖਿਆ ਹੋਏ ।ਓਹਦੇ ਅੰਦਰ ਹੋਰ ਪੜ੍ਹਨ ਦੀ ਵੀ ਉਤਸੁਕਤਾ ਸੀ,ਨਾਲ ਹੀ ਹੈਰਾਨ ਵੀ ਸੀ ਕੇ ਕਿਵੇਂ ਕੋਈ ਲੜਕਾ ਏਨਾ ਸੋਹਣਾ ਕਿਵੇਂ ਲਿਖ ਸਕਦਾ।ਉਸਨੇ ਅੱਗੇ ਹੋ ਕਵਿਤਾ ਪੜ੍ਹਨ ਲਈ ਇਕ ਹੋਰ ਪੰਨਾ ਬਦਲਿਆ।

✿✿✿✿✿✿✿

# ਭਾਗ-5

ਜਿਵੇਂ ਹੀ ਅੱਗੇ ਪੜ੍ਹਨ ਲਈ ਓਹ ਪੰਨਾ ਬਦਲਣ ਲੱਗੀ ਤਾਂ ਗੁਰਪ੍ਰੀਤ ਅੰਦਰ ਆ ਗਿਆ,ਉਸਨੇ ਦਵਾਰਾ ਓਹੀ ਸਵਾਲਾਂ ਵਾਲਾ ਪੰਨਾ ਕੱਢ ਲਿਆ।ਜਦੋਂ ਸਰ ਨੇ ਸਭ ਨੂੰ ਪੁੱਛਿਆ ਕੇ ਹੋਗੇ ਸਭ ਦੇ ਟੈਸਟ ਚੈੱਕ ਤਾਂ ਸਭ ਨੇ ਕਿਹਾ ਹਾਂਜੀ ਹੋਗੇ।ਫੇਰ ਵਾਰੀ ਵਾਰੀ ਸਭ ਦਾ ਨਾਮ ਲੈਕੇ ਸਹੀ ਗਲਤ ਦਸਿਆ ਗਿਆ।ਹੁਣ ਨਾਜ਼ੀਆ ਨੇ ਗੁਰਪ੍ਰੀਤ ਵੱਲ ਚੋਰੀ ਚੋਰੀ ਵੇਖਣਾ ਸ਼ੁਰੂ ਕਰ ਦਿੱਤਾ ਸੀ।ਪ੍ਰਭ ਸਾਰਾ ਕੁਝ ਜਾਣ ਗਈ ਸੀ,ਉਸਨੂੰ ਪਤਾ ਚਲ ਗਿਆ ਸੀ ਕੇ ਨਾਜ਼ੀਆ ਵੀ ਗੁਰਪ੍ਰੀਤ ਨੂੰ ਪਸੰਦ ਕਰਨ ਲੱਗ ਗਈ ਆ।ਪਸੰਦ ਕਰਦੀ ਵੀ ਕਿਉਂ ਨਾ ਗੁਰਪ੍ਰੀਤ ਨੂੰ ਨਾ ਪਸੰਦ ਕਰਨ ਵਾਲੀ ਕੋਈ ਵਜ੍ਹਾ ਵੀ ਤਾਂ ਨਹੀਂ ਸੀ। ਪਰ ਫੇਰ ਵੀ ਨਾਜ਼ੀਆ ਨੇ ਆਪਣੇ ਜਜ਼ਬਾਤਾਂ ਉਪਰ ਕਾਬੂ ਰੱਖਿਆ ਕਦੇ ਵੀ ਗੁਰਪ੍ਰੀਤ ਨੂੰ ਮਹਿਸੂਸ ਨਹੀਂ ਹੋਣ ਦਿੱਤਾ ਸੀ ਕੇ ਉਹ ਵੀ ਉਸਨੂੰ ਲਾਇਕ ਕਰਦੀ ਆ।

5ਮਾਰਚ  ਨੂੰ ਪੇਪਰ ਸ਼ੁਰੂ ਹੋਣੇ ਸੀ,ਹੁਣ ਕਾਲਜ ਵਿਚ ਵੀ ਸਾਰਾ ਸਿਲੇਬਸ ਪੂਰਾ ਹੋ ਚੁੱਕਿਆ ਸੀ। ਕਾਲਜ ਵਾਲੇ ਬਸ ਦੁਹਰਾਈ ਹੀ ਕਰਵਾ ਰਹੇ ਸੀ,ਅਤੇ ਟਿਊਸ਼ਨ ਤੇ ਵੀ ਪੂਰੇ ਜ਼ੋਰ ਨਾਲ ਪੜ੍ਹਾਇਆ ਜਾ ਰਿਹਾ ਸੀ। ਹਰ ਰੋਜ਼ ਟੈਸਟ ਹੋ ਰਹੇ ਸੀ।25 ਫਰਵਰੀ ਨੂੰ ਕਾਲਜ ਵਾਲਿਆਂ ਨੇ ਸਭ ਨੂੰ ਫ੍ਰੀ ਕਰ ਦਿੱਤਾ ਕਿ ਹੁਣ ਘਰ ਬਹਿ ਕੇ ਤਿਆਰੀ ਕਰੋ ਤੇ ਹੁਣ ਸਿੱਧਾ ਪੇਪਰ ਪਾਉਣ ਹੀ ਕਾਲਜ ਜਾਣਾ ਸੀ।ਹੁਣ ਟਿਊਸ਼ਨ ਵਾਲੇ ਸਰ ਨੇ ਓਵਰ ਟਾਇਮ ਲਗਾਉਣਾ ਸ਼ੁਰੂ ਕਰ ਦਿੱਤਾ ਸੀ।ਜਿੱਥੇ ਨਾਜ਼ੀਆ ਦੁਪਹਿਰ ਨੂੰ ਟਿਊਸ਼ਨ ਜਾਂਦੀ ਸੀ। ਓਥੇ ਹੁਣ ਸੁਬਾਹ ਜਾਣਾ ਸ਼ੁਰੂ ਕਰ ਦਿੱਤਾ ਸੀ ਅਤੇ ਸ਼ਾਮ ਵਾਲੀ ਟਿਊਸ਼ਨ ਦਾ ਟਾਇਮ ਵੀ ਹੁਣ ਸ਼ਾਮੀ 4 ਵਜੇ ਕਰ ਲਿਆ ਸੀ।ਇਕ ਦਿਨ ਨਾਜ਼ੀਆ ਟਿਊਸ਼ਨ ਗਈ ਤਾਂ ਹਜੇ ਕੋਈ ਨਹੀਂ ਆਇਆ ਸੀ।ਓਹ ਇਕੱਲੀ ਬੈਠੀ ਫੋਨ ਚਲਾ ਰਹੀ ਸੀ। ਏਨੇ ਚ ਗੁਰਪ੍ਰੀਤ ਓਥੇ ਆ ਗਿਆ,ਗੁਰਪ੍ਰੀਤ ਨੇ ਅੱਜ ਨਾਜ਼ੀਆ ਨੂੰ ਹੈਲੋ ਦੀ ਜਗ੍ਹਾ "ਸਲਾਮ ਵਾਲ ਏਕੁਮ" ਕਿਹਾ ਅੱਗਿਓਂ ਨਾਜ਼ੀਆ ਨੇ ਹੈਰਾਨੀ ਨਾਲ ਦੇਖਿਆ ਚੇਹਰੇ ਤੇ ਖੁਸ਼ੀ ਨਾਲ "ਵਾਲ ਐਕੁਮ ਸਲਾਮ" ਬੋਲ ਕੇ ਜਵਾਬ ਦਿੱਤਾ।ਨਾਜ਼ੀਆ ਦੇ ਚੇਹਰੇ ਤੇ

ਇਕ ਅਲੱਗ ਹੀ ਖੁਸ਼ੀ ਆ ਗੁਈ।ਦੋਵਾਂ ਨੇ ਆਪਸ ਵਿੱਚ ਹਾਲ ਚਾਲ ਪੁੱਛਿਆ।ਤਦ ਤੱਕ ਹੋਰ ਵੀ ਸਟੂਡੈਂਟ ਆ ਗਏ।ਅੱਜ ਨਾਜ਼ੀਆ ਦਿਲ ਹੀ ਦਿਲ ਵਿਚ ਸੋਚ ਰਹੀ ਸੀ ਕਿੰਨਾ ਸਵੀਟ ਲੜਕਾ ਆ ਯਾਰ।ਗੁਰਪ੍ਰੀਤ ਦੇ ਇਸ ਤਰਾਂ ਬੁਲਾਉਣ ਨਾਲ ਖੁਸ਼ੀ ਤਾਂ ਮਿਲੀ ਪਰ ਨਾਲ ਹੀ ਪਰੇਸ਼ਾਨ ਵੀ ਹੋ ਗਈ ਕਿਓਂਕਿ ਉਸ ਦੀ ਬੈਸਟ ਫ੍ਰੇਂਡ ਪ੍ਰਭ ਜੌ ਨਹੀਂ ਆਈ ਸੀ।ਓਹ ਪੂਰਾ ਟਾਇਮ ਇਕੱਲੀ ਬੈਠੀ ਰਹੀ ਅਤੇ ਛੁੱਟੀ ਤੋਂ ਬਾਅਦ ਜਦੋਂ ਜਾਣ ਲੱਗੀ ਤਾਂ ਗੁਰਪ੍ਰੀਤ ਨੇ ਨਾਜ਼ੀਆ ਨੂੰ ਸੰਗਦੇ ਸੰਗਦੇ ਕਿਹਾ ਕਿ ਅੱਜ ਠੰਡ ਜਿਆਦਾ ਆ ਜੀ ਅਤੇ ਧੁੰਦ ਵੀ ਪਈ ਹੋਈ ਆ, ਤੁਹਾਡੀ ਦੋਸਤ ਵੀ ਨਹੀਂ ਆਈ ਅਗਰ ਤੁਸੀ ਗੁੱਸਾ ਨਹੀਂ ਕਰੋਗੇ ਤਾਂ ਕਿ ਤਹਾਨੂੰ ਮੈਂ ਛੱਡ ਦਵਾਂ ਤਾਂ ਪਹਿਲਾਂ ਤਾਂ ਨਾਜ਼ੀਆ ਨੇ ਮਨਾ ਕਰ ਦਿੱਤਾ । ਫੇਰ ਗੁਰਪ੍ਰੀਤ ਦੇ ਕਹਿਣ ਤੇ ਓਹ ਉਸਦੀ ਬਾਈਕ ਤੇ ਬੈਠ ਗਈ ਰਸਤੇ ਵਿਚ ਓਹਨਾ ਨੇ ਇਕ ਵੀ ਗੱਲ ਨਾ ਕੀਤੀ। ਗੁਰਪ੍ਰੀਤ ਨਾਜ਼ੀਆ ਨੂੰ  ਮਾਮਾ ਜੀ ਦੇ ਘਰ ਤੋਂ ਥੋੜ੍ਹਾ ਪਿੱਛੇ ਛੱਡ ਕੇ ਵਾਪਸ ਚਲਾ ਗਿਆ।ਨਾਜ਼ੀਆ ਨੇ ਵੀ ਉਸਨੂੰ ਧੰਨਵਾਦ ਬੋਲਿਆ ਅਤੇ ਘਰ ਆ ਗਈ।ਅੱਜ ਓਹ ਥੋੜੀ ਬਦਲੀ ਬਦਲੀ ਲੱਗ ਰਹੀ ਸੀ।ਪਹਿਲਾ ਕਦੇ ਬਚਿਆ ਨਾਲ ਸ਼ਰਾਰਤਾਂ ਨਹੀਂ ਕਰਦੀ ਸੀ, ਉਸ ਦਿਨ ਓਹ ਅਜੀਬ ਹਰਕਤਾਂ ਕਰ ਰਹੀ ਸੀ।ਫੇਰ ਸਭ ਨਾਲ ਮਿਲ ਕੇ ਰੋਟੀ ਖਾਧੀ ਅਤੇ ਇਸ਼ਾ ਦੀ ਨਮਾਜ਼ ਪੜ੍ਹ ਕੇ ਸੋ ਗਈ।

ਪਹਿਲਾਂ ਦਸਵੀਂ ਤੱਕ ਓਹ ਸਟੱਡੀ ਨੂੰ ਲੈਕੇ ਏਨਾ ਘਬਰਾਈ ਨਹੀਂ ਸੀ।ਪਰ ਹੁਣ 11ਵੀਂ ਵਿਚ ਕਾਲਜ ਅਤੇ ਟਿਊਸ਼ਨ ਤੇ ਇਕ ਮੁਕਾਬਲੇ ਦੀ ਤਰਾਂ ਸੀ। ਉਸਨੇ ਕਦੇ ਵੀ ਹਾਰਨਾ ਨਹੀਂ ਸਿੱਖਿਆ ਸੀ ਉਸਦੀ ਪੂਰੀ ਕੋਸ਼ਿਸ਼ ਸੀ ਕਿ ਓਹ ਇਸ ਬਾਰ ਵੀ ਫਸਟ ਡਿਵੀਜ਼ਨ ਲੈਕੇ ਆਵੇ। ਪੇਪਰਾਂ ਵਿੱਚ ਸਿਰਫ 5 ਦਿਨ ਰਹਿ ਗਏ ਸੀ ਪਹਿਲਾ ਪੇਪਰ ਇੰਗਲਿਸ਼ ਦਾ ਸੀ।ਉਸਨੇ ਟਿਊਸ਼ਨ ਜਾਣਾ ਵੀ ਬੰਦ ਕਰ ਦਿੱਤਾ ਹੁਣ ਘਰ ਰਹਿ ਕੇ ਹੀ ਪੜਦੀ ਸੀ।ਸਾਰਾ ਦਿਨ ਬਸ ਕਿਤਾਬ ਨਹੀਂ ਛੱਡਦੀ ਸੀ।

ਉੱਧਰ ਗੁਰਪ੍ਰੀਤ ਨਾਜ਼ੀਆ ਦੀ ਇਕ ਝਲਕ ਲਈ ਮਰ ਰਿਹਾ ਸੀ, ਉਸ ਕੋਲ ਤਾਂ ਨਾਜ਼ੀਆ ਦਾ ਨੰਬਰ ਵੀ ਨਹੀਂ ਸੀ।ਜਿਸ ਦੁਆਰਾ ਓਹ ਰਾਬਤਾ ਕਰ ਸਕਦਾ।ਓਹ ਬਸ ਤੜਫ ਰਿਹਾ

ਸੀ।ਇਕ ਇਕ ਪਲ ਗੁਜ਼ਰਦਾ ਜਾ ਰਿਹਾ ਸੀ ਪੇਪਰ ਵਾਲਾ ਦਿਨ ਆ ਗਿਆ।ਇਕ ਦਿਨ ਪਹਿਲਾਂ ਨਾਜ਼ੀਆ ਸਿਰਫ ਇੱਕ ਘੰਟੇ ਲਈ ਹੀ ਸੁੱਤੀ ਸੀ।ਸੁਬਾਹ ਜਲਦੀ ਉਠਕੇ ਨਮਾਜ਼ ਪੜ ਕੇ ਚਾਹ ਪੀ ਕੇ ਫਿਰ ਤੋਂ ਪੜ੍ਹਨ ਲੱਗ ਗਈ।ਪੇਪਰ ਦਾ ਟਾਇਮ ਸੁਬਾਹ 10 ਵਜੇ ਸੀ।ਪ੍ਰਭ 9 ਵਜੇ ਉਸਨੂੰ ਲੈਣ ਘਰ ਆ ਗਈ।ਨਾਜ਼ੀਆ ਘਰ ਹੀ ਪ੍ਰਭ ਨੇ ਵੀ ਨਾਸ਼ਤਾ ਕੀਤਾ ਅਤੇ ਦੋਵੇਂ ਕਾਲਜ ਚਲੇ ਗਈਆਂ।ਕਾਲਜ ਜਾ ਕੇ ਸਿਟਿੰਗ ਪਲੈਨ ਦੇਖਿਆ ਨਾਜ਼ੀਆ ਅਤੇ ਪ੍ਰਭ ਦੋਨਾਂ ਦੀ ਸੀਟ ਇਕੋ ਕਮਰੇ ਚ ਸੀ।ਪੇਪਰ ਨਾਜ਼ੀਆ ਦਾ ਬਹੁਤ ਹੀ ਵਧੀਆ ਹੋਇਆ। ਕਵਸਚਨ ਪੇਪਰ ਤੇ ਜੌ ਓਪਸ਼ਨਾਲ question ਸੀ ਓਹ ਵੀ ਨਾਜ਼ੀਆ ਨੇ ਲਿਖ ਦਿੱਤੇ ਅਤੇ ਸਭ ਤੋਂ ਪਹਿਲਾ ਬਾਹਰ ਆ ਗਈ ਪ੍ਰਭ ਵੀ ਨਾਜ਼ੀਆ ਦੇ ਨਾਲ ਹੀ ਬਾਹਰ ਵਾਪਸ ਆ ਗਈ। ਦੋਨਾਂ ਨੇ ਪੇਪਰ ਡਿਸਕਸ ਕੀਤਾ ਅਗਲਾ ਪੇਪਰ ਹੁਣ 5 ਦਿਨ ਬਾਅਦ ਫਿਜ਼ਿਕਸ ਦਾ ਸੀ।ਤਿਆਰੀ ਕਰਨ ਲਈ ਕਾਫੀ ਵਕਤ ਸੀ।

ਘਰ ਆ ਕੇ ਨਾਜ਼ੀਆ ਅਸਰ ਦੀ ਨਮਾਜ਼ ਪੜ੍ਹ ਕੇ ਸੋ ਗਈ ਸੁੱਤੇ ਹੋਏ ਪਤਾ ਹੀ ਨਹੀਂ ਚਲਿਆ ਸ਼ਾਮ 4 ਵਜੇ ਦੀ ਸੁੱਤੀ ਹੋਈ ਰਾਤ 11 ਵਜੇ ਉੱਠੀ ਮਾਮੀ ਨੇ ਵੀ ਉਠਾਇਆ ਨਹੀਂ ਕੇ ਥੱਕੀ ਹੋਈ ਆ।11 ਵਜੇ ਉਠਕੇ ਓਹ ਹੈਰਾਨ ਸੀ ਕੇ ਏਨੀ ਦੇਰ ਸੌਂ ਕਿਵੇਂ ਲਿਆ।ਉੱਠ ਕੇ ਸਭ ਤੋਂ ਪਹਿਲਾਂ ਉਸ ਨੇ ਇਸ਼ਾ ਦੀ ਨਮਾਜ਼ ਪੜ੍ਹੀ।ਉਸਨੂੰ ਭੁੱਖ ਲੱਗੀ ਹੋਈ ਸੀ ਕਿੱਚਨ ਵਿਚ ਜਾ ਕੇ ਦੇਖਿਆ,ਮਾਮੀ ਜੀ ਨੇ ਖਾਣਾ ਬਣਾ ਕੇ ਰੱਖਿਆ ਹੋਇਆ ਸੀ।ਖਾਣਾ ਖਾਣ ਤੋਂ ਬਾਅਦ ਚਾਹ ਪੀਣਾ ਉਸਦੀ ਕਮਜ਼ੋਰੀ ਸੀ। ਲੌਂਗ ਲੈਚੀਆਂ ਪਾ ਕੇ ਦੁੱਧ ਪੱਤੀ ਬਣਾ ਲਈ ਚਾਹ ਦਾ ਕੱਪ ਲੈਕੇ ਆਪਣੇ ਕਮਰੇ ਵਿਚ ਆ ਗਈ।ਹੁਣ ਓਹ ਬੈਠੀ ਗੁਰਪ੍ਰੀਤ ਦੇ ਬਾਰੇ ਚ ਸੋਚ ਰਹੀ ਸੀ, ਉਸਦੀ ਲਿਖੀ ਹੋਈ ਕਵਿਤਾ ਬਾਰੇ ਸੋਚ ਰਹੀ ਸੀ।ਕਿ ਮੇਰੇ ਬਾਰੇ ਕਿੰਨਾ ਸੋਹਣਾ ਲਿਖਿਆ ਹੋਇਆ ਸੀ ਉਸਨੇ, ਓਹਨੇ ਗੁਰਪ੍ਰੀਤ ਨੂੰ ਫੇਸਬੁੱਕ ਤੇ ਲੱਭਣ ਦੀ ਕੋਸ਼ਿਸ਼ ਕੀਤੀ ਪਰ ਗੁਰਪ੍ਰੀਤ ਫੇਸਬੁੱਕ ਤੇ ਨਹੀਂ ਸੀ।ਹੁਣ ਨਾਜ਼ੀਆ ਦੇ ਦਿਲ ਵਿਚ ਵੀ ਗੁਰਪ੍ਰੀਤ ਲਈ ਮਿਲਣ ਦੀ,ਦੇਖਣ ਦੀ,ਗੱਲ ਕਰਨ ਦੀ ਚਾਹ ਸੀ।ਉਸਨੂੰ ਸਮਝ ਨਹੀਂ ਸੀ ਆਉਂਦਾ ਕੇ ਇਹ ਕਿਵੇਂ ਹੋ ਰਿਹਾ।ਓਹ ਸੋਚਦੀ ਸੀ ਕੇ ਸ਼ਾਇਦ ਗੁਰਪ੍ਰੀਤ ਮੈਨੂੰ ਯਾਦ ਕਰ ਰਿਹਾ ਹੋਵੇਗਾ ਤਾਂ ਮੈਨੂੰ ਉਸਦਾ ਖਿਆਲ ਆ ਰਿਹਾ ਬਸ ਉਸਨੂੰ ਸਮਝ ਨਹੀਂ ਸੀ ਆ ਰਿਹਾ।ਕੁਝ ਪਲ ਲਈ ਓਹ ਗੁਰਪ੍ਰੀਤ ਦੇ ਖਿਆਲਾਂ ਚ ਗੁਆਚ ਗਈ।

ਫੇਰ ਅਚਾਨਕ ਉਸਨੂੰ ਖਿਆਲ ਆਇਆ ਕਿ ਓਹ ਸਿੱਖ ਫੈਮਲੀ ਤੋਂ ਹੈ ਅਤੇ ਮੈਂ ਮੁਸਲਿਮ ਅਸੀਂ ਬਹੁਤ ਹੀ ਅਲੱਗ ਹਾਂ।ਅਸੀਂ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਉਸ ਨੇ ਇਸ ਸੋਚ ਨੂੰ ਆਪਣੇ ਦਿਮਾਗ ਵਿਚ ਨਾ ਲਿਆਉਣ ਦਾ ਫੈਂਸਲਾ ਕੀਤਾ।

✿✿✿✿✿✿

## ਭਾਗ-6

ਗੁਰਪ੍ਰੀਤ ਇੰਡੋ ਕੈਨੇਡੀਅਨ ਸਕੂਲ ਵਿਚ ਪੜ੍ਹਦਾ ਸੀ।ਪੜ੍ਹਨ ਵਿਚ ਓਹ ਵੀ ਬਹੁਤ ਹੁਸ਼ਿਆਰ ਸੀ।ਓਹਦੇ ਪੇਪਰ ਸਭ ਤੋਂ ਪਹਿਲਾ ਹੀ ਖਤਮ ਹੋਗੇ ਸਨ।ਓਹ ਹੁਣ ਰਿਜਲਟ ਦੀ ਉਡੀਕ ਕਰ ਰਿਹਾ ਸੀ।ਓਹ ਬਹੁਤ ਮੁਸ਼ਕਿਲ ਨਾਲ ਟਾਇਮ ਬਿਤਾ ਰਿਹਾ ਸੀ।

ਨਾਜ਼ੀਆ ਨਾਲ ਮੁਲਾਕਾਤ ਦਾ ਵੀ ਹੁਣ ਕੁਝ ਪਤਾ ਨਹੀਂ ਸੀ ਕੇ ਕਦੋਂ ਹੋਵੇਗੀ।ਉਸਨੂੰ ਇਹ ਵੀ ਨਹੀਂ ਪਤਾ ਸੀ ਕਿ ਨਾਜ਼ੀਆ ਹੁਣ ਓਸੇ ਟਿਉਸ਼ਨ ਸੈਂਟਰ ਲੱਗੇ ਵੀ ਜਾਂ ਨਹੀਂ ਓਹ ਬਸ ਓਹਨੂੰ ਇਕ ਵਾਰ ਮਿਲਣਾ ਚਾਹੁੰਦਾ ਸੀ,ਦੇਖਣਾਂ ਚਾਹੁੰਦਾ ਸੀ।ਫੇਰ ਉਸਨੇ ਨਾਜ਼ੀਆ ਨੂੰ ਸੋਸ਼ਲ ਮੀਡੀਆ ਤੇ ਲੱਭਣ ਦੀ ਕੋਸ਼ਿਸ਼ ਕੀਤੀ।ਓਹ ਨਾਜ਼ੀਆ ਨੂੰ ਇੰਸਟਾਗ੍ਰਾਮ ਤੇ ਲਭ ਰਿਹਾ ਸੀ ਪਰ ਨਾਜ਼ੀਆ ਨਾਮ ਦੇ ਬਹੁਤ ਸਾਰੇ ਇੰਸਟਾਗ੍ਰਾਮ ਤੇ ਅਕਾਉਂਟ ਸਨ।ਓਹਨੇ ਬਹੁਤ ਲੱਭਿਆ ਪਰ ਉਸਨੂੰ ਨਾਜ਼ੀਆ ਦੀ ਆਈ ਡੀ ਨਹੀਂ ਲੱਭੀ,ਇਹ ਰਿਸਰਚ ਵੀ ਬੇਕਾਰ ਗਈ।

ਹਜੇ 12ਵੀਂ ਦੀ ਕਲਾਸ ਸ਼ੁਰੂ ਹੋਣ ਵਿਚ ਵੀ ਟਾਇਮ ਰਹਿੰਦਾ ਸੀ,ਓਹ ਸਾਰਾ ਦਿਨ ਵਿਹਲਾ ਹੁੰਦਾ ਸੀ,ਉਸਨੇ ਕਈ ਬਾਰ ਸੋਚਿਆ ਕੇ ਨਾਜ਼ੀਆ ਦੇ ਮਾਮੇ ਦੇ ਘਰ ਵੱਲ ਗੇੜੀ ਮਾਰ ਕੇ ਦੇਖਾਂ ਸ਼ਾਇਦ ਨਾਜ਼ੀਆ ਦੇ ਦਰਸ਼ਨ ਹੋ ਜਾਣ।ਪਰ ਉਸਨੇ ਸੋਚਿਆ ਇਸ ਨਾਲ ਨਾਜ਼ੀਆ ਗੁੱਸੇ ਹੋ ਜਾਏਗੀ।ਉਸਨੂੰ ਤਾਂ ਇਹ ਵੀ ਨਹੀਂ ਪਤਾ ਸੀ ਕਿ ਨਾਜ਼ੀਆ ਆਪਣੇ ਘਰ ਆਪਣੇ ਪਿੰਡ ਗਈ ਹੋਈ ਹੋਏਗੀ।

ਦਿਨ ਬੀਤਦੇ ਗਏ ਰਿਜਲਟ ਆਉਣ ਵਿਚ ਇਕ ਦਿਨ ਰਹਿੰਦਾ ਸੀ।ਸਭ ਨੂੰ ਪਤਾ ਸੀ ਕਿ ਪਾਸ ਤਾਂ ਹੋ ਹੀ ਜਾਵਣਗੇ।ਪਰ ਹਰ ਇਕ ਦੀ ਨਜ਼ਰ ਨੰਬਰਾਂ ਤੇ ਅਟਕੀ ਹੋਈ ਸੀ।ਟਿਉਸ਼ਨ ਵਾਲੇ ਸਰ ਨੇ ਵੀ ਇਕ ਦਿਨ ਪਹਿਲਾ ਫੋਨ ਕਰਕੇ ਸਭ ਨੂੰ ਬੈਸਟ ਆਫ ਲੱਕ ਵਿਸ਼ ਕੀਤਾ ਅਤੇ ਨਾਲ ਹੀ ਕਿਹਾ ਕਿ ਮੈਂ ਇੱਕ ਵਟਸਐਪ ਗਰੁੱਪ ਬਣਾਉਣ ਲੱਗਾ ਹਾਂ ਜਿਸ ਨਾਲ ਸਭ ਦੇ

ਰਿਜਲਟ ਦਾ ਪਤਾ ਸਾਰਿਆਂ ਨੂੰ ਲੱਗ ਜਾਵੇਗਾ।ਹਰ ਕੋਈ ਗਰੁੱਪ ਬਣਾਉਣ ਵਾਲੀ ਗੱਲ ਨਾਲ ਸਹਿਮਤ ਸੀ।ਇਸ ਗਰੁੱਪ ਵਾਲੀ ਨਾਲ ਸਭ ਤੋਂ ਵੱਧ ਖੁਸ਼ ਇਕੋ ਇਨਸਾਨ ਸੀ ਓਹ ਸੀ ਗੁਰਪ੍ਰੀਤ ।ਉਸਨੂੰ ਪਤਾ ਸੀ ਕਿ ਗਰੁੱਪ ਵਿਚੋਂ ਨਾਜ਼ੀਆ ਦਾ ਨੰਬਰ ਵੀ ਮਿਲ ਜਾਏਗਾ ਅਤੇ ਉਸ ਨਾਲ ਰਾਬਤਾ ਕਰਨਾ ਆਸਾਨ ਹੋ ਜਾਵੇਗਾ ਔਰ ਓਦਾ ਵੀ ਕਿ ਪਤਾ ਨਾਜ਼ੀਆ ਨੰਬਰ ਦਵੇ ਜਾਂ ਨਾ।ਸ਼ਾਮ ਨੂੰ ਹੀ ਨਵੇਂ ਗਰੁੱਪ ਦੀ ਨੋਟੀਫਿਕੇਸ਼ਨ ਆ ਗਈ। ਸਭ ਨੇ ਹੈਲੋ ਹਾਏ ਦੇ ਮੈਸੇਜ ਭੇਜੇ ਇੱਕ ਦੂਜੇ ਦਾ ਹਾਲ ਚਾਲ ਪੁੱਛਿਆ।ਗੁਰਪ੍ਰੀਤ ਨੇ ਸਭ ਤੋਂ ਪਹਿਲਾ ਨਾਜ਼ੀਆ ਦਾ ਨੰਬਰ ਦੇਖ ਆਪਣੇ ਫੋਨ ਵਿਚ ਸੇਵ ਕੀਤਾ ਉਸਨੂੰ ਨਾਜ਼ੀਆ ਦੀ ਤਸਵੀਰ ਦੇਖਣ ਲੀ ਉਸ ਦੀ ਪ੍ਰੋਫਾਈਲ ਚੈੱਕ ਕੀਤੀ ਪਰ ਓਥੇ ਨਾਜ਼ੀਆ ਨੇ ਇਕ ਬੇਬੀ ਦੀ ਫੋਟੋ ਲਗਾਈ ਹੋਈ ਸੀ।ਓਹ ਵਾਰ ਵਾਰ ਨਾਜ਼ੀਆ ਦਾ ਨੰਬਰ ਕੱਢ ਕੇ ਦੇਖ ਰਿਹਾ ਸੀ ਕੇ ਕਦੋਂ ਆਨਲਾਈਨ ਹੁੰਦੀ ਕਦੋਂ ਆਫ। ਪਰਸਨਲ ਮੈਸਜ ਭੇਜਣ ਦੀ ਉਸ ਦੀ ਹਿੰਮਤ ਹੀ ਨਹੀਂ ਪਈ।

31 ਮਾਰਚ ਨੂੰ ਸਾਰੇ ਰਿਜਲਟ ਦੇਖਣ ਲਈ ਸਕੂਲ,ਕਾਲਜ ਗਏ ਹੋਏ ਸੀ।ਨੋਟਿਸ ਬੋਰਡ ਤੇ ਰਿਜਲਟ ਲੱਗੇ ਹੋਏ ਸਨ।ਨਾਜ਼ੀਆ ਕਾਫੀ ਨਰਵਸ ਸੀ ਕਿ ਪਤਾ ਨੀ ਕੀ ਬਣੇਗਾ।ਓਹ ਆਪਣੇ ਅੱਬੂ ਅੰਮੀ ਨਾਲ ਰਿਜਲਟ ਦੇਖਣ ਗਈ।ਜਦੋਂ ਓਹਨਾ ਨੇ ਰਿਜਲਟ ਦੇਖਿਆ ਤਾਂ ਨਾਜ਼ੀਆ ਦੀ ਤਾਂ ਖੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਰਿਹਾ ਸੀ ਉਸਨੇ 11ਵੀਂ ਦੀਆਂ ਸਾਰੀਆਂ ਕਲਾਸਾਂ ਨਾਲੋਂ ਵੱਧ ਨੰਬਰ ਲਏ ਸੀ ।ਪ੍ਰਭ ਵੀ ਓਥੇ ਆਈ ਹੋਈ ਸੀ ਪ੍ਰਭ 4 ਨੰਬਰ ਕਰਕੇ ਨਾਜ਼ੀਆ ਤੋਂ ਪਿੱਛੇ ਰਹਿ ਗਈ ਸੀ ਪਰ ਬਾਕੀ ਬੱਚਿਆਂ ਨਾਲੋਂ ਦੋਨਾਂ ਦੇ ਨੰਬਰ ਬਹੁਤ ਜਿਆਦਾ ਸਨ।ਓਹ ਦੋਵੇਂ ਆਪਸ ਵਿੱਚ ਮਿਲੀਆਂ ਘਰ ਵਾਲਿਆਂ ਨੂੰ ਮਿਲੀਆਂ।ਓਸੇ ਟਾਇਮ ਗਰੁੱਪ ਵਿਚ ਮੈਸੇਜ ਆਉਣ ਲੱਗ ਗਏ ਜਦੋਂ ਨਾਜ਼ੀਆ ਨੇ ਆਪਣੇ ਨੰਬਰਾਂ ਦਾ ਦੱਸਿਆ ਤਾਂ ਸਭ ਹੈਰਾਨ ਹੋਗੇ ਟਿਉਸ਼ਨ ਤੇ ਵੀ ਸਭ ਤੋਂ ਜਿਆਦਾ ਨੰਬਰ ਨਾਜ਼ੀਆ ਦੇ ਸਨ।ਨਾਜ਼ੀਆ ਤਾਂ ਖੁਸ਼ੀ ਨਾਲ ਪਾਗ਼ਲ ਹੋ ਰਹੀ ਸੀ ਕੁਝ ਵੀ ਸਮਝ ਨਹੀਂ ਸੀ ਆ ਰਿਹਾ।

ਗੁਰਪ੍ਰੀਤ ਨੇ ਵੀ ਫਸਟ ਡਿਵੀਜ਼ਨ ਵਿਚ ਪਾਸ ਕੀਤਾ ਸੀ।ਪਰ ਉਸਦੇ ਨੰਬਰ ਨਾਜ਼ੀਆ ਤੋਂ ਘੱਟ ਸਨ।ਸਾਰੇ ਗਰੁੱਪ ਵਿਚ ਨਾਜ਼ੀਆ ਨੂੰ ਮੁਬਾਰਕਾਂ ਦੇ ਰਹੇ ਸੀ।ਗੁਰਪ੍ਰੀਤ ਨੇ ਸੋਚਿਆ ਅੱਜ

ਨਾਜ਼ੀਆ ਨੂੰ ਪਰਸਨਲ ਮੈਸੇਜ ਕਰਨ ਦਾ ਸੋਚਿਆ, ਉਸਨੇ ਉਸੀ ਵਕਤ ਨਾਜ਼ੀਆ ਨੂੰ ਮੁਬਾਰਕ ਦਾ ਮੈਸਜ ਲਿਖ ਕੇ ਭੇਜ ਦਿੱਤਾ।ਆਪਣੀ ਪਹਿਚਾਣ ਦੱਸੀਂ ਤਾਂ ਨਾਜ਼ੀਆ ਨੇ ਬਿਲਕੁਲ ਵੀ ਗੁੱਸਾ ਨਹੀਂ ਕੀਤਾ ਉਸਨੂੰ ਵੀ ਵਧਾਈਆ ਦਿੱਤੀਆਂ।ਦੋਨਾਂ ਦੇ ਫੋਨ ਨੰਬਰ ਬਦਲ ਗਏ ਗੁਰਪ੍ਰੀਤ ਵੀ ਬਹੁਤ ਖੁਸ਼ ਸੀ ।ਉਸਨੂੰ ਅੱਜ ਡਬਲ ਡਬਲ ਖੁਸ਼ੀ ਮਿਲ ਗਈ ਸੀ।ਹੁਣ ਦੋਵੇਂ ਆਪਸ ਵਿੱਚ ਗੱਲਾਂ ਕਰ ਰਹੇ ਸੀ ਇਕ ਦੂਜੇ ਦੇ ਨੰਬਰਾਂ ਦਾ ਪੁੱਛ ਰਹੇ ਸੀ,ਨਾਜ਼ੀਆ ਨੇ ਦੱਸਿਆ ਕਿ ਉਸਦੇ ਮੈਥ ਵਿਚੋਂ 100% ਹਨ ਅਤੇ ਬਾਕੀ ਸਾਰੇ 97% ਤਾਂ ਗੁਰਪ੍ਰੀਤ ਸੁਣ ਕੇ ਹਿੱਲ ਹੀ ਗਿਆ ਕੇ ਏਨਾ ਹੁਸ਼ਿਆਰ ਵੀ ਹੀ ਸਕਦਾ ਕੋਈ।ਏਦਾਂ ਹੀ ਗੱਲਾਂ ਕਰ ਰਹੇ ਸੀ ਫੇਰ ਨਾਜ਼ੀਆ ਨੇ ਬਾਏ ਬੋਲ ਦਿੱਤੀ।ਗੁਰਪ੍ਰੀਤ ਬਾਰ ਬਾਰ ਓਹੀ ਮੈਸੇਜ ਦੇਖੀ ਜਾ ਰਿਹਾ ਸੀ ਜੋਂ ਨਾਜ਼ੀਆ ਨਾਲ ਵਾਰਤਾਲਾਪ ਹੋਈ ਸੀ।ਏਦਾਂ ਹੀ ਦੇਖਦਾ ਦੇਖਦਾ ਸੌਂ ਗਿਆ। ਅਕਸਰ ਗੁਰਪ੍ਰੀਤ ਨੇ ਆਪਣੀ ਲਿਖੀ ਹੋਈ ਸ਼ਾਇਰੀ ਅਤੇ ਕਵਿਤਾਵਾਂ ਵਟਸਐੱਪ ਸਟੇਟਸ ਤੇ ਪਾਈਆਂ ਹੁੰਦੀਆਂ ਸਨ,ਨਾਜ਼ੀਆ ਅਕਸਰ ਕੁੰਮੇਂਟ ਕਰਦੀ ਰਹਿੰਦੀ ਸੀ

5ਅਪ੍ਰੈਲ ਤੋਂ ਨਵੀਆਂ ਕਲਾਸਾਂ ਸਟਾਰਟ ਹੋਣੀਆ ਸੀ।ਨਾਜ਼ੀਆ 4 ਅਪ੍ਰੈਲ ਨੂੰ ਲੁਧਿਆਣੇ ਆਪਣੇ ਮਾਮੇ ਦੇ ਘਰ ਆ ਗਈ। ਪ੍ਰਭ ਓਸੇ ਦਿਨ ਨਾਜ਼ੀਆ ਨੂੰ ਮਿਲਣ ਆ ਪੁੱਜੀ।ਦੋਵੇਂ ਸਹੇਲੀਆਂ ਆਪਸ ਵਿੱਚ ਮਿਲ ਕੇ ਬਹੁਤ ਖੁਸ਼ ਸਨ । ਮਾਮਾ ਜੀ ਵੀ ਘਰ ਹੈ ਸਨ ਅਤੇ ਮਾਮੀਂ ਜੀ ਨੇ ਅੱਜ ਗੋਭੀ ਅਤੇ ਪਨੀਰ ਵਾਲੇ ਪਕੌੜੇ ਬਣਾਏ ਹੋਏ ਸਨ।ਪ੍ਰਭ ਨਾਜ਼ੀਆ ਦੇ ਕਮਰੇ ਵਿਚ ਬੈਠੀ ਹੋਈ ਸੀ ਓਥੇ ਹੀ ਨਾਜ਼ੀਆ ਦਾ ਫੋਨ ਪਿਆ ਸੀ। ਨਾਜ਼ੀਆ ਕਿਚਨ ਵਿੱਚੋ ਚਾਹ ਲੈਣ ਗਈ ਹੋਈ ਸੀ ਤਾਂ ਨਾਜ਼ੀਆ ਦੇ ਨੰਬਰ ਤੇ ਗੁਰਪ੍ਰੀਤ ਦਾ ਮੈਸੇਜ ਆਇਆ ਉਸਨੇ ਹੈਲੋ ਲਿਖ ਕੇ ਭੇਜੀ ਸੀ ਪ੍ਰਭ ਨੇ ਨਾਲ ਹੀ ਨਾਜ਼ੀਆ ਨੂੰ ਛੇੜਨਾ ਸ਼ੁਰੂ ਕਰ ਦਿੱਤਾ।ਫੇਰ ਨਾਜ਼ੀਆ ਨੇ ਸਭ ਦਸਿਆ ਕਿ ਕਿਵੇਂ ਓਹਨਾ ਦੀ ਗੱਲ ਹੋਈ ਸੀ। ਫੇਰ ਕੁਝ ਦੇਰ ਬੈਠੀ ਤੇ ਪ੍ਰਭ ਚਲੇ ਗਈ।

ਦੂਜੇ ਪਾਸੇ ਵਟਸਐੱਪ ਗਰੁੱਪ ਵਿਚ ਟਿਉਸ਼ਨ ਵਾਲੇ ਸਰ  ਦਾ ਮੈਸੇਜ ਆਇਆ ਓਹ ਪੁੱਛ ਰਿਹਾ ਸੀ ਕੇ ਅੱਗੇ ਕਦੋਂ ਟਿਉਸ਼ਨ ਆਉਣਾ ਹੈ। ਸਭ ਇਕ ਦੂਜੇ ਨੂੰ ਪੁੱਛ ਰਹੇ ਸੀ ਟਿਉਸ਼ਨ ਕਦੋਂ ਸ਼ੁਰੂ ਕਰਨਾ ਤਾਂ ਸਭ ਨੇ ਸਲਾਹ ਬਣਾ ਲਈ ਕੇ 11 ਤਰੀਕ ਨੂੰ ਟਿਉਸ਼ਨ ਆਵਾਂਗੇ। ਹੁਣ

ਗੁਰਪ੍ਰੀਤ 11 ਤਰੀਕ ਦੀ ਉਡੀਕ ਕਰ ਰਿਹਾ ਸੀ।10 ਐਪਰਲ ਸ਼ਾਮ ਨੂੰ ਨਾਜ਼ੀਆ ਨੂੰ ਮੈਸਜ ਕਰਕੇ ਕਨਫਰਮ ਕੀਤਾ ਕੇ ਓਹ ਆ ਰਹੀ ਆ ਤਾਂ ਗੁਰਪ੍ਰੀਤ ਓਥੇ ਸਭ ਤੋਂ ਪਹਿਲਾਂ ਹੀ ਪੁੱਜ ਗਿਆ।ਵਾਰੀ ਵਾਰੀ ਸਾਰੇ ਆ ਰਹੇ ਸੀ।ਨਾਜ਼ੀਆ ਅਤੇ ਪ੍ਰਭ ਦੋਵੇਂ ਇੱਕਠਿਆ ਆਈਆਂ। ਨਾਜ਼ੀਆ ਨੇ ਬੁਰਕਾ (ਮੁਸਲਿਮ ਕੁੜੀਆਂ ਦੀ ਡਰੈੱਸ ) ਪਾਇਆ ਹੋਇਆ ਸੀ।ਓਹ ਬਹੁਤ ਹੀ ਸੋਹਣੀ ਲੱਗ ਰਹੀ ਸੀ ਟਿਊਸ਼ਨ ਪੁੱਜ ਕੇ ਓਹਨੇ ਨਕਾਬ ਉਤਰ ਦਿੱਤਾ ਸਭ ਉਸਨੂੰ ਹੀ ਦੇਖ ਰਹੇ ਸੀ ਓਹ ਤਾਂ ਜੰਨਤ ਦੀਆਂ ਪਰੀਆਂ ਤੋਂ ਵੀ ਸੋਹਣੀ ਲੱਗ ਰਹੀ ਸੀ।ਗੁਰਪ੍ਰੀਤ ਬਸ ਉਸਨੂੰ ਦੇਖੀ ਹੀ ਜਾ ਰਿਹਾ ਸੀ।ਸਭ ਨੇ ਇਕ ਦੂਜੇ ਨੂੰ ਬੁਲਾਇਆ ਅਤੇ ਬੈਠ ਗਏ।ਅੱਜ ਕੋਈ ਵੀ ਪੜਾਈ ਨਹੀਂ ਹੋਈ ਸਰ ਨੇ ਆਪਣੇ ਵਲੋਂ ਸਭ ਨੂੰ ਪਾਰਟੀ ਦਿੱਤੀ।ਏਦਾਂ ਹੀ ਟਾਇਮ ਬੀਤ ਗਿਆ ਤਾਂ ਛੁੱਟੀ ਹੋ ਗਈ ਸਭ ਚਲੇ ਗਏ ਗੁਰਪ੍ਰੀਤ ਉਸ ਦਿਨ ਵੀ ਨਾਜ਼ੀਆ ਦੇ ਪਿੱਛੇ ਪਿੱਛੇ ਉਸਨੂੰ ਛੱਡ ਕੇ ਆਇਆ।ਸਾਰਾ ਕੁਝ ਪਹਿਲਾਂ ਵਾਂਗ ਚਲ ਪਿਆ ਸੀ।ਰਾਤ ਨੂੰ ਉਸਨੇ ਨਾਜ਼ੀਆ ਨਾਲ ਵਟਸਐਪ ਤੇ ਗੱਲ ਕੀਤੀ ਅਤੇ ਉਸਨੂੰ ਇੱਕ ਕਵਿਤਾ ਲਿਖ ਕੇ ਭੇਜੀ ਜਿਸ ਨੂੰ ਪੜ੍ਹ ਕੇ ਨਾਜ਼ੀਆ ਬਹੁਤ ਖੁਸ਼ ਹੋਈ ਅਤੇ ਸ਼ਰਮਾ ਵੀ ਗਈ।

ਫੇਰ ਓਹ ਧੰਨਵਾਦ ਬੋਲਕੇ ਗੁੱਡ ਨਾਈਟ ਬੋਲ ਕੇ ਸੋ ਗਈ।।

ਕਵਿਤਾ ਦੀਆਂ ਸਤਰਾਂ ਇਸ ਤਰਾਂ ਸਨ।

**ਉਹ ਵਾਂਗ ਸਮੁੰਦਰ ਗਹਿਰੀਆਂ ਨੇ,**

**ਮੇਰੇ 'ਤੇ ਆ ਕੇ ਠਹਿਰੀਆਂ ਨੇ।।**

**ਚੁੱਪ ਰਹਿ ਕੇ ਵੀ ਨੇ ਬੋਲ ਰਹੀਆਂ,**

**ਸੁਰਮੇ ਨਾਲ ਡੱਕੀਆਂ ਨੇ।।**

**ਮੈਂ ਬੁਰਕੇ ਵਿੱਚੋਂ ਬਸ ਓਹਦੀਆਂ,**

**ਅੱਖਾਂ ਤੱਕੀਆਂ ਨੇ।।**

ਮੇਰੇ ਦਿਲ ਦੇ ਵਿੱਚ ਨੇ ਉੱਤਰ ਗਈਆਂ,

ਮੈਨੂੰ ਹੋਸ਼ ਭੋਰਾ ਵੀ ਹੁਣ ਨਹੀਂ ਆ।।

ਸਾਡੀ ਗਲੀ ਦੋਬਾਰਾ ਆਉਣਗੇ ਓਹ,

ਅਸੀਂ ਆਸਾਂ ਰੱਖੀਆਂ ਨੇ।।

ਮੈਂ ਬੁਰਕੇ ਵਿੱਚੋਂ ਬਸ ਓਹਦੀਆਂ,

ਅੱਖਾਂ ਤੱਕੀਆਂ ਨੇ।।

✿✿✿✿✿✿✿

## ਭਾਗ -7

ਨਾਜ਼ੀਆ ਰਾਤੀਂ ਗੁਰਪ੍ਰੀਤ ਦੀ ਭੇਜੀ ਕਵਿਤਾ ਪੜ੍ਹਦੀ ਪੜਦੀ ਸੌਂ ਗਈ ਸੀ ਅਤੇ ਫੋਨ ਚਾਰਜ ਤੇ ਲਗਾਉਣਾ ਭੁੱਲ ਗਈ।ਜਿਸ ਵਜ੍ਹਾ ਕਰਕੇ ਉਸਦਾ ਫੋਨ ਸਵਿੱਚ ਆਫ ਹੋ ਗਿਆ ਅਤੇ ਸੁਬਾਹ ਅਲਾਰਮ ਵੀ ਨਹੀਂ ਵੱਜਿਆ, ਅੱਜ ਓਹ ਉੱਠਣ ਵਿਚ ਲੇਟ ਹੋ ਗਈ ਸੀ।6 ਵਜੇ ਆਕੇ ਮਾਮੀ ਜੀ ਨੇ ਉਠਾਇਆ,ਜਦ ਤਕ ਉੱਠੀ ਤਾਂ ਫ਼ਜਰ ਦੀ ਨਮਾਜ਼ ਦਾ ਟਾਇਮ ਵੀ ਨਿਕਲ ਚੁੱਕਿਆ ਸੀ।

ਉਸਨੇ ਜਲਦੀ ਜਲਦੀ ਉੱਠ ਕੇ ਫੋਨ ਚਾਰਜ ਤੇ ਲਗਾਇਆ।ਅਤੇ ਕਾਲਜ ਜਾਣ ਲਈ ਕੱਪੜੇ ਪ੍ਰੈੱਸ ਕਰਨ ਲਗ ਗਈ।ਕਪੜੇ ਪ੍ਰੈੱਸ ਕਰਕੇ ਓਹ ਨਹਾਉਣ ਚਲੇ ਗਈ।ਜਦ ਤਕ ਵਾਪਸ ਆਈ ਮਾਮੀ ਜੀ ਨੇ ਨਾਸ਼ਤਾ ਬਣਾ ਦਿੱਤਾ ਸੀ।ਤਿਆਰ ਹੋਕੇ ਉਸਨੇ ਫੋਨ ਆਨ ਕਰਕੇ ਦੇਖਿਆ ਤਾਂ ਹਜੇ 65% ਚਾਰਜ ਹੋਇਆ ਸੀ।ਓਹਨੇ ਦਵਾਰਾ ਫੋਨ ਚਾਰਜ ਲਗਾ ਦਿੱਤਾ ਅਤੇ ਵਾਪਸ ਆਕੇ ਨਾਸ਼ਤਾ ਕਰਨ ਲੱਗ ਗਈ। ਨਾਸ਼ਤੇ ਵਿੱਚ ਮਾਮੀ ਜੀ ਨੇ ਆਮਲੇਟ ਸੈਂਡਵਿਚ ਬਣਾਏ ਹੋਏ ਸੀ।ਨਾਸ਼ਤਾ ਕਰਕੇ ਕੌਫੀ ਪੀਤੀ ਹਜੇ ਕਾਲਜ ਜਾਣ ਚ 10 ਮਿੰਟ ਪਏ ਸੀ।ਉਸਨੇ ਪ੍ਰਭ ਨੂੰ ਫੋਨ ਕੀਤਾ,ਤਾਂ ਪ੍ਰਭ ਨੇ ਅੱਗਿਓਂ ਕਾਲ ਕੱਟ ਦਿੱਤੀ ਅਤੇ ਨਾਲ ਹੀ ਬਾਹਰ ਸਕੂਟਰੀ ਦਾ ਹਾਰਨ ਵੱਜ ਗਿਆ।ਪ੍ਰਭ ਹਮੇਸ਼ਾ ਪੂਰੇ ਟਾਇਮ ਤੇ ਆ ਜਾਂਦੀ ਸੀ।ਨਾਜ਼ੀਆ ਆਪਣਾ ਬੈਗ ਲੈਕੇ ਪ੍ਰਭ ਨਾਲ ਚਲੇ ਗਈ।

ਕਾਲਜ ਪੁੱਜ ਕੇ ਪਤਾ ਚੱਲਿਆ ਕੇ ਅੱਜ ਪਹਿਲੇ 2 ਲੈਕਚਰ ਫ੍ਰੀ ਸੀ।ਸਾਰਿਆਂ ਕੁੜੀਆਂ ਖੱਪ ਕਰਨ ਲੱਗੀਆਂ ਹੋਈਆਂ ਸੀ।ਨਾਜ਼ੀਆ ਵੀ ਹੁਣ ਹੋਲੀ ਹੌਲੀ ਸਭ ਨੂੰ ਬੁਲਾਉਣ ਲੱਗ ਗਈ ਸੀ।ਨਾਜ਼ੀਆ ਸਭ ਨੂੰ ਬੁਲਾ ਕੇ ਇਕ ਸਾਈਡ ਤੇ ਬੈਠ ਗਈ।ਪ੍ਰਭ ਹਾਜਰੀ ਵਾਲੀ ਸ਼ੀਟ ਦੇਣ ਲਈ ਇੰਚਾਰਜ ਕੋਲ ਚਲੇ ਗਈ।ਨਾਜ਼ੀਆ ਦੇ ਦਿਮਾਗ ਵਿੱਚ ਗੁਰਪ੍ਰੀਤ ਦਾ ਖਿਆਲ

ਆਇਆ,ਉਸਨੇ ਆਪਣੇ ਫੋਨ ਦਾ ਡਾਟਾ ਆਨ ਕੀਤਾ ਤਾਂ ਅੱਗਿਓਂ ਸਭ ਤੋਂ ਪਹਿਲਾ ਗੁਰਪ੍ਰੀਤ ਦਾ ਗੁੱਡ ਮੋਰਨਿੰਗ ਦਾ ਮੈਸੇਜ ਆਇਆ ਹੋਇਆ ਸੀ।ਉਸਨੇ ਗੁਰਪ੍ਰੀਤ ਦੇ ਮੈਸੇਜ ਦਾ ਜਵਾਬ ਦਿੱਤਾ ਅਤੇ ਕੱਲ ਦੀਆਂ ਟਿਊਸ਼ਨ ਪਾਰਟੀ ਦੀਆਂ ਤਸਵੀਰਾਂ ਵੇਖਣ ਲੱਗ ਗਈ ਤਦ ਤੱਕ ਪ੍ਰਭ ਵਾਪਸ ਆ ਗਈ।

ਪ੍ਰਭ ਨੇ ਆਕੇ ਸ਼ਰਾਰਤੀ ਅੰਦਾਜ਼ ਵਿੱਚ ਪੁੱਛਿਆ ਕਿੱਦਾਂ ਫੇਰ ਭਿੰਡੀਏ ਕਿਹੜੇ ਖਿਆਲਾਂ ਵਿਚ ਖੋਈਂ ਆ ਤਾਂ ਨਾਜ਼ੀਆ ਨੇ ਹੱਸ ਕੇ ਕਹਿ ਦਿੱਤਾ ਕੁਝ ਵੀ ਤਾਂ ਨਹੀਂ। ਏਨੇ ਵਿਚ ਬਾਹਰੋ ਰੌਲੇ ਦੀ ਆਵਾਜ਼ ਆਉਣ ਲੱਗ ਪਈ,ਦੋ ਕੁੜੀਆਂ ਆਪਸ ਵਿਚ ਲੜ ਰਹੀਆਂ ਸਨ। ਸਾਰੀ ਕਲਾਸ ਦੀਆਂ ਕੁੜੀਆਂ ਓਹਨਾ ਦੀ ਲੜਾਈ ਵੇਖਣ ਲਈ ਓਥੇ ਪੁੱਜ ਗਈਆਂ। ਲੜਾਈ ਇੱਕ ਮੁੰਡੇ ਪਿੱਛੇ ਹੋ ਰਹੀ ਸੀ ਓਹ ਆਪਸ ਵਿਚ ਬਹੁਤ ਹੀ ਓਪਨਲੀ ਬੋਲ ਰਹੀਆਂ ਸੀ,ਕੁਝ ਕੁੜੀਆਂ ਤਾਂ ਵਾਪਸ ਆ ਗਈਆਂ ਕੁਝ ਫੋਨਾ ਵਿਚ ਵੀਡਿਓ ਬਣਾ ਰਹੀਆਂ ਸੀ।ਨਾਜ਼ੀਆ ਹਜੇ ਵੀ ਅੰਦਰ ਹੀ ਬੈਠੀ ਸੀ।ਪ੍ਰਭ ਵੀ ਓਥੋਂ 2 ਮਿੰਟ ਚ ਹੀ ਵਾਪਸ ਆ ਗਈ। ਫੇਰ ਪ੍ਰਭ ਨੇ ਪੁੱਛਿਆ ਕੇ ਨਾਜ਼ੀਆ ਤੂੰ ਅੱਜ ਮੈਨੂੰ ਠੀਕ ਨੀ ਲੱਗ ਰਹੀ ਕੀ ਹੋਇਆ ਕੋਈ ਪ੍ਰੌਬਲਮ ਆ?

ਨਾਜ਼ੀਆ ਨੇ ਘਰਦਿਆਂ ਦੀ ਯਾਦ ਦਾ ਬਹਾਨਾ ਬਣਾ ਕੇ ਗੱਲ ਟਾਲ ਦਿੱਤੀ। ਅਸਲ ਵਿੱਚ ਨਾਜ਼ੀਆ ਗੁਰਪ੍ਰੀਤ ਬਾਰੇ ਸੋਚ ਰਹੀ ਸੀ ਉਸਨੂੰ ਖੁਦ ਨੂੰ ਅੰਦਰੋ ਕੁਝ ਵੀ ਵਧੀਆ ਮਹਿਸੂਸ ਨਹੀਂ ਹੋ ਰਿਹਾ ਸੀ।ਪ੍ਰਭ ਨੇ ਦੁਬਾਰਾ ਫੇਰ ਕਿਹਾ ਨਾਜ਼ੋ ਮੈਨੂੰ ਲਗਦਾ ਤੂੰ ਕਿਸੀ ਗਲ ਚ ਫਸੀ ਹੋਈ ਆਂ ਜਿਹੜੀ ਵੀ ਗੱਲ ਆ ਮੈਨੂੰ ਦੱਸ ਮੈਂ ਹੱਲ ਕਰੂਗੀ।ਨਾਜ਼ੀਆ ਗੁਰਪ੍ਰੀਤ ਵਾਲੀ ਗੱਲ ਹਜੇ ਪ੍ਰਭ ਨਾਲ ਨਹੀਂ ਕਰਨਾ ਚਾਹੁੰਦੀ ਸੀ।ਕਿਉਕਿ ਨਾਜ਼ੀਆ ਆਪਣੀ ਲਾਈਫ ਦੇ ਪਰਸਨਲ ਫੈਸਲੇ ਖੁਦ ਹੀ ਲੈਂਦੀ ਸੀ।ਪ੍ਰਭ ਨੂੰ ਸ਼ੱਕ ਨਾ ਹੋਵੇ ਇਸ ਲਈ ਪ੍ਰਭ ਦਾ ਹੱਥ ਪਕੜ ਕੇ ਆਪਣੇ ਦੋਵਾਂ ਹੱਥਾਂ ਵਿਚ ਰੱਖ ਕੇ ਬੋਲਿਆ ਕੇ ਪ੍ਰਭੂ ਜੀ ਕੋਈ ਵੀ ਐਸੀ ਗੱਲ ਨਹੀਂ ਹੈ।ਕਦੇ ਵੀ ਕੋਈ ਫ਼ਿਕਰ ਵਾਲੀ ਗੱਲ ਹੋਏਗੀ ਸਭ ਤੋਂ ਪਹਿਲਾਂ ਮੈਂ ਤੇਰੇ ਨਾਲ ਹੀ ਸ਼ੇਅਰ ਕਰੁਗੀਂ।ਮੈਂ ਤਾਂ ਸਿਰਫ ਨਵੇਂ ਟੀਚਰਾਂ ਬਾਰੇ ਸੋਚ ਰਹੀ ਹਾਂ।ਇਹ ਸੁਣ ਕੇ ਪ੍ਰਭ ਵੀ ਉਸ ਨਾਲ ਨਵੇਂ ਟੀਚਰਾਂ ਬਾਰੇ ਗੱਲਾਂ

ਕਰਨ ਲੱਗ ਗਈ।

ਨਵੀਆਂ ਕਲਾਸਾਂ ਕਰਕੇ ਹਜੇ ਪੜ੍ਹਾਈ ਚੰਗੀ ਤਰਾਂ ਸ਼ੁਰੂ ਨਹੀ ਹੋਈ ਸੀ।ਟੀਚਰ ਵੀ ਚੰਗੀ ਤਰਾਂ ਨਹੀਂ ਸੀ ਆ ਰਹੇ ਹਜੇ।ਅੱਜ ਵੀ ਬ੍ਰੇਕ ਤੋਂ ਬਾਅਦ ਸਾਰੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ।ਪ੍ਰਭ ਅਤੇ ਨਾਜ਼ੀਆ ਨੇ ਘੁੰਮਣ ਜਾਣ ਦੀ ਸਲਾਹ ਬਣਾ ਲਈ ਅਤੇ ਓਹ ਪਵਿਲਿਅਨ ਮਾਲ ਘੁੰਮਣ ਚਲੇ ਗਈਆਂ ਘੁੰਮਦੇ ਘੁੰਮਦੇ ਘੰਟਾ ਬੀਤ ਗਿਆ।ਫੇਰ ਘੰਟਾ ਘਰ ਆ ਕੇ ਪੀਜ਼ਾ ਖਾਧਾ ਅਤੇ ਵਾਪਸ ਘਰ ਆ ਗਈਆਂ।ਘਰ ਆ ਕੇ ਨਾਜ਼ੀਆ ਸੋ ਗਈ।

ਸ਼ਾਮੀ 5  ਵਜੇ ਉੱਠ ਕੇ ਨਾਜ਼ੀਆ ਨੇ ਮਗਰਬ ਦੀ ਨਮਾਜ਼ ਪੜ੍ਹੀ ,ਚਾਹ ਪੀਤੀ ਤਾਂ ਮਾਮੀ ਜੀ ਨੇ ਕਿਹਾ ਕਿ ਨਾਜ਼ੋ ਮੈਂ ਬਜਾਰ ਜਾਣਾ ਮੇਰੇ ਨਾਲ ਚਲੇਗੀ ਤਾਂ ਨਾਜ਼ੀਆ ਮਾਮੀ ਨਾਲ ਬਜਾਰ ਚਲੇ ਗਈ।ਓਹ ਲੋਕਲ ਬਜਾਰ ਵਿੱਚ ਗਈਆਂ ਥੋੜ੍ਹਾ ਘਰ ਦਾ ਰਾਸ਼ਨ ਦਾ ਸਮਾਨ ਖ੍ਰੀਦ ਕੇ ਵਾਪਸ ਆ ਗਈਆਂ।ਤਦ ਤਕ ਮਾਮਾ ਜੀ ਵੀ ਘਰ ਆ ਚੁੱਕੇ ਸੀ,ਅੱਜ ਨਾਜ਼ੀਆ ਨੇ ਮਾਮੀ ਜੀ ਨਾਲ ਖਾਣਾ ਬਣਾਇਆ,ਸਾਰਿਆਂ ਨੇ ਇਕਠੇ ਬੈਠ ਕੇ ਖਾਧਾ।

ਨਾਜ਼ੀਆ ਦੇ ਅੱਬੂ ਦੀ ਵੀਡਿਉ ਕਾਲ ਆ ਗਈ ਓਹ ਵੀਡਿਉ ਕਾਲ ਤੇ ਗੱਲ ਕਰਨ ਲੱਗ ਗਈ ਵਾਰੀ ਵਾਰੀ ਸਾਰਿਆਂ ਨਾਲ ਗੱਲ ਕਰਕੇ ਫੋਨ ਕੱਟ ਦਿੱਤਾ।ਫੇਰ ਖਾਣਾ ਖਾ ਕੇ ਅਤੇ ਚਾਹ ਲੈਕੇ ਵਾਪਸ ਰੂਮ ਵਿਚ ਆ ਗਈ।ਰੂਮ ਚ ਆ ਕੇ ਜਦ ਫੋਨ ਦੇਖਿਆ ਤਾਂ ਗੁਰਪ੍ਰੀਤ ਦੇ ਮੈਸੇਜ ਆਏ ਹੋਏ ਸੀ।

ਸਲਾਮ ਨਾਜ਼ੀਆ,ਕਿਵੇਂ ਹੋ।

ਨਾਜ਼ੀਆ: ਵਾ ਸਲਾਮ,ਵਧੀਆ।

ਗੁਰਪ੍ਰੀਤ ਹਜੇ ਆਫਲਿਨ ਸੀ।ਥੋੜੀ ਦੇਰ ਬਾਅਦ ਦੁਬਾਰਾ ਮੈਸੇਜ ਆਇਆ।

ਗੁਰਪ੍ਰੀਤ: ਕਾਲਜ ਦਾ ਪਹਿਲਾ ਦਿਨ ਕਿਵੇਂ ਰਿਹਾ ਤੁਹਾਡਾ?

ਨਾਜ਼ੀਆ: ਵਧੀਆ ਸੀ।

ਗੁਰਪ੍ਰੀਤ: ਖਾਣਾ ਖਾ ਲਿਆ ਤੁਸੀਂ?

ਨਾਜ਼ੀਆ: ਹਮਮ।

ਗੁਰਪ੍ਰੀਤ: ਤੁਸੀ ਇੱਕਲਾ ਪੜਦੇ ਹੀ ਹੋ ਜਾਂ ਲਿਖਦੇ ਵੀ ਹੋ?

ਨਾਜ਼ੀਆ: ਨਹੀਂ ਮੈਂ ਕਦੇ ਲਿਖਿਆ ਨਹੀਂ ਬਸ ਪੜਦੀ ਹੀ ਹਾਂ।

ਗੁਰਪ੍ਰੀਤ:ਠੀਕ,ਮੈਂ ਤਹਾਨੂੰ "ਰਾਣੀ ਤੱਤ" ਗਿਫ਼ਟ ਕੀਤੀ ਸੀ ਕਿਵੇਂ ਲੱਗੀ।

ਨਾਜ਼ੀਆ: ਹਮਮਮ,ਮੈਂ ਪੜ੍ਹੀ ਸੀ ਪਰ ਥੋੜੀ ਕੂ ਹੀ ਪੜ੍ਹੀ।

ਗੁਰਪ੍ਰੀਤ: ਓਕੇ,ਪੜ੍ਹਿਓ ਜਰੂਰ।

ਨਾਜ਼ੀਆ:ਓਕੇ।ਗੁੱਡ ਨਾਈਟ ,ਬਾਏ।

ਗੁਰਪ੍ਰੀਤ: ਓਕੇ ਜੀ ਗੁੱਡ ਨਾਈਟ,ਟੇਕ ਕੇਅਰ,

ਸਵੀਟ ਡ੍ਰੀਮਸ ਟਾਟਾ।

ਨਾਜ਼ੀਆ ਮੈਸੇਜ ਸੀਨ ਕਰਕੇ ਸ਼ੱਡ ਦਿੰਦੀ ਆ ਅਤੇ ਫੋਨ ਰੱਖ ਦਿੰਦੀ ਆ।

ਅਸਲ ਚ ਨਾਜ਼ੀਆ ਨੂੰ ਨੀਂਦ ਤਾਂ ਨਹੀਂ ਆਈ ਸੀ ਪਰ ਉਸਨੂੰ ਸਮਝ ਨਹੀਂ ਆ ਰਿਹਾ ਸੀ ਕੇ ਕੀ ਗੱਲ ਕਰਾਂ ਇਸ ਲਈ ਉਸਨੇ ਬਾਏ ਬੋਲ ਦਿੱਤੀ ਸੀ।ਫੇਰ ਓਹ ਗਾਣੇ ਸੁਣਦੀ ਸੁਣਦੀ ਸੌਂ ਗਈ।

ਗੁਰਪ੍ਰੀਤ ਦਾ ਹਜੇ ਦਿਲ ਕਰਦਾ ਸੀ ਹੋਰ ਗੱਲ ਕਰਨ ਦਾ ਪਰ ਉਸਨੂੰ ਵੀ ਸਮਝ ਨਹੀਂ ਆਉਂਦਾ ਸੀ ਕੇ ਕੀ ਗੱਲ ਕੀਤੀ ਜਾਵੇ।ਫੇਰ ਉਸਨੇ ਕਾਪੀ ਕਲਮ ਚੱਕ ਲਈ ਅਤੇ ਇੱਕ ਕਵਿਤਾ ਲਿਖ ਦਿੱਤੀ।

**ਮੈਂ ਲਿਖਣ ਦਾ ਆਦੀ ਹਾਂ, ਓਹ ਸ਼ੋਕਣ ਪੜਨੇ ਦੀ।।**

**ਮੈਂ ਵਜ੍ਹਾ ਰਹਿੰਦਾ ਲੱਭਦਾ, ਉਸ ਨਾਲ ਗੱਲ ਕਰਨੇ ਨੇ।।**

**ਓਹਦੇ ਬਰਥਡੇ ਤੇ ਓਹਨੂੰ, ਮੈਂ ਗਾਣੀ ਤੱਤ ਲੈ ਦਿੱਤਾ।।**

**ਓਹਨੂੰ ਦੱਸਣਾ ਬਾਕੀ ਏ, ਰੱਬ ਨੂੰ ਤੇ ਕਹਿ ਦਿੱਤਾ।।**

**ਮੈਂ ਪਾਣੀ ਨਹਿਰਾਂ ਦਾ, ਓਹ ਤਸਵੀਰ ਕੋਈ ਝਰਨੇ ਦੀ।।**

**ਮੈਂ ਲਿਖਣ ਦਾ ਆਦੀ ਹਾਂ, ਓਹ ਸ਼ੋਕਣ ਪੜਨੇ ਦੀ।।**

ਓਹਨੇ ਇਕ ਡਾਇਰੀ ਰੱਖੀ ਹੋਈ ਸੀ ਅਤੇ ਸੋਚਿਆ ਹੋਇਆ ਸੀ ਕੇ ਇਕ ਵਾਰ ਨਾਜ਼ੀਆ ਨੂੰ ਇਹ ਡਾਇਰੀ ਜਰੂਰ ਪੜਾਉਣੀ ਹੈ।।ਕਵਿਤਾ ਲਿਖ ਕੇ ਓਹ ਸੌਂ ਗਿਆ।।

✿✿✿✿✿✿

## ਭਾਗ -8

ਸੁਣਿਆ ਹੀ ਸੀ ਕੇ ਜਦੋਂ ਕਿਸੀ ਨੂੰ ਪਿਆਰ ਹੋ ਜਾਂਦਾ ਹੈ ਤਾਂ ਓਹ ਆਪਣੇ ਆਪ ਨੂੰ ਭੁੱਲ ਕੇ ਆਪਣੇ ਮਹਿਬੂਬ ਬਾਰੇ ਹੀ ਸੋਚਦਾ ਰਹਿੰਦਾ ਆ।

ਇਹੀ ਹਾਲ ਗੁਰਪ੍ਰੀਤ ਦਾ ਸੀ ਓਹ ਹਰ ਵਕਤ ਸੋਚਦਾ ਰਹਿੰਦਾ ਸੀ ਕੇ ਹੁਣ ਨਾਜ਼ੀਆ ਕੀਂ ਕਰ ਰਹੀ ਹੋਵੇਗੀ, ਕਾਲਜ ਪੁੱਜ ਗਈ ਹੋਵੇਗੀ, ਓਹ ਖਾਣਾ ਖਾ ਰਹੀ ਹੋਵੇਗੀ,ਕਦੇ ਓਹ ਸੋਚਦਾ ਕੇ ਪ੍ਰਭ ਕਿੰਨੀ ਕਿਸਮਤ ਵਾਲੀ ਆ ਕਦੇ ਵੀ ਉਸਨੂੰ ਮਿਲਣ ਜਾ ਸਕਦੀ ਆ।ਕਦੇ ਵੀ ਉਸ ਨਾਲ ਫੋਨ ਤੇ ਗੱਲ ਕਰ ਸਕਦੀ ਆ।ਓਹ ਹੁਣ ਅਕਸਰ ਇਹਨਾਂ ਗੱਲਾਂ ਨੂੰ ਹੀ ਸੋਚਦਾ ਰਹਿੰਦਾ ਸੀ।ਉਸਦੇ ਘਰ ਦੇ ਵੀ ਪੁੱਛਦੇ ਕੇ ਗੋਪੂ ਕੀ ਹੋਇਆ ਤਾਂ ਓਹ ਕੁਝ ਨਾ ਦਸਦਾ, ਬਸ ਹਮੇਸ਼ਾ ਸੋਚਾਂ ਵਿਚ ਪਿਆ ਰਹਿੰਦਾ ਸੀ ਜਾਂ ਫੇਰ ਕਾਪੀ ਚੱਕ ਕੇ ਲਿਖਣ ਬਹਿ ਜਾਂਦਾ ਸੀ।ਉਸਨੂੰ ਉਡੀਕ ਸੀ ਕਦੋਂ ਟਿਉਸ਼ਨ ਸਟਾਰਟ ਹੋਵੇ।

ਨਾਜ਼ੀਆ ਅੱਜ ਫੇਰ ਕਾਲਜ ਗਈ,ਅੱਜ ਦਾ ਦਿਨ ਵੀ ਫ੍ਰੀ ਹੀ ਰਿਹਾ।ਅੱਗੇ ਸ਼ਨੀਵਾਰ ਐਤਵਾਰ ਸੀ,ਕਾਲਜ ਵਾਲਿਆਂ ਨੇ ਕਹਿ ਦਿੱਤਾ ਕਿ ਸੋਮਵਾਰ ਤੋਂ ਪ੍ਰੋਪਰ ਕਲਾਸਾਂ ਹੋਣਗੀਆਂ।ਚਾਹੋ ਤਾਂ ਸਿੱਧਾ ਸੋਮਵਾਰ ਹੀ ਆਈਓ।ਨਾਜ਼ੀਆ ਨੇ ਘਰ ਫੋਨ ਕੀਤਾ ਅਤੇ ਅੱਬੂ ਨੂੰ ਦੱਸਿਆ ਕਿ ਓਹ ਸੋਮਵਾਰ ਤੱਕ ਫ੍ਰੀ ਆ,ਮੇਰਾ ਘਰ ਆਉਣ ਨੂੰ ਦਿਲ ਕਰਦਾ।ਓਹਨਾ ਨੇ ਵਕਤ ਕਿਹਾ ਬੇਟਾ ਮੈਂ ਤਾਂ ਬੀਜੀ ਆ ਲੇਕਿਨ ਮੈਂ ਡਰਾਈਵਰ ਨੂੰ ਭੇਜ ਦਿੰਦਾ ਸ਼ਾਮ ਨੂੰ ਤੈਨੂੰ ਲਈ ਜਾਊਗਾ, ਕਹਿ ਕੇ ਫੋਨ ਕੱਟ ਦਿੱਤਾ ਸ਼ਾਮ ਨੂੰ ਡਰਾਈਵਰ ਆ ਕੇ ਨਾਜ਼ੀਆ ਨੂੰ ਲੈ ਗਿਆ।ਘਰ ਜਾ ਕੇ ਨਾਜ਼ੀਆ ਬਹੁਤ ਖੁਸ਼ ਸੀ,ਓਹ  ਸਭ ਨੂੰ ਮਿਲੀ।ਉਸਦੇ ਅੰਮੀ ਨੇ ਨਾਜ਼ੀਆ ਦੇ ਮਨਪਸੰਦ ਖਾਣਾ ਬਣਾਇਆ ਤੇ ਦੱਸਣ ਲੱਗੇ ਕੇ ਆਪਣੇ ਨਾਲ ਦੀ ਗਲੀ ਵਾਲਿਆਂ ਦੀ ਹਰਮਨ ਦਾ ਵਿਆਹ ਆ ਪਰਸੋਂ ਨੂੰ ਚੰਗਾ ਕੀਤਾ ਤੂੰ ਆ ਗਈ।ਓਹ ਹੈਰਾਨ ਹੋ ਗਈ ਸੁਣ ਕੇ ਹਰਮਨ ਉਸ ਤੋਂ ਇਕ ਕਲਾਸ ਅੱਗੇ ਹੁੰਦੀ ਸੀ ਕੇ ਓਹਦਾ ਵਿਆਹ ਵੀ ਏਨੀ ਜਲਦੀ ਹੋ ਰਿਹਾ ਸੀ।ਨਾਜ਼ੀਆ ਦੇ ਅੰਮੀ ਨੇ ਦੱਸਿਆ ਕਿ ਮੁੰਡਾ ਆਸਟ੍ਰੇਲੀਆ ਤੋਂ ਆਇਆ ਹੋਇਆ ਸੀ ਤਾਂ ਕਰਕੇ ਹਰਮਨ ਦੇ ਘਰਦਿਆਂ ਨੇ ਹਾਂ ਕਰ ਦਿੱਤੀ, ਨਾਜ਼ੀਆ ਕੇਹੰਦੀ ਅੰਮੀ

ਹਰਮਨ ਦੇ ਕੁਝ ਸੁਪਨੇ ਹੋਣਗੇ।ਓਹ ਤਾਂ ਹਜੇ ਖੁਦ ਬੱਚਿਆਂ ਵਰਗੀ ਆ ਕਿਵੇਂ ਉਸ ਦਾ ਵਿਆਹ ਕਰ ਰਹੇ ਆ।ਉਸਦੇ ਅੰਮੀ ਕਹਿੰਦੇ ਪੁੱਤ ਇਹ ਹੁਣ ਓਹਦੇ ਘਰਦਿਆਂ ਨੇ ਕੁਝ ਸੋਚ ਕੇ ਹੀ ਫੈਂਸਲਾ ਕੀਤਾ ਹੋਵੇਗਾ।ਹਜੇ ਏਦਾਂ ਹੀ ਗੱਲ ਕਰ ਰਹੇ ਸੀ ਕੇ ਨਾਜ਼ੀਆ ਦਾ ਫੋਨ ਵੱਜ ਗਿਆ।ਫੋਨ ਨਾਜ਼ੀਆ ਦੇ ਅੱਬੂ ਦਾ ਸੀ,ਓਹਨਾਂ ਨੇ ਪੁੱਛਣ ਲਈ ਫੋਨ ਕੀਤਾ ਸੀ ਕੇ ਨਾਜ਼ੋ ਪੁੱਤ ਕੀ ਖਾਣਾ ਅੱਜ,ਤਾਂ ਨਾਜ਼ੀਆ ਨੇ ਕਿਹਾ ਕੇ ਅੱਬੂ ਅੰਮੀ ਨੇ ਖਾਣਾ ਬਣਾ ਲਿਆ ਹੋਇਆ ਤੁਸੀਂ ਕੁਝ ਨਾ ਲੈਕੇ ਆਈਓ।ਥੋੜੀ ਦੇਰ ਬਾਅਦ ਗੱਡੀ ਦਾ ਹਾਰਨ ਵੱਜਿਆ ਬਾਹਰ ਉਸਦੇ ਅੱਬੂ ਆ ਗਏ ਸੀ। ਭੱਜ ਕੇ ਨਾਜ਼ੀਆ ਆਪਣੇ ਅੱਬੂ ਦੇ ਗਲ ਲੱਗ ਗਈ।ਉਸਦੇ ਅੱਬੂ ਨੇ ਕਿਹਾ ਅੱਖਾਂ ਬੰਦ ਕਰ ਜਦ ਨਾਜ਼ੀਆ ਨੇ ਅੱਖਾਂ ਬੰਦ ਕੀਤੀਆਂ ਤਾਂ ਉਸਦੇ ਹੱਥ ਉੱਤੇ ਕਿਟਕੈਟ ਚੋਕਲੇਟ ਦਾ ਪੂਰਾ ਡੱਬਾ ਰੱਖ ਦਿੱਤਾ ਜਦ ਨਾਜ਼ੀਆ ਨੇ ਅੱਖਾਂ ਖੋਲ ਕੇ ਦੇਖਿਆ ਤਾਂ ਓਹਨੇ ਖੁਸ਼ ਹੋਕੇ ਘੁੱਟ ਕੇ ਜੱਫੀ ਪਾ ਲਈ।ਪਿੱਛੇ ਅੰਮੀ ਖੜੇ ਸਾਰਾ ਕੁਝ ਦੇਖ ਰਹੇ ਸੀ।ਓਹਨਾ ਆਖਿਆ ਦੇਖ ਕਿੱਦਾਂ ਹੁਣ ਅੱਬੂ ਨੂੰ ਚਿੰਬੜੀ ਆ।ਅੱਬੂ ਨੂੰ ਜਿਆਦਾ ਪਿਆਰ ਕਰਦੀ ਆ।

ਬੇਟਾ ਪੜਾਈ ਕਿਵੇਂ ਚਲ ਰਹੀ ਆ ਤੇਰੀ ਅੱਬੂ ਨੇ ਪੁੱਛਿਆ,ਅੱਬੂ ਹਜੇ ਕਲਾਸਾਂ ਨਹੀਂ ਸ਼ੁਰੂ ਹੋਈਆਂ ਬਸ 3-4 ਦਿਨ ਹੀ ਗਏ ਆ ਬਹਿ ਕੇ ਆ ਜਾਂਦੇ ਹਾਂ,ਹੁਣ ਕਿਹਾ ਕੇ ਸੋਮਵਾਰ ਤੋਂ ਪ੍ਰੋਪਰ ਕਲਾਸਾਂ ਲੱਗਣੀਆਂ।ਫੇਰ ਓਹਨਾ ਨੇ ਪੁੱਛਿਆ ਤੇਰੀ ਅੰਮੀ ਦੇ ਭਰਾ ਦੇ ਘਰ ਕੋਈ ਮਸਲਾ ਤਾਂ ਨਹੀਂ ਤੈਨੂੰ,ਨਾਜ਼ੀਆ ਨੇ ਕਿਹਾ ਨਹੀਂ ਬਿਲਕੁਲ ਵੀ ਨਹੀਂ ਸੇਮ ਘਰ ਵਾਂਗ ਹੀ ਆ ਮੈਨੂੰ ਓਥੇ ਵੀ, ਪਰ ਕਦੇ ਕਦੇ ਦਿਲ ਨਹੀਂ ਲਗਦਾ।ਘਰ ਦੀ ਯਾਦ ਤਾਂ ਆਉਂਦੀ ਹੀ ਆ।ਫੇਰ ਖਾਣਾ ਖਾਣ ਲੱਗ ਗਏ।ਖਾਣਾ ਖਾ ਕੇ ਨਾਜ਼ੀਆ ਨਮਾਜ਼ ਪੜ੍ਹਨ ਚਲੇ ਗਈ।ਨਮਾਜ਼ ਤੋਂ ਵਾਪਸ ਆ ਕੇ ਉਸਨੇ ਚਾਹ ਪੀਤੀ ਤੇ ਆਪਣੇ ਕਮਰੇ ਵਿਚ ਚਲੇ ਗਈ।ਜਾਕੇ ਫੋਨ ਓਨ ਕੀਤਾ ਤਾਂ,ਪ੍ਰਭ ਤੇ ਗੁਰਪ੍ਰੀਤ ਦੇ ਮੈਸਜ ਆਏ ਹੋਏ ਸੀ।

ਗੁਰਪ੍ਰੀਤ ਨੂੰ ਨਾਜ਼ੀਆ ਨੇ ਸਲਾਮ ਕਹਿ ਕੇ ਆਪਣਾ ਹਾਲ ਚਾਲ ਦੱਸ ਕੇ ਕਹਿ ਦਿੱਤਾ ਕਿ ਮੈਂ ਆਪਣੇ ਪਿੰਡ ਆਈ ਹੋਈਂ ਆ ਸੋਮਵਾਰ ਤਕ ਮੈਂ ਵਾਪਸ ਆ ਜਾਣਾ ਉਦੋਂ ਤਕ ਮੈਨੂੰ ਕੋਈ ਵੀ ਮੈਸੇਜ ਨਾ ਕਰਿਓ।ਮੈਸੇਜ ਦੇਖ ਕੇ ਗੁਪਰੀਤ ਨੇ ਕੋਈ ਹੋਰ ਗੱਲ ਨਹੀਂ ਕੀਤੀ ਗੁੱਡ ਨਾਇਟ ਬੋਲ ਕੇ ਆਪਣਾ ਖਿਆਲ ਰੱਖਿਓ ਕਹਿ ਕੇ ਬਾਏ ਬੋਲ ਦਿੱਤੀ।

ਨਾਜ਼ੀਆ ਨੂੰ ਨੀਂਦ ਨਹੀਂ ਆ ਰਹੀ ਸੀ ਓਹ ਅੱਜ ਬਹੁਤ ਹੀ ਰਿਲੈਕਸ ਫ਼ੀਲ ਕਰ ਰਹੀ ਸੀ।ਮੌਸਮ ਵੀ ਠੰਡਾ ਸੀ।ਓਹਨੇ ਆਪਣਾ ਲੈਪਟਾਪ ਚੱਕ ਲਿਆ ਯੂਟਿਊਬ ਤੇ ਕੁਝ ਦੇਖਣ ਲੱਗੀ ਓਹ ਹਜੇ ਕੁਝ ਲਭ ਹੀ ਰਹੀ ਸੀ ਕੇ ਉਸਨੂੰ ਇੱਕ ਸਤਿੰਦਰ ਸਰਤਾਜ ਦੀ ਇੰਟਰਵਿਊ ਮਿਲ ਗਈ ਓਹ ਉਸਨੂੰ ਸੁਣਨ ਲੱਗ ਗਈ ।ਉਸ ਵਿੱਚ ਕੁਝ ਲਾਈਨਾਂ ਸਨ ਜਿਨ੍ਹਾਂ ਨੂੰ ਸੁਣ ਕੇ ਨਾਜ਼ੀਆ ਦੀ ਨੀਂਦ ਹੀ ਉੱਡ ਗਈ ਓਹ ਸਾਰੀ ਰਾਤ ਓਹੀ ਰਪੀਟ ਤੇ ਸੁਣਦੀ ਰਹੀ।ਸੁਣਦੇ ਸੁਣਦੇ ਰਾਤ ਦੇ 2:30 ਵੱਜ ਗਏ।ਇਹ ਲਾਈਨਾਂ ਸਰਤਾਜ ਜੀ ਨੇ ਲਿਖੀਆਂ ਹੀ ਏਨਾ ਖ਼ੂਬਸੂਰਤ ਸੀ ਕੇ ਸੁਣਕੇ ਕੋਈ ਵੀ ਕੀਲਿਆ ਜਾਂਦਾ।

**ਜਿਹੜਾ ਭੋਰਿਆਂ ਗੁਲਾਬਾਂ ਵਿੱਚੋ ਰਸ ਇੱਕਠਾ ਕੀਤਾ ਸੀ ,**

**ਓਹੋ ਕਮਲਾ ਦੇ ਪੱਤਿਆਂ ਤੇ ਪਾ ਕੇ ਦੇ ਗਏ।।**

**ਮਧੂ ਮੱਖੀਆਂ ਦੇ ਟੋਲੇ ਸਾਡੇ ਜਜ਼ਬੇ ਨੂੰ ਦੇਖ,**

**ਸ਼ਹਿਦ ਆਪਣਿਆ ਛੱਤਿਆਂ ਚੋਂ ਲਾਹ ਕੇ ਦੇ ਗਏ।।**

**ਅਸੀਂ ਕੀ ਕੀਤਾ.......**

**ਅਸੀਂ ਰਸ ਅਤੇ ਸ਼ਹਿਦ ਵਿਚ ਸ਼ਬਦ ਮਿਲਾ ਕੇ,**

**ਸੁੱਚੇ ਇਸ਼ਕੇ ਦੀ ਚਾਸ਼ਨੀ ਬਣਾਈ ਆਣ ਕੇ।।**

**ਸ਼ਾਇਦ ਓਹਨੂੰ ਵੀ ਪਿਆਰ ਵਾਲੀ ਮਹਿਕ ਜਹੀ ਆਵੇ,**

**ਅਸੀਂ ਫੁੱਲਾਂ ਉੱਤੇ ਤਿਤਲੀ ਬਿਠਾਈ ਜਾਣ ਕੇ।।**

**ਸ਼ਾਇਦ ਲੱਭਦਾ ਲਭਾਉਂਦਾ ਕਦੇ ਸਾਡੇ ਤੀਕ ਆਵੇ,**

**ਅਸੀਂ ਓਹਦੀ ਇਕ ਚੀਜ਼ ਲੁਕਾਈ ਜਾਣ ਕੇ।।**

ਦੂਜੇ ਪਾਸੇ ਨਾਜ਼ੀਆ ਨਾਲ ਗੱਲ ਕਰਕੇ ਗੁਰਪ੍ਰੀਤ ਹੋਰ ਵੀ ਸੈਡ ਹੋਗਿਆ ਸੀ, ਕੀ ਹੁਣ ਸੋਮਵਾਰ ਤੱਕ ਹਾਲ ਚਾਲ ਵੀ ਨਹੀਂ ਪੁੱਛਿਆ ਜਾਣਾ।

ਓਹਨੇ ਮੰਨ ਬਣਾ ਲਿਆ ਸੀ ਕੇ ਹੁਣ ਜਦ ਵੀ ਨਾਜ਼ੀਆ ਨੂੰ ਮਿਲੇਗਾ ਤਾਂ ਆਪਣੇ ਦਿਲ ਦੀ ਗੱਲ ਕਹਿ ਦੇਵੇਗਾ।ਓਹ ਡਰ ਵੀ ਰਿਹਾ ਸੀ ਕੇ ਨਾਜ਼ੀਆ ਤਾਂ ਮੇਰੇ ਨਾਲ ਗੱਲ ਕਰਨ ਚ ਵੀ ਇੰਟਰਸਟ ਨਹੀਂ ਦਿਖਾਉਂਦੀ, ਓਹ ਮੈਨੂ ਸਵੀਕਾਰ ਕਿਵੇਂ ਕਰੇਗੀ।ਓਹਨੇ ਸੋਚਿਆ ਕੇ ਓਹ ਪ੍ਰਭ ਦੇ ਰਾਹੀਂ ਆਪਣੀ ਗੱਲ ਕਰੇਗਾ।ਬਸ ਏਦਾਂ ਦੀਆਂ ਗੱਲਾਂ ਹੀ ਸੋਚ ਰਿਹਾ ਸੀ,

ਓਹ ਆਪਣੇ ਜਜ਼ਬਾਤਾਂ ਨੂੰ ਕਾਪੀ ਤੇ ਉਤਾਰਨ ਹੀ ਲੱਗਿਆ ਸੀ ਕੇ,ਉਦੋਂ ਹੀ ਉਸਨੂੰ ਕਿਸੀ ਨੇ ਬਾਹਰੋ ਅਵਾਜ਼ ਮਾਰ ਲਈ ਜਦੋਂ ਉਸਨੇ ਬਾਹਰ ਜਾ ਕੇ ਵੇਖਿਆ ਤਾਂ ਬਾਹਰੋ ਚੀਕਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ ਆਵਾਜ਼ਾਂ ਸੁਣਕੇ ਕੇ ਓਹ ਘਬਰਾ ਗਿਆ।

✿✿✿✿✿✿

## ਭਾਗ-9

ਜਦੋਂ ਗੁਰਪ੍ਰੀਤ ਨੇ ਬਾਹਰ ਨਿਕਲ ਕੇ ਵੇਖਿਆ ਤਾਂ ਬਾਹਰ ਬਹੁਤ ਤੇਜ਼ ਹਨੇਰੀ ਚਲ ਰਹੀ ਸੀ।ਤੇਜ਼ ਹਨੇਰੀ ਨਾਲ ਇਕ ਬਿਜਲੀ ਦਾ ਖੰਭਾਂ ਸਾਹਮਣੇ ਘਰ ਤੇ ਗਿਰ ਗਿਆ।ਜਿਸ ਕਰਕੇ ਬਾਹਰ ਲੋਕਾਂ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਸੀ।ਹਲਕੀ ਹਲਕੀ ਬਾਰਿਸ਼ ਸ਼ੁਰੂ ਹੋ ਗਈ ਸੀ।ਓਹਦੇ ਮੰਮੀ ਪਾਪਾ ਨਾਨਕੀ ਗਏ ਹੋਏ ਸੀ ਓਹ ਘਰ ਇਕੱਲਾ ਹੀ ਸੀ।ਉਸਨੇ ਜਲਦੀ ਜਲਦੀ ਬਾਹਰੋਂ ਕਪੜੇ ਚੱਕ ਕੇ ਅੰਦਰ ਰੱਖੇ ਤੇ ਦਰਵਾਜਾ ਬੰਦ ਕਰਕੇ ਅੰਦਰ ਆ ਗਿਆ।ਅੰਦਰ ਆ ਕੇ ਉਸਨੇ ਖਾਣਾ ਗਰਮ ਕਰਕੇ ਖਾਧਾ ਅਤੇ ਫਿਲਮ ਦੇਖਦਾ ਦੇਖਦਾ ਸੌਂ ਗਿਆ।

ਨਾਜ਼ੀਆ ਜਦੋਂ ਦੀ ਲੁਧਿਆਣੇ ਪੜ੍ਹਨ ਲੱਗੀ ਸੀ,ਓਹ ਆਪਣੇ ਰਿਸ਼ਤੇਦਾਰਾਂ ਨੂੰ ਬਹੁਤ ਘੱਟ ਮਿਲੀ ਸੀ।ਅੱਜ ਭੂਆ ਨੂੰ ਪਤਾ ਚਲਿਆ ਕਿ ਨਾਜ਼ੋ ਆਈ ਹੋਈ ਹੈ ਤਾਂ ਸੁਬਾਹ ਹੀ ਭੂਆ ਮਿਲਣ ਲਈ ਆ ਗਈ।ਭੂਆ ਨੂੰ ਮਿਲ ਕੇ ਨਾਜ਼ੀਆ ਬਹੁਤ ਖੁਸ਼ ਹੋਈ।ਅਸਲ ਚ ਭੂਆ ਨਾਜ਼ੀਆ ਦੇ ਅੱਬੂ ਤੋਂ ਛੋਟੀ ਸੀ।ਭੂਆ ਦਾ ਵਿਆਹ 5 ਕੁ ਸਾਲ ਪਹਿਲਾਂ ਹੀ ਹੋਇਆ ਸੀ।ਨਾਜ਼ੀਆ ਨਾਲ ਭੂਆ ਦੀ ਬਹੁਤ ਬਣਦੀ ਸੀ।ਮਿਲ ਕੇ ਨਾਸ਼ਤਾ ਕੀਤਾ ਅਤੇ ਭੂਆ ਕਾਲਜ ਦਾ ਪੁੱਛਣ ਲੱਗ ਗਈ।ਨਾਜ਼ੀਆ ਨੇ ਕਿਹਾ ਭੂਆ ਮੈਂ ਕਪੜੇ ਲੈਣੇ, ਨਵੀਆਂ ਕਿਤਾਬਾਂ ਵੀ ਲੈਣੀਆਂ ਅਤੇ ਹੋਰ ਵੀ ਸਮਾਂਨ ਲੈਣਾ।ਫੇਰ ਨਾਜ਼ੀਆ ਉਸਦੀ ਅੰਮੀ ਤੇ ਭੂਆ ਬਜਾਰ ਚਲੇ ਗਈਆਂ।ਸਾਰਾ ਸਮਾਨ ਖ੍ਰੀਦ ਲਿਆ।ਘਰ ਵਾਪਿਸ ਆਉਂਦਿਆਂ ਨੂੰ ਸ਼ਾਮ ਹੀ ਪੈ ਗਈ।ਘਰ ਆਕੇ ਨਾਜ਼ੀਆ ਨੇ ਨਮਾਜ਼ ਪੜੀ ਅਤੇ ਥੋੜੀ ਦੇਰ ਰੈਸਟ ਕਰਨ ਲਈ ਆਪਣੇ ਕਮਰੇ ਵਿਚ ਚਲੇ ਗਈ।8 ਕ ਵਜੇ ਅੰਮੀ ਹਰਮਨ ਦੀ ਜਾਗੋ ਤੇ ਜਾਣ ਲਈ ਉਠਾਉਣ ਲਈ ਆਏ।ਨਾਜ਼ੀਆ ਉੱਠ ਕੇ ਤਿਆਰ ਹੋਈ ਅਤੇ ਅੰਮੀ ਨਾਲ ਹਰਮਨ ਦੇ ਘਰ ਚਲੇ ਗਈ।ਓਥੇ ਓਸਨੂੰ ਹੋਰ ਵੀ ਕਲਾਸਮੇਟ ਮਿਲੀਆਂ।ਓਥੇ ਥੋੜੀ ਦੇਰ ਹੀ ਰੁਕੇ ਤੇ ਸ਼ਗਨ ਦੇ ਕੇ ਵਾਪਸ ਆ ਗਏ।ਘਰ ਆਕੇ ਓਹ ਫੋਨ ਚਲਾ ਰਹੀ ਸੀ।ਆਨਲਾਈਨ ਦੇਖ ਕੇ ਪ੍ਰਭ ਦਾ ਮੈਸੇਜ ਆ ਗਿਆ।

ਨਾਜ਼ੋ ਕਿਵੇਂ ਆ?

ਵਧੀਆ ਪ੍ਰਭੂ ਜੀ, ਤੁਸੀ ਕਿਵੇਂ ਹੋ?

ਪ੍ਰਭ: ਮੈਂ ਵੀ ਵਧੀਆ, ਤੂੰ ਤਾਂ ਘਰ ਜਾ ਕੇ ਭੁੱਲ ਹੀ ਜਾਂਦੀ ਆਂ ਇਕ ਮੈਸਜ ਵੀ ਨਹੀਂ ਕਰਦੀ।

ਨਾਜ਼ੀਆ:ਨਹੀਂ ਯਾਰ ਅੱਜ ਬਿਜ਼ੀ ਸੀ ਪਤਾ ਹੀ ਨੀ ਚਲਿਆ ਟਾਇਮ ਦਾ।

ਪ੍ਰਭ:ਪਰਸੋਂ ਟਾਇਮ ਨਾਲ ਆ ਜਵੀਂ। ਨਾਲੇ ਬਰਫੀ ਜਰੂਰ ਲੈਕੇ ਆਈਂ।

ਨਾਜ਼ੀਆ:ਓਕੇ ਜੀ ਹੋਰ ਕੁਝ।

ਫੇਰ ਦੋਵਾਂ ਨੇ ਬਾਏ ਬੋਲ ਦਿੱਤੀ।

ਨਾਜ਼ੀਆ ਵਟਸਐੱਪ ਸਟੇਟਸ ਦੇਖ ਰਹੀ ਸੀ,ਗੁਰਪ੍ਰੀਤ ਦਾ ਸਟੇਟਸ ਸਾਹਮਣੇ ਆ ਗਿਆ।

**ਤੂੰ ਜੋ ਜੋ ਵੀ ਆਖੇ ਸੱਜਣਾ,**

**ਮੈਂ ਤੇਰੇ ਲਈ ਸਭ ਕਰ ਜਾਵਾ।।**

**ਮੇਰਾ ਕਦੇ ਕਦੇ ਦਿਲ ਕਰਦਾ ਏ,**

**ਮੈਂ ਹਵਾ ਦਾ ਬੁੱਲਾ ਬਣ ਜਾਵਾਂ।।**

**ਮੈਂ ਚੁੰਮਾ ਤੇਰੇ ਮੱਥੇ ਨੂੰ,**

**ਹਰ ਇੱਕ ਪਲ ਤੇਰੇ ਨਾਲ ਹੋਵਾਂ।।**

**ਇੱਕ ਦੋ ਦਿਨ ਦੇ ਲਈ ਨਹੀਂ ਸੱਜਣਾ,**

**ਰੱਬ ਕਰਕੇ ਕਈ ਸੌ ਸਾਲ ਹੋਵਾਂ।।**

**ਤੂੰ ਜਿੱਥੇ ਜਿੱਥੇ ਵੀ ਜਾਵੇ,**

**ਮੈ ਨਾਲ ਤੇਰੇ ਬਸ ਖੜ੍ਹ ਜਾਵਾਂ।।**

**ਮੇਰਾ ਕਦੇ ਕਦੇ ਦਿਲ ਕਰਦਾ ਏ,**

**ਮੈਂ ਹਵਾ ਦਾ ਬੁੱਲਾ ਬਣ ਜਾਵਾਂ।।**

ਨਾਜ਼ੀਆ ਨੇ ਸਟੇਟਸ ਤੇ ਕੂਮੈਂਟ ਕੀਤਾ ਵੈਰੀ ਨਾਇਸ।

ੳਸੇ ਟਾਇਮ ਗੁਰਪ੍ਰੀਤ ਦਾ ਰਿਪਲੀ ਆ ਗਿਆ ਬਹੁਤ ਸ਼ੁਕਰੀਆ ਜੀ।ਇਕ ਦੂਜੇ ਦੀ ਖੈਰ ਖੈਰੀਅਤ ਪੁੱਛੀ। ਫੇਰ ਬਾਏ ਬੋਲ ਦਿੱਤਾ।

ਦੂਸਰੇ ਦਿਨ ਨਾਜ਼ੀਆ ਦਾ ਬਿਲਕੁਲ ਮੰਨ ਨਹੀਂ ਸੀ ਵਿਆਹ ਤੇ ਜਾਣ ਲਈ ਪਰ ਫੇਰ ਵੀ ਅੰਮੀ ਦੇ ਕਹਿਣ ਤੇ ਚਲੇ ਗਈ ਅਤੇ ਥੋੜੀ ਦੇਰ ਰੁਕ ਕੇ ਵਾਪਸ ਆ ਗਏ।ਅਸਲ ਵਿਚ ਨਾਜ਼ੀਆ ਨੂੰ ਸ਼ੁਰੂ ਤੋਂ ਹੀ ਕਿਸੀ ਦੇ ਘਰ ਜਾਣਾ ਜਾਂ ਵਿਆਹ ਸ਼ਾਦੀ ਤੇ ਜਾਣਾ ਵਧੀਆ ਨਹੀ ਲਗਦਾ ਸੀ।

ਘਰ ਵਾਪਸ ਆ ਤਾਂ ਉਸਦੇ ਅੱਬੂ ਅਤੇ ਦਾਦੀ ਵੀ ਆਏ ਹੋਏ ਸੀ।ਸਾਰੇ ਬੈਠੇ ਗੱਲਾਂ ਕਰ ਰਹੇ ਸੀ।ਨਾਜ਼ੀਆ ਤੇਰੇ ਨਾਲ ਘਰ ਚ ਰੌਣਕ ਰਹਿੰਦੀ।ਜਦੋਂ ਤੂੰ ਚਲੇ ਜਾਂਦੀ ਸੁੰਨਾ ਹੋ ਜਾਂਦਾ ਘਰ ਪੁੱਤ ਤੂੰ ਹਰ ਸ਼ਨੀਵਾਰ ਸ਼ਾਮ ਨੂੰ ਆ ਜਾਇਆ ਕਰ ਸ਼ਾਮੀ ਡਰਾਈਵਰ ਲੈਣ ਆ ਜਾਇਆ ਕਰੇਗਾ  ਅਤੇ ਸੋਮਵਾਰ ਸ਼ੱਡ ਦਿਆ ਕਰੇਗਾ।ਇਹ ਗੱਲ ਤੇ ਨਾਜ਼ੀਆ ਨੇ ਹਾਮੀ ਭਰ ਦਿੱਤੀ।ਅੱਜ ਵੈਸੇ ਵੀ ਨਾਜ਼ੀਆ ਦਾ ਆਖਰੀ ਦਿਨ ਸੀ ਕਲ ਦੁਬਾਰਾ ਕਾਲਜ ਜਾਣਾ ਸੀ।ਨਾਜ਼ੀਆ ਅੰਦਰ ਆ ਕੇ ਕੱਲ ਜਾਣ ਦੀ ਤਿਆਰੀ ਕਰਨ ਲੱਗ ਗਈ।ਸਾਰਾ ਕੁਝ ਤਿਆਰ ਕਰਕੇ ਰੱਖ ਲਿਆ ਸੀ ਵੈਸੇ ਵੀ ਸੋਮਵਾਰ ਤੋਂ ਲਗਾਤਾਰ ਕਲਾਸਾਂ ਸਟਾਰਟ ਹੋਣ ਵਾਲੀਆਂ ਸੀ।ਟਿਉਸ਼ਨ ਵੀ ਸ਼ੁਰੂ ਹੋ ਜਾਣਾਂ ਸੀ।

ਉਸਦੇ ਅੱਬੂ ਸੋਮਵਾਰ ਸਵੇਰ ਨੂੰ ਹੀ ਨਾਜ਼ੀਆ ਨੂੰ ਲੁਧਿਆਣੇ ਛੱਡ ਆਏ,ਨਾਜ਼ੀਆ ਕਾਲਜ

ਟਾਇਮ ਨਾਲ ਹੀ ਕਾਲਜ ਪੁੱਜ ਗਈ ਸੀ। ਮੈਥ, ਫਿਜ਼ੀਕਸ ਅਤੇ ਕਮਿਸਟਰੀ ਦੇ ਟੀਚਰ ਨਵੇਂ ਸੀ ਅਤੇ ਬਾਕੀ ਪੁਰਾਣੇ ਹੀ ਸੀ। ਮੈਥ ਵਾਲੀ ਮੈਡਮ ਕੇਰਲਾ ਤੋਂ ਆਈ ਸੀ।ਉਸਨੂੰ ਪੰਜਾਬੀ ਤਾਂ ਕੀ ਹਿੰਦੀ ਵੀ ਬਹੁਤ ਘਟ ਆਉਂਦੀ ਸੀ।ਓਹ ਜਿਆਦਾ ਇੰਗਲਿਸ਼ ਹੀ ਬੋਲਦੀ ਸੀ ਅਤੇ ਆਪਣੇ ਕੰਮ ਤੋਂ ਇਲਾਵਾ ਕੋਈ ਵੀ ਗੱਲ ਨਹੀਂ ਕਰਦੀ ਸੀ।

ਹੁਣ ਪੂਰੀ ਤਰ੍ਹਾਂ ਕਲਾਸਾਂ ਸ਼ੁਰੂ ਹੋ ਚੁੱਕੀਆਂ ਸਨ।ਇਸ ਵਾਰ 12ਵੀਂ ਵਿੱਚ ਟੀਚਰ ਨਾਜ਼ੀਆ ਨੂੰ CR ਬਣਾਉਣ ਲਈ ਕੇ ਰਹੇ ਸੀ ਪਰ ਨਾਜ਼ੀਆ ਨੂੰ ਪਤਾ ਸੀ ਕਿ ਇਹ ਬਹੁਤ ਜਿੰਮੇਵਾਰੀ ਵਾਲਾ ਕੰਮ ਹੈ।ਉਸਨੇ ਕਿਹਾ ਕਿ ਪ੍ਰਭ ਨੂੰ ਹੀ ਰਹਿਣ ਦਿੱਤਾ ਜਾਵੇ ਮੈਂ ਪ੍ਰਭ ਦੀ ਹੈਲਪ ਕਰ ਦਿਆ ਕਰੂੰਗੀ।ਇਸ ਵਾਰ ਵੀ ਪ੍ਰਭ ਹੀ CR ਰਹੀ।ਟਿਉਸ਼ਨ ਵੀ ਉਸੇ ਦਿਨ ਸ਼ਾਮ ਨੂੰ ਸ਼ੁਰੂ ਕਰ ਲਿਆ ਸੀ।ਗੁਰਪ੍ਰੀਤ ਵੀ ਬਹੁਤ ਖੁਸ਼ ਸੀ,ਕਿ ਹੁਣ ਨਾਜ਼ੀਆ ਨਾਲ ਰੋਜ਼ ਮੁਲਾਕਾਤ ਹੋਏਗੀ।ਇਸ ਵਾਰ ਨਾਜ਼ੀਆ ਨੇ ਪ੍ਰਭ ਨਾਲ ਗੱਲ ਕੀਤੀ ਕਿ ਆਪਾਂ ਸਾਰੇ ਸਬਜੈਕਟ ਇਕੋ ਜਗ੍ਹਾ ਤੋਂ ਹੀ ਪੜਦੇ ਹਾਂ ਤਾਂ ਦਿਨ ਵਾਲੀ ਟਿਉਸ਼ਨ ਬੰਦ ਕਰ ਦਿੱਤੀ ਅਤੇ ਇਕੱਲੀ ਸ਼ਾਮ ਵਾਲੀ ਟਿਉਸ਼ਨ ਰੱਖੀ।ਓਹਨਾ ਨੇ ਆਪਣਾ ਇਹ ਫੈਂਸਲਾ ਟਿਉਸ਼ਨ ਤੇ ਸਰ ਨੂੰ ਜਾਕੇ ਦਸਿਆ ਤਾਂ ਓਹਨੇ ਵੀ ਮਨਾ ਨਹੀਂ ਕੀਤਾ।ਹੁਣ ਓਹ ਟਿਉਸ਼ਨ ਸ਼ਾਮ ਨੂੰ 4 ਵਜੇ ਚਲੇ ਜਾਂਦੀਆਂ ਸੀ। ਮੈਥ,ਫਿਜ਼ਕਸ ਅਤੇ ਕਮਿਸਟਰੀ ਦੀ ਟਿਉਸ਼ਨ ਰੱਖੀ ਸੀ।7 ਵਜੇ ਤਕ ਟਿਉਸ਼ਨ ਕਲਾਸ ਹੁੰਦੀ ਸੀ।ਘਰ ਆਉਂਦਿਆਂ ਨੂੰ ਓਹਨਾ ਨੂੰ 7:30 ਹੋ ਜਾਂਦੇ ਸੀ।ਗੁਰਪ੍ਰੀਤ ਤਾਂ ਪਹਿਲਾ ਹੀ ਸਾਰੇ ਸਬਜੈਕਟ ਓਥੇ ਪੜ੍ਹਦਾ ਸੀ।ਇਸ ਵਾਰ ਟਿਉਸ਼ਨ ਤੇ ਕੁਝ ਨਵੇਂ ਸਟੂਡੈਂਟ ਵੀ ਆਏ ਸਨ।ਸਭ ਨੇ ਇਕ ਦੂਜੇ ਨੂੰ ਬੁਲਾਇਆ ਜਾਣ ਪਹਿਚਾਣ ਕੀਤੀ।ਓਥੇ 2 ਨਵੀਆਂ ਕੁੜੀਆਂ ਆਈਆਂ ਸਨ ਇਕ ਦਾ ਨਾਮ ਰੂਹਾਨੀ ਸੀ ਓਹ ਹਿਮਾਚਲ ਦੀ ਸੀ ਅਤੇ ਇਕ ਕੁੜੀ ਦਾ ਨਾਮ ਮਨੀਸ਼ਾ ਸੀ।ਮਨੀਸ਼ਾ ਤਾਂ ਲੁਧਿਆਣੇ ਦੀ ਹੀ ਸੀ।ਹੁਣ ਟਿਉਸ਼ਨ ਤੇ ਵੀ ਸੀਰੀਅਸ ਪੜਾਈ ਸ਼ੁਰੂ ਹੋ ਗਈ ਸੀ।

ਹੁਣ ਓਹ ਬਹੁਤ ਬੀਜੀ ਰਹਿਣ ਲਗ ਗਏ ਸੀ।ਗੁਰਪ੍ਰੀਤ ਦੇ ਦਿਲ ਵਿਚ ਸੀ ਕੇ ਸ਼ਾਇਦ ਹੁਣ ਮੈਂ ਨਾਜ਼ੀਆ ਦੇ ਨੇੜੇ ਆ ਜਾਵਾਂਗਾ।ਪਰ ਨਾਜ਼ੀਆ ਪੜਾਈ ਵਿਚ ਏਨੀ ਵਿਅਸਤ ਹੋ ਗਈ ਕੇ

ਓਹਨੇ ਹੁਣ ਫੋਨ ਚਲਾਉਣਾ ਹੀ ਬੰਦ ਕਰ ਦਿੱਤਾ ਸੀ। ਕਿਸੀ ਜਰੂਰੀ ਕੰਮ ਲਈ ਹੀ ਫੋਨ ਚਲਾਉਂਦੀ ਸੀ।ਰੂਹਾਨੀ ਵੀ ਪੜ੍ਹਨ ਵਿਚ ਕਾਫੀ ਹੁਸ਼ਿਆਰ ਸੀ।ਟਿਉਸ਼ਨ ਤੇ ਸਾਰੇ ਨਾਜ਼ੀਆ ਦੀ ਬਹੁਤ ਇੱਜਤ ਕਰਦੇ ਸਨ ਅਤੇ ਉਸਨੂੰ ਸਟਾਰ ਸਟੂਡੈਂਟ ਕਹਿੰਦੇ ਸਨ।ਰੂਹਾਨੀ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਸੀ ਉਸਨੇ ਹੁਣ ਨਾਜ਼ੀਆ ਨੂੰ ਪਿੱਛੇ ਕਰਨ ਲਈ ਪੰਗੇ ਲੈਣੇ ਸ਼ੁਰੂ ਕਰ ਦਿੱਤੇ ਸੀ।ਪਰ ਨਾਜ਼ੀਆ ਨੂੰ ਇਹ ਗੱਲਾਂ ਨਾਲ ਫਰਕ ਨਹੀਂ ਸੀ।ਓਹਨੂੰ ਬਹੁਤ ਲੋਕ ਮਿਲੇ ਸੀ ਇਸ ਤਰਾਂ ਦੇ ਓਹ ਹਮੇਸ਼ਾ ਆਪਣੀ ਚਾਲ ਚਲਦੀ ਰਹਿੰਦੀ ਸੀ।ਦਿਨ ਬੀਤਦੇ ਜਾ ਰਹੇ ਸੀ।ਨਾਜ਼ੀਆ ਬਹੁਤ ਵਿਅਸਤ ਰਹਿੰਦੀ ਸੀ ਓਹ ਤਾਂ ਇੱਕ ਤਰਾਂ ਗੁਰਪ੍ਰੀਤ ਦੀ ਦੋਸਤੀ ਵਾਲੀ ਗੱਲ ਨੂੰ ਵੀ ਭੁੱਲ ਗਈ ਸੀ।ਗੁਰਪ੍ਰੀਤ ਨੇ ਫੇਰ ਵੀ ਆਸ ਨਹੀਂ ਛੱਡੀ ਸੀ।ਦਿਨ ਬੀਤਦੇ ਜਾ ਰਹੇ ਸੀ।ਹੁਣ ਨਾਜ਼ੀਆ ਸ਼ਨੀਵਾਰ ਐਤਵਾਰ ਆਪਣੇ ਘਰ ਚਲੇ ਜਾਂਦੀ ਸੀ। ਮਈ ਮਹੀਨਾ ਵੀ ਬੀਤ ਗਿਆ। ਹੁਣ ਜੂਨ ਮਹੀਨੇ ਦੀਆਂ ਛੁੱਟੀਆਂ ਆ ਗਈਆਂ।ਕਾਲਜ ਵਾਲਿਆਂ ਨੇ 10 ਜੂਨ ਤੋਂ 11ਜੁਲਾਈ ਤਕ ਸਭ ਨੂੰ ਫ੍ਰੀ ਕਰ ਦਿੱਤਾ ਅਤੇ ਘਰੋਂ ਕਰਨ ਲਈ ਕੰਮ ਵੀ ਕਾਫੀ ਦੇ ਦਿੱਤਾ।ਟਿਉਸ਼ਨ ਵਾਲੇ ਸਰ ਨੇ ਵੀ ਕਿਹਾ ਕਿ ਤੁਸੀਂ 25 ਜੂਨ ਤੱਕ ਟਿਉਸ਼ਨ ਆਕੇ ਆਪਣਾ ਕਾਮ ਨਿਬੇੜ ਲਓ ਫੇਰ 15 ਦਿਨ ਦੀਆਂ ਟਿਉਸ਼ਨ ਤੋਂ ਵੀ ਛੁਟੀਆਂ ਲੈ ਲਿਓ ਸਭ ਨੂੰ ਇਹ ਗੱਲ ਭਾਅ ਗਈ।ਹੁਣ ਟਿਉਸ਼ਨ ਦਾ ਟਾਇਮ ਸੁਬਾਹ 11 ਤੋਂ ਦੁਪਹਿਰ 4 ਕਰ ਲਿਆ।ਸਭ ਜਲਦੀ ਜਲਦੀ ਕੰਮ ਖਤਮ ਕਰਨ ਵਿਚ ਲੱਗੇ ਹੋਏ ਸੀ।ਰੂਹਾਨੀ ਨੇ ਹੁਣ ਨਾਜ਼ੀਆ ਨਾਲ ਖਾਰ ਖਾਣੀ ਸ਼ੁਰੂ ਕਰ ਦਿੱਤੀ ਸੀ।ਓਹ ਹਮੇਸ਼ਾ ਉਸਨੂੰ ਪਿੱਛੇ ਕਰਨ ਵਿਚ ਹੀ ਲੱਗੀ ਰਹਿੰਦੀ ਸੀ।ਦੂਜੇ ਪਾਸੇ ਮਨੀਸ਼ਾ ਸ਼ੁਰੂ ਤੋਂ ਹੀ ਸਰਕਾਰੀ ਸਕੂਲ ਵਿਚ ਪੜੀ ਸੀ।ਓਹਨੇ 11ਵੀ ਘੱਟ ਨੰਬਰ ਵਿਚ ਪਾਸ ਕੀਤੀ ਸੀ।ਓਹਦੀ ਇੰਗਲਿਸ਼ ਥੋੜੀ ਕਮਜ਼ੋਰ ਸੀ।ਨਾਜ਼ੀਆ ਹਮੇਸ਼ਾ ਕਮਜ਼ੋਰ ਸਟੂਡੈਂਟ ਦੀ ਮਦਦ ਕਰਦੀ ਰਹਿੰਦੀ ਸੀ। ਓਹ ਮਨੀਸ਼ਾ ਨੂੰ ਆਪਣੇ ਨਾਲ ਬਿਠਾਣ ਲੱਗ ਗਈ ਸੀ।ਇਹਨਾਂ ਦਿਨਾਂ ਵਿਚ ਨਾਜ਼ੀਆ ਸ਼ਨੀਵਾਰ ਐਤਵਾਰ ਵੀ ਘਰ ਨਹੀਂ ਗਈ।ਓਹਨੇ ਆਪਣਾ ਕੰਮ 22ਜੂਨ ਤੱਕ ਹੀ ਖਤਮ ਕਰ ਲਿਆ ਸੀ ਅਤੇ ਹੁਣ ਟਿਉਸ਼ਨ ਬਸ ਮਨੀਸ਼ਾ ਜਾਂ ਪ੍ਰਭ ਕਰਕੇ ਆ ਰਹੀ ਸੀ।25 ਜੂਨ ਆ ਗਈ, ਸਭ ਇਕ ਦੂਜੇ ਨੂੰ ਮਿਲ ਕੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ।ਦੂਜੇ ਪਾਸੇ ਗੁਰਪ੍ਰੀਤ ਜੀ ਲਈ ਇਕ ਵਾਰ ਫੇਰ ਤੋਂ ਮੁਸੀਬਤ ਆ ਗਈ ਸੀ ਓਹਦਾ ਹੁਣ ਨਾਜ਼ੀਆ ਬਿਨਾ ਦਿਲ ਨਹੀ ਲੱਗਣਾ ਸੀ ਓਹ ਸੋਚ ਰਿਹਾ ਸੀ ਇਹ ਛੁੱਟੀਆਂ

ਬਣਾਈਆਂ ਹੀ ਕਿਉਂ ਨੇ। ਓਹ ਬਿਲਕੁਲ ਖੁਸ਼ ਨਹੀਂ ਸੀ।ਉੱਧਰ ਨਾਜ਼ੀਆ ਘਰ ਜਾਣ ਲਈ ਬਹੁਤ ਹੀ ਖੁਸ਼ ਸੀ।ਨਾਜ਼ੀਆ 25 ਸ਼ਾਮ ਨੂੰ ਹੀ ਘਰ ਚਲੇ ਗਈ।

✿✿✿✿✿✿

## ਭਾਗ -10

ਸ਼ਾਮ ਨੂੰ 6 ਵਜੇ ਨਾਜ਼ੀਆ ਘਰ ਪੁੱਜ ਗਈ,ਘਰ ਜਾ ਕੇ ਸਭ ਤੋਂ ਪਹਿਲਾਂ ਅੰਮੀ ਜੀ ਨੂੰ ਮਿਲੀ।ਫੇਰ ਕਪੜੇ ਬਦਲ ਕੇ ਦਾਦੀ ਨੂੰ ਮਿਲਣ ਚਲੇ ਗਈ।ਦਾਦੀ ਨੂੰ ਦਸਿਆ ਨਹੀਂ ਸੀ ਕੇ ਅੱਜ ਨਾਜ਼ੀਆ ਆਉਣ ਵਾਲੀ ਹੈ।ਨਾਜ਼ੀਆ ਨੇ ਜਾ ਕੇ ਅਵਾਜ਼ ਮਰੀ ਬੜੀ ਅੰਮਾ,ਅੱਗਿਓਂ ਅਵਾਜ਼ ਨਾ ਆਈ ਫੇਰ ਬੋਲੋ ਓਹ ਬੜੀ ਅੰਮਾ ਅੰਦੋਰ ਤਾਈ ਜੀ ਦੀ ਆਵਾਜ਼ ਆਈ।ਇਹ ਮੈਂ ਸਦਕੇ ਮੇਰਾ ਪੁੱਤ ਆਇਆ।ਨਾਜ਼ੋ ਪੁੱਤ ਕਿਵੇਂ ਆ ਤੂੰ ?ਅੱਗੋ ਨਾਜ਼ੀਆ ਨੇ ਕਿਹਾ, ਮੈਂ ਠੀਕ ਆਂ ਤਾਈ ਅੰਮਾ ਤੁਸੀਂ ਦਸੋ ਕਿਵੇਂ ੳ? ਤਬੀਅਤ ਕਿਵੇਂ ਤੁਹਾਡੀ?ਤਾਇਆ ਅੱਬੂ ਕਿੱਧਰ ਆ ਤੇ ਦਾਦੀ ਅੰਮਾਂ ਵੀ ਨਹੀਂ ਦਿੱਖ ਰਹੇ।ਸਭ ਖੈਰੀਅਤ ਤਾਂ ਹੈ ਨਾ। ਹਾਂ ਹਾਂ ਪੁੱਤ ਸਭ ਖ਼ੈਰ ਆ, ਤਾਇਆ ਅੱਬੂ ਤੇਰੇ ਹਜੇ ਡਿਊਟੀ ਤੋਂ ਨਹੀਂ ਆਏ ਦਾਦੀ ਅੰਮਾਂ ਤੇਰੀ ਭੂਆ ਘਰ ਗਏ ਹੋਏ ਆ।ਤੇਰੇ ਤਾਇਆ ਅੱਬੂ ਨਾਲ ਹੀ ਲੈਕੇ ਆਉਣਗੇ ਅੱਜ ਦਾਦੀ ਅੰਮਾ ਨੂੰ,ਫੇਰ ਠੀਕ ਆ।ਨਾਜ਼ੀਆ ਦੇ ਤਾਇਆ ਜੀ ਬੈਂਕ ਵਿਚ ਡਿਊਟੀ ਕਰਦੇ ਸਨ ਅਤੇ ਓਹਨਾ ਦੇ ਦੋ ਬੱਚੇ ਸੀ,ਦੋਨੋ ਕੈਨੇਡਾ ਗਏ ਹੋਏ ਸਨ।ਤਾਈ ਨੇ ਨਾਜ਼ੀਆ ਨੂੰ ਚਾਹ ਦਾ ਪੁੱਛਿਆ ਤਾਂ ਨਾਜ਼ੀਆ ਨੇ ਮਨਾ ਕਰ ਦਿੱਤਾ।ਨਾਜ਼ੀਆ ਥੋੜੀ ਦੇਰ ਤਾਈ ਕੋਲ ਬੈਠ ਕੇ ਵਾਪਸ ਘਰ ਆ ਗਈ।

ਨਾਲ ਹੀ ਬਾਹਰ ਗੱਡੀ ਦਾ ਹਾਰਨ ਵੱਜ ਗਿਆ।ਬਾਹਰ ਉਸਦੇ ਅੱਬੂ ਆਏ ਸਨ।ਓਹ ਜਲਦੀ ਭੱਜ ਕੇ ਬਾਹਰ ਚਲੇ ਗਈ।ਬਾਹਰ ਜਾ ਕੇ ਵੇਖਿਆ ਤਾਂ ਗੱਡੀ ਵਿੱਚੋ ਅੱਬੂ, ਦਾਦੀ ਤੇ ਤਾਇਆ ਜੀ ਬਾਹਰ ਨਿਕਲੇ।ਸਭ ਤੋਂ ਪਹਿਲਾਂ ਦਾਦੀ ਨੂੰ ਘੁੱਟ ਕੇ ਜੱਫੀ ਪਾਈ, ਤੇ ਬੋਲੀ ਦਾਦੀ ਅੰਮਾ ਤਹਾਨੂੰ ਨਹੀਂ ਪਤਾ ਸੀ ਕਿ ਮੈਂ ਆ ਰਹੀ ਆਂ।ਕਿਉਂ ਗਏ ਸੀ ਤੁਸੀ ਭੂਆ ਘਰ ਮੈਂ ਉਦੋਂ ਦੀ ਹੀ ਤੁਹਾਡੀ ਉਡੀਕ ਕਰ ਰਹੀ ਸੀ।ਫੇਰ ਸਾਰਿਆਂ ਨੇ ਰਲਕੇ ਖਾਣਾ ਖਾਧਾ ਤੇ ਸੌਣ ਚਲੇ ਗਏ।

ਨਾਜ਼ੀਆ ਨੇ ਰੂਮ ਚ ਜਾਕੇ ਫੋਨ ਚੈੱਕ ਕੀਤਾ ਕਿਸੀ ਦਾ ਕੋਈ ਮੈਸੇਜ ਕਾਲ ਨਹੀਂ ਆਇਆ ਸੀ।ਫੋਨ ਸਾਈਡ ਤੇ ਰੱਖ ਦਿੱਤਾ।ਅੱਜ ਸਫ਼ਰ ਕਰਕੇ ਵੀ ਥੱਕ ਗਈ ਸੀ ਤੇ ਜਲਦੀ ਹੀ ਸੌਂ ਗਈ।

ਦੂਜੇ ਪਾਸੇ ਗੁਰਪ੍ਰੀਤ ਇਕ ਅਜੀਬ ਕਸ਼ਮਕਸ਼ ਵਿਚ ਫਸਿਆ ਹੋਇਆ ਸੀ,ਓਹ ਤਾਂ ਨਾਜ਼ੀਆ ਨੂੰ ਪਿਆਰ ਕਰ ਬੈਠਾ ਸੀ ਪਰ ਨਾਜ਼ੀਆ ਸੋਚਦੀ ਵੀ ਨਹੀਂ ਸੀ।ਇਥੋਂ ਤਕ ਨਾਜ਼ੀਆ ਤਾਂ ਅੱਜਕਲ੍ਹ ਗੱਲ ਵੀ ਨਹੀਂ ਕਰਦੀ ਸੀ।ਗੁਰਪ੍ਰੀਤ ਆਪਣੇ ਦਿਲ ਦੀ ਗੱਲ ਕਿਸੀ ਨਾਲ ਸਾਂਝੀ ਕਰਨਾ ਚਾਹੁੰਦਾ ਸੀ।ਪਰ ਉਸਦਾ ਕੋਈ ਅਜਿਹਾ ਦੋਸਤ ਨਹੀਂ ਸੀ, ਜਿਸ ਨਾਲ ਆਪਣੇ ਦਿਲ ਦਾ ਹਾਲ ਫਰੋਲ ਸਕਦਾ।ਓਹ ਸੋਚ ਰਿਹਾ ਸੀ ਕੇ ਮੈਂ ਪ੍ਰਭ ਨਾਲ ਹੀ ਗੱਲ ਕਰਕੇ ਵੇਖ ਲੈਂਦਾ ਹਾਂ ਸ਼ਾਇਦ ਓਹ ਹੀ ਮੇਰੀ ਕੋਈ ਹੈਲਪ ਕਰ ਦਵੇ।ਹਰ ਇਕ ਬੰਦਾ ਛੁੱਟੀਆਂ ਨਾਲ ਖੁਸ਼ ਸੀ ਪਰ ਗੁਰਪ੍ਰੀਤ ਬਿਲਕੁਲ ਵੀ ਖੁਸ਼ ਨਹੀਂ ਸੀ।ਉਸ ਦਿਨ ਓਹ ਬਹੁਤ ਪਰੇਸ਼ਾਨ ਸੀ।ਉਸਨੇ ਕੁਝ ਵੀ ਨਹੀਂ ਲਿਖਿਆ ਅਤੇ ਏਦਾਂ ਹੀ ਛੱਤ ਵੱਲ ਵੇਖਦਾ ਵੇਖਦਾ ਸੌਂ ਗਿਆ।

ਦੂਜੇ ਦਿਨ ਸਵੇਰੇ ਹੀ ਗੁਰਪ੍ਰੀਤ ਦਾ ਇਕ ਦੋਸਤ ਉਸਦੇ ਘਰ ਆ ਗਿਆ ਓਹਨੇ ਗੁਰਪ੍ਰੀਤ ਨੂੰ ਕਿਹਾ ਕਿ ਅਸੀਂ ਮਨੀਕਰਨ ਸਾਹਿਬ ਜਾ ਰਹੇ ਹਾਂ।ਤੂੰ ਵੀ ਫ੍ਰੀ ਹੀ ਆ ਸਾਡੇ ਨਾਲ ਚਲ ਗੁਰਪ੍ਰੀਤ ਨੇ ਸੋਚਿਆ ਘਰ ਰਹਿ ਕੇ ਵੀ ਕੀ ਕਰਨਾ।ਓਹਨੇ ਪੁੱਛਿਆ ਕੇ ਜਾਣਾ ਕਦੋਂ ਆ ਤੇ ਵਾਪਸ ਕਦ ਆਉਣਾ।ਦੋਸਤ ਨੇ ਦੱਸਿਆ ਕਿ ਕਲ ਸਵੇਰੇ ਜਾਣਾ ਤੇ ਹਫ਼ਤੇ ਚ ਵਾਪਸ ਆ ਜਾਣਾ, ਤੇ ਅਸੀਂ ਵੱਡਾ ਟਰੱਕ ਕੀਤਾ ਹੋਇਆ ਕਿਰਾਇਆ ਵੀ ਕੋਈ ਨਹੀਂ ਫ੍ਰੀ ਯਾਤਰਾ ਆ।ਓਹਨੇ ਕਿਹਾ ਠੀਕ ਆ ਮੈਂ ਸ਼ਾਮ ਨੂੰ ਪਾਪਾ ਨੂੰ ਪੁੱਛ ਕੇ ਤੈਨੂੰ ਕਾਲ ਕਰੂਗਾ।ਸ਼ਾਮ ਨੂੰ ਉਸਨੇ ਆਪਣੇ ਮੰਮੀ ਪਾਪਾ ਨੂੰ ਪੁੱਛਿਆ ਓਹਨਾ ਨੇ ਵੀ ਮਨਾ ਨਹੀਂ ਕੀਤਾ।ਸ਼ਾਮ ਨੂੰ ਹੀ ਆਪਣੇ ਦੋਸਤ ਨੂੰ ਫੋਨ ਕਰ ਦਿੱਤਾ ਕਿ ਤੁਹਾਡੇ ਨਾਲ ਮੈਂ ਵੀ ਜਾਣਾ ਆ। ਅਗਿਓਂ ਦੋਸਤ ਨੇ ਟਾਇਮ ਦੱਸ ਦਿੱਤਾ ਕੇ ਅਸੀਂ ਸਵੇਰੇ 5 ਵਜੇ ਘਰੋਂ ਨਿਕਲ਼ ਜਾਣਾ ਤੂੰ 4:30 ਤਕ ਸਾਡੇ ਕੋਲ ਆ ਜਈਂ।ਗੁਰਪ੍ਰੀਤ ਨੇ ਅੱਗੇਓਂ ਪੈਸਿਆਂ ਦਾ ਪੁੱਛਿਆ ਤਾਂ ਦੋਸਤ ਨੇ ਕਿਹਾ ਕਿ ਕਿਰਾਇਆ ਫ੍ਰੀ ਆ ਰਹਿਣ ਦਾ ਵੀ ਕੋਈ ਖਰਚਾ ਨਹੀਂ ਆ।ਰਸਤੇ ਚ ਗੁਰੂ ਘਰਾਂ ਚ ਰੁਕ ਰੁਕ ਕੇ ਜਾਣਾ ਆ।ਲੰਗਰ ਓਥੇ ਹੀ ਛਕਾਂਗੇ।ਬਾਕੀ ਤੂੰ ਆਪਣੇ ਕੋਲ ਖਰਚਾ ਪਾਣੀ ਰੱਖਲਾ ਨਾਲ ਗਰਮ ਕਪੜੇ ਜਰੂਰ ਰੱਖ ਲਈਂ ਕਿਉਕਿ ਓਥੇ ਠੰਡ ਬਹੁਤ ਹੁੰਦੀ ਆ।ਗੁਰਪ੍ਰੀਤ ਨੇ ਸਾਰੀ ਗੱਲ ਸੁਣ ਕੇ ਫੋਨ ਰੱਖ ਦਿੱਤਾ।ਅਤੇ ਪਾਪਾ ਕੋਲੋ 5 ਹਜਾਰ ਰੁਪਈਆ ਲੈ ਲਿਆ ਅਤੇ ਕੱਪੜੇ ਕੰਬਲ ਅਤੇ ਕੁਝ ਖਾਣ ਦਾ ਸਮਾਨ ਪੈਕ ਕਰ ਲਿਆ।ਓਹ ਪਹਿਲਾਂ ਕਦੇ ਵੀ ਦੂਰ ਘੁੰਮਣ ਲਈ ਨਹੀਂ ਗਿਆ ਸੀ।ਓਹਨੂੰ ਬਹੁਤ ਚਾਅ ਸੀ ਜਾਣ ਦਾ ਰਾਤ ਨੂੰ ਜਲਦੀ ਹੀ ਸੌਂ ਗਿਆ।ਸੁਬਾਹ 3 ਵਜੇ ਹੀ ਉੱਠ

ਕੇ ਨਹਾ ਧੋ ਕੇ ਤਿਆਰ ਹੋ ਗਿਆ।ਉਸਦੀ ਮੰਮੀ ਨੇ ਉਸਦੇ ਖਾਣ ਲਈ ਅਤੇ ਨਾਲ ਲੈਕੇ ਜਾਂ ਲਈ ਪਰਾਂਠੇ ਬਣਾ ਦਿੱਤੇ ਤੇ 4:30 ਵਜੇ ਉਸਦੇ ਪਾਪਾ ਉਸਨੂੰ ਦੋਸਤ ਦੇ ਘਰ ਛੱਡ ਆਏ।ਗੁਰਪ੍ਰੀਤ ਨੇ ਜਾ ਕੇ ਸਭ ਨੂੰ ਬੁਲਾਇਆ ਤੇ ਆਪਣਾ ਸਮਾਨ ਗੱਡੀ ਵਿੱਚ ਰਖਿਆ ਤੇ ਠੀਕ ਸਮੇਂ ਤੇ ਗੱਡੀ ਚਲ ਪਈ।ਸਭ ਤੋਂ ਪਹਿਲਾ ਓਹਨਾ ਨੇ ਬਾਬਾ ਬਾਲਕ ਨਾਥ ਜਾਣਾ ਸੀ,ਫੇਰ ਓਥੋਂ ਹੁੰਦੇ ਹੋਏ ਅੱਗੇ ਯਾਤਰਾ ਕਰਨੀ ਸੀ।ਰਸਤੇ ਵਿਚ ਇਕ ਵਾਰ ਉਨੇ ਗੱਡੀ ਰੋਕੀ ਚਾਹ ਪਾਣੀ ਪੀਤਾ ਅਤੇ ਅੱਗੇ ਯਾਤਰਾ ਸ਼ੁਰੂ ਕੀਤੀ।ਗੁਰਪ੍ਰੀਤ ਬੜੇ ਚਾਅ ਨਾਲ ਪਹਾੜਾਂ ਦੀ ਖੂਬਸੂਰਤੀ ਨੂੰ ਵੇਖ ਰਿਹਾ ਸੀ । ਦੁਪਹਿਰ 12:30 ਵਜੇ ਬਾਬਾ ਬਾਲਕ ਨਾਥ ਦਰਬਾਰ ਤੇ ਪੁੱਜ ਗਏ।ਓਥੇ ਪੁੱਜ ਕੇ ਫਰੇਸ਼ ਹੋਕੇ ਮੱਥਾ ਟੇਕਿਆ ਲੰਗਰ ਪਾਣੀ ਸ਼ਕ ਕੇ ਥੋੜੀ ਦੇਰ ਰੈਸਟ ਕੀਤੀ ਤੇ ਸ਼ਾਮ ਨੂੰ 4 ਵਜੇ ਅੱਗੇ ਲਈ ਨਿਕਲ਼ ਗਏ।ਸਾਰੀ ਰਾਤ ਸਫ਼ਰ ਕੀਤਾ ਅਤੇ ਇਕ ਵਾਰ ਰਸਤੇ ਚ ਗੁਰਦਵਾਰਾ ਮੰਡੀ ਸਾਬ ਰੁਕੇ ਓਥੇ ਨਹਾ ਧੋ ਕੇ ਮੱਥਾ ਟੇਕਿਆ ਲੰਗਰ ਸ਼ਕਿਆ ਸਾਰਿਆਂ ਨੇ ਥੋੜੀ ਦਰ ਰੈਸਟ ਕੀਤੀ।ਫੇਰ ਅੱਗੇ ਦੀ ਯਾਤਰਾ ਸ਼ੁਰੂ ਕੀਤੀ।ਰਸਤੇ ਵਿਚ ਇੱਕ ਪਾਸੇ ਪਹਾੜ ਸੀ ਦੂਜੇ ਪਾਸੇ ਨਦੀ ਵਗ ਰਹੀ ਸੀ।ਸਿੰਗਲ ਸੜਕ ਸੀ ਆਉਣ ਜਾਣ ਵਾਲਿਆ ਗੱਡੀਆਂ ਲਈ ਬਹੁਤ ਹੀ ਸੋਹਣਾ ਮੌਸਮ ਸੀ ਤੇ ਪਹਾੜ ਵੀ ਬਹੁਤ ਉੱਚੇ ਸੀ। ਸਫ਼ਰ ਕਰਦੇ ਕਰਦੇ ਕੁੱਲੂ ਪੁੱਜ ਗਏ।ਓਥੇ ਰੁਕ ਕੇ ਚਾਹ ਪੀਤੀ ਤੇ ਦੁਬਾਰਾ ਮਨੀਕਰਨ ਸਾਹਿਬ ਲਈ ਚਲ ਪਏ।ਫੇਰ ਸਿੱਧਾ ਓਥੇ ਜਾ ਕੇ ਹੀ ਰੁਕੇ।ਓਥੇ ਜਾ ਕੇ ਰੂਮ ਲਏ ਸਾਰੇ ਥੱਕੇ ਹੋਏ ਸੀ ਜਾ ਕੇ ਸੌਂ ਗਏ।ਸੁਬਾਹ ਉੱਠ ਕੇ ਨਹਾਉਣ ਗਏ ਤਾਂ ਵੇਖਿਆ ਪਾਣੀ ਬਹੁਤ ਹੀ ਗਰਮ ਆ ਰਿਹਾ ਸੀ ।ਇਕ ਪਾਸੇ ਵੇਖਦੇ ਸੀ ਬਹੁਤ ਗਰਮ ਪਾਣੀ ਆ ਰਿਹਾ ਸੀ ਦੂਜੇ ਪਾਸੇ ਠੰਡਾ ਪਾਣੀ ਆ ਰਿਹਾ ਸੀ,ਥੋੜੀ ਦੇਰ ਤੇਜ਼ ਧੁੱਪ ਹੁੰਦੀ ਸੀ ਫੇਰ ਤੇਜ਼ ਬਾਰਿਸ਼ ਆ ਜਾਂਦੀ ਸੀ। ਓਹ ਇਹ ਕ੍ਰਿਸ਼ਮੇ ਵੇਖ ਕੇ ਹੈਰਾਨ ਹੋ ਰਿਹਾ ਸੀ।

ਫੇਰ ਮੱਥਾ ਟੇਕਿਆ।ਓਥੇ ਦਾ ਮੌਸਮ ਵੇਖਿਆ ਇੰਝ ਪ੍ਰਤੀਤ ਹੁੰਦਾ ਸੀ ਕੇ ਕੁਦਰਤ ਏਥੇ ਖੁਦ ਆਕੇ ਵਸਦੀ ਹੋਏ।ਪੰਜਾਬ ਤੋਂ ਗਏ ਤਾਂ ਪੂਰੀ ਗਰਮੀ ਸੀ ਓਥੇ ਜਾ ਕੇ ਵੇਖਿਆ ਤਾਂ ਸਭ ਨੇ ਮੋਟੇ ਕਪੜੇ ਪਾਏ ਹੋਏ ਸੀ ਰਜਾਈਆਂ ਲੈਕੇ ਸੁੱਤੇ ਸੀ।ਓਹ ਸਭ ਬਹੁਤ ਚਾਅ ਨਾਲ ਵੇਖ ਰਿਹਾ ਸੀ ਕੁਝ ਪਲ ਲਈ ਤਾਂ ਓਹ ਆਪਣਾ ਪਿਛਲਾ ਸਾਰਾ ਕੁਝ ਭੁੱਲ ਗਿਆ ਸੀ ਓਥੇ ਉਸਨੇ ਬਹੁਤ ਤਸਵੀਰਾਂ ਬਣਾਈਆਂ ਅਤੇ ਬਸ 2 ਵਾਰ ਘਰ ਫੋਨ ਕਰਕੇ ਹਾਲ ਚਾਲ ਪੁੱਛਿਆ।ਬਾਕੀ ਬਸ

ਏਥੇ ਦਾ ਹੀ ਸੋਚ ਰਿਹਾ ਸੀ ਦਿਲ ਕਰਦਾ ਸੀ ਕੇ ਸਾਰੀ ਉਮਰ ਲਈ ਹੀ ਏਥੇ ਰੁਕ ਜਾਈਏ। ਫੇਰ 3 ਦਿਨ ਓਥੇ ਹੀ ਰੁਕੇ ,ਆਉਣ ਲੱਗੇ ਗੁਰਪ੍ਰੀਤ ਨੇ ਘਰਦਿਆਂ ਲਈ ਥੋੜਾ ਸਮਾਨ ਲਿਆ ਤੇ ਵਾਪਸ ਆ ਗਏ।ਰਸਤੇ ਵਿਚ 2-3 ਗੁਰੂ ਘਰਾਂ ਵਿੱਚ ਰੁਕੇ ਤੇ ਵਾਪਸ ਘਰ ਆ ਗਏ।

✿✿✿✿✿✿

# ਭਾਗ -11

ਨਾਜ਼ੀਆ ਘਰ ਰਹਿ ਕੇ ਬਹੁਤ ਸੋਹਣਾ ਸਮਾ ਬਿਤਾ ਰਹੀ ਸੀ।ਆਪਣੀ ਅੰਮੀ ਤੋਂ ਵਧੀਆ ਵਧੀਆ ਮਨਪਸੰਦ ਦੇ ਖਾਣੇ ਬਣਵਾ ਕੇ ਖਾ ਰਹੀ ਸੀ।ਪ੍ਰਭ ਵੀ ਇਕ ਦੋ ਦਿਨ ਬਾਅਦ ਫੋਨ ਕਰ ਲੈਂਦੀ ਸੀ।ਘਰ ਭੂਆ ਜੀ ਆਏ ਹੋਏ ਸਨ ਨਾਜ਼ੀਆ ਸਾਰਾ ਦਿਨ ਭੂਆ ਦੇ  ਬੱਚਿਆਂ ਨਾਲ ਬੱਚੀ ਬਣੀ ਰਹਿੰਦੀ ਸੀ । ਉਸਦੇ ਅੱਬੂ ਨੇ ਕਿਹਾ ਕਿ ਬੇਟਾ ਆਪਾਂ ਵੀ ਬਾਹਰ ਘੁੰਮਣ ਲਈ ਚਲਦੇ ਹਾਂ ਤਾਂ ਨਾਜ਼ੀਆ ਨੇ ਕਿਹਾ ਨਹੀਂ ਪਾਪਾ ਗਰਮੀ ਬਹੁਤ ਆ ਮਸੀਂ ਤਾਂ ਛੁਟੀਆਂ ਆਈਆਂ ਨੇ ਮੈਂ ਘਰ ਹੀ ਬਹੁਤ ਸਕੂਨ ਚ ਹਾਂ।

ਓਹ ਆਪਣੀ ਉਮਰ ਦੇ ਹਿਸਾਬ ਨਾਲ ਬਹੁਤ ਜਿਆਦਾ ਸਮਝ ਰਖਦੀ ਸੀ।ਓਹ ਹਮੇਸ਼ਾ ਗ਼ਜ਼ਲਾਂ ਸੁਣਦੀ ਸੀ,ਓਹ ਪੁਰਾਣੇ ਕਲਾਕਾਰਾਂ ਨੂੰ ਜਿਆਦਾ ਸੁਣਦੀ ਸੀ।ਬਹੁਤ ਹੀ ਠੰਡਾ ਮਿਊਜ਼ਿਕ ਪਸੰਦ ਕਰਦੀ ਸੀ।ਸੂਫ਼ੀਆਨਾ ਰੰਗਤ ਚ ਪੂਰੀ ਤਰਾਂ ਰੰਗੀ ਹੋਈ ਰੂਹ ਹੋਈ ਸੀ।ਓਹਨੂੰ ਫੋਨ ਨਾਲ ਜਿਆਦਾ ਲਗਾਵ ਨਹੀਂ ਸੀ। ਅਕਸਰ ਕੁੜੀਆਂ ਉਸਨੂੰ ਮਜਾਕ ਚ ਕਹਿੰਦੀਆ ਸੀ ਕੇ ਤੈਨੂੰ 100-150 ਸਾਲ ਪਹਿਲਾਂ ਜਨਮ ਲੈਣਾ ਚਾਹੀਦਾ ਸੀ।

ਉਸਨੇ ਇਹਨਾਂ ਦਿਨਾਂ ਵਿਚ ਹੀ ਲੂਣਾ ਕਿਤਾਬ ਪੂਰੀ ਪੜ ਲਈ ਸੀ।ਓਹਦੀ ਇਕ ਆਦਤ ਸੀ ਓਹ ਕਿਸੀ ਵੀ ਸਟੋਰੀ ਜਾਂ ਕਿਤਾਬ ਨੂੰ ਟਾਇਮ ਪਾਸ ਕਰਨ ਲਈ ਨਹੀਂ ਪੜਦੀ ਸੀ।ਜਦੋਂ ਤੱਕ ਦਿਲ ਕਰਦਾ ਸੀ, ਉਦੋਂ ਤਕ ਹੀ ਪੜਦੀ ਸੀ ਚਾਹੇ ਤਾਂ ਦੋ ਪੰਨੇ ਪੜ ਕੇ ਰੱਖ ਦਵੇ ਚਾਹੇ ਤਾਂ ਅੱਧੀ ਕਿਤਾਬ ਇਕੋ ਵਾਰ ਚ ਪੜ ਦਵੇ।ਓਹ ਇਕ ਇਕ ਅੱਖਰ ਨੂੰ ਸਮਝ ਕੇ ਦਿਲ ਨਾਲ ਪੜਦੀ ਸੀ।ਨਾਜ਼ੀਆ ਨੂੰ ਲੂਣਾ ਸ਼ੁਰੂ ਕੀਤੀ ਨੂੰ ਇੱਕ ਸਾਲ ਤੋਂ ਜਿਆਦਾ ਸਮਾਂ ਹੋਗਿਆ ਸੀ।ਓਹ ਜਦੋਂ ਵੀ ਪੜਦੀ ਸੀ ਤਾਂ ਪੜਦੀ ਪੜਦੀ ਲੂਣਾ ਚ ਹੀ ਖੋ ਜਾਂਦੀ ਸੀ।ਓਹ ਤਾਂ ਪੜਦੀ ਪੜਦੀ ਉਦਾਸ ਹੋ ਜਾਂਦੀ ਸੀ। ਥੋੜੇ ਟਾਇਮ ਲਈ ਤਾਂ ਉਸਦੇ ਖਿਆਲ ਹੀ ਬਦਲ ਗਏ ਸੀ।ਲੂਣਾ ਪੜ੍ਹਨ ਤੋਂ ਬਾਅਦ ਤਾਂ ਓਹਦੇ ਦਿਲ ਵਿਚ ਅਜੀਬ ਅਜੀਬ ਖਿਆਲ ਆ ਰਹੇ ਸਨ।ਜਨਾਬ ਬਟਾਲਵੀ ਸਾਹਬ ਨੇ ਆਪਣੀ ਜਾਦੂਈ ਕਲਮ ਨਾਲ ਲਿਖਿਆ ਹੀ ਕੁਝ ਐਸਾ ਹੈ ਇਹ ਗੱਲ ਸਿਰਫ

ਓਹੀ ਇਨਸਾਨ ਮਹਿਸੂਸ ਕਰ ਸਕਦਾ ਜਿਸਨੇ ਦਿਲ ਤੋਂ ਲੂਣਾ ਨੂੰ ਪੜਿਆ ਹੋਏ।

ਓਹ ਇਕੱਲੀ ਬੈਠੀ 2-2ਘੰਟੇ ਪਤਾ ਨੀ ਕੀ ਸੋਚਦੀ ਰਹਿੰਦੀ ਸੀ।ਹੁਣ ਵੀ ਬੈਠੀ ਜਗਜੀਤ ਸਿੰਘ ਜੀ ਦੀ ਗ਼ਜ਼ਲ "ਕਾਗਜ਼ ਕੀ ਕਿਸ਼ਤੀ" ਸੁਣ ਰਹੀ ਸੀ,ਨਾਲ ਨਾਲ ਗੁਣਗੁਣਾ ਰਹੀ ਸੀ।ਪਰ ਓਹਦਾ ਮੰਨ ਕੁਝ ਹੋਰ ਹੀ ਸੋਚ ਰਿਹਾ ਸੀ। ਫੋਨ ਬੰਦ ਕਰਕੇ ਸਾਈਡ ਤੇ ਰਖ ਦਿੱਤਾ।ਓਹਨੂੰ ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ ਕੁਝ ਵੀ ਕਰਦੀ ਸੀ ਤਾਂ ਉਸਦਾ ਮੰਨ ਹੋਰ ਪਾਸੇ ਹੁੰਦਾ ਸੀ,ਸ਼ਾਇਦ ਇਹ ਸਭ ਲੂਣਾ ਪੜ੍ਹਨ ਤੋਂ ਬਾਅਦ ਹੀ ਹੋ ਰਿਹਾ ਸੀ।ਅੱਜ ਪਹਿਲੀ ਵਾਰ ਓਹ ਕਾਪੀ ਕਲਮ ਚੱਕ ਕੇ ਕੁਝ ਲਿਖਣ ਲਈ ਬੈਠ ਗਈ ਸੀ, ਉਸਨੂੰ ਪਤਾ ਵੀ ਨਹੀਂ ਸੀ ਕਿ ਓਹ ਕੀ ਲਿਖੇਗੀ।

ਕੁਝ ਲਿਖ ਕੇ ਕਾਪੀ ਪੈੱਨ ਸਾਈਡ ਤੇ ਰੱਖ ਕੇ ਆ ਕੇ ਸੌਂ ਗਈ। ਸੁੱਤੀ ਪਈ ਨੂੰ ਕਿਸੀ ਨੇ ਵੀ ਨਹੀਂ ਜਗਾਇਆ।1 ਵਜੇ ਦੀ ਸੁੱਤੀ ਅਸਰ ਦੀ ਨਮਾਜ਼ ਦੀ ਅਜ਼ਾਨਾ ਦੀ ਅਵਾਜ਼ ਸੁਣ ਕੇ ਉੱਠੀ,ਫੇਰ ਵਜ਼ੂ ਕਰਕੇ ਨਮਾਜ਼ ਪੜੀ।ਉਸਦਾ ਸਿਰ ਕਾਫੀ ਦਰਦ ਕਰ ਰਿਹਾ ਸੀ।ਉਸਨੇ ਚਾਹ ਬਣਾ ਕੇ ਪੀਤੀ ਫੇਰ ਥੋੜੀ ਠੀਕ ਹੋਈ।ਉਸਦੇ ਅੱਬੂ ਦੀ ਕਾਲ ਆਈ ਕੇ ਅੱਜ ਘਰ ਖਾਣਾ ਨਾ ਬਣਾਇਓ ਆਪਾਂ ਬਾਹਰ ਡਿਨਰ ਲਈ ਜਾਵਾਂਗੇ।

ਪਰ ਨਾਜ਼ੀਆ ਦਾ ਬਿਲਕੁਲ ਮੰਨ ਨਹੀਂ ਸੀ ਕਿਤੇ ਜਾਣ ਦਾ।ਬਾਹਰ ਡਿਨਰ ਤਾਂ ਕੀ ਅੱਜ ਤਾਂ ਓਹ ਘਰ ਵੀ ਡਿਨਰ ਨਹੀਂ ਕਰਨਾ ਚਾਹੁੰਦੀ ਸੀ।ਬੜਾ ਜ਼ੋਰ ਲਗਾਇਆ ਓਹਦੇ ਅੱਬੂ ਅੰਮੀ ਨੇ ਪਰ ਓਹ ਨਹੀਂ ਗਈ,ਘਰ ਹੀ ਰਹੀ।ਫੇਰ ਓਹਦੇ ਅੱਬੂ ਅੰਮੀ ਚਲੇ ਗਏ।ਓਹਨੇ ਟਾਇਮ ਪਾਸ ਲਈ ਟੀਵੀ ਲਗਾ ਲਿਆ। ਟੀਵੀ ਵਿਚ ਵੀ ਕੁਝ ਖਾਸ ਨਹੀਂ ਸੀ ਆ ਰਿਹਾ,ਤਾਂ ਓਹਨੇ ਫੋਨ ਚੱਕ ਲਿਆ।ਜਿਵੇਂ ਹੀ ਡਾਟਾ ਆਨ ਕੀਤਾ ਤਾਂ ਟਿਊਸ਼ਨ ਵਾਲੇ ਵਟਸਐਪ ਗਰੁੱਪ ਵਿਚ ਮੈਸੇਜ ਆਏ ਹੋਏ ਸੀ।ਓਹਨੇ ਓਹਨਾ ਦਾ ਕੋਈ ਜਵਾਬ ਨਹੀਂ ਦਿੱਤਾ।ਫੇਰ ਸਟੇਟਸ ਵੇਖਣ ਲੱਗ ਗਈ ਤਾਂ ਗੁਰਪ੍ਰੀਤ ਨੇ ਇਕ ਸਟੇਟਸ ਪਾਇਆ ਹੋਇਆ ਸੀ।

ਓਹਨੇ ਓਹਦੇ ਸਟੇਟਸ ਤੇ ਕਮੈਂਟ ਕੀਤਾ ਨਾਲ ਹੀ ਗੁਰਪ੍ਰੀਤ ਦਾ ਮੈਸਜ ਆ ਗਿਆ।ਜਦੋਂ ਵੀ ਨਾਜ਼ੀਆ ਗੁਰਪ੍ਰੀਤ ਨੂੰ ਵਟਸਐਪ ਤੇ ਕੋਈ ਵੀ ਮੈਸਜ ਕਰਦੀ ਸੀ ਗੁਰਪ੍ਰੀਤ ਉਸੇ ਵਕਤ

ਆਨ ਹੋਕੇ ਜਵਾਬ ਦੇ ਦਿੰਦਾ ਸੀ, ਕਈ ਵਾਰ ਓਹ ਬਹੁਤ ਹੈਰਾਨ ਹੁੰਦੀ ਸੀ।ਕੇ ਕਮਾਲ ਦਾ ਬੰਦਾ ਜਦ ਵੀ ਮੈਸੇਜ ਕਰੋ ਉਦੋਂ ਹੀ ਆਨ ਹੋ ਜਾਂਦਾ,ਪਰ ਗੁਰਪ੍ਰੀਤ ਨੂੰ ਜਦੋਂ ਦਾ ਨਾਜ਼ੀਆ ਦਾ ਨੰਬਰ ਮਿਲਿਆ ਸੀ ਓਹ ਵਾਰ ਵਾਰ ਨਾਜ਼ੀਆ ਦਾ ਲਾਸਟ ਸੀਨ ਵੇਖਦਾ ਰਹਿੰਦਾ ਸੀ,ਹੁਣ ਤੱਕ ਜਿੰਨੀ ਕ ਵੀ ਗੱਲ ਹੋਈ ਸੀ ਓਹੀ ਮੈਸਜ ਬਾਰ ਬਾਰ ਪੜ੍ਹਦਾ ਰਹਿੰਦਾ ਸੀ।

ਓਹਨਾ ਨੇ ਇਕ ਦੂਜੇ ਦਾ ਹਾਲ ਚਾਲ ਪੁੱਛਿਆ

ਗੁਰਪ੍ਰੀਤ: ਸਲਾਮ ਨਾਜ਼ੀਆ,ਕਿਵੇਂ ਓ ਤੁਸੀਂ,ਤਬੀਅਤ ਕਿਵੇਂ ਆ?

ਨਾਜ਼ੀਆ: ਵਾ ਸਲਾਮ, ਹਾਂਜੀ ਚੜਦੀ ਕਲਾ ਚ ਆਂ ਜੀ। ਤੁਸੀਂ ਕਿਵੇਂ ਹੋ?

ਗੁਰਪ੍ਰੀਤ: ਮੈਂ ਵੀ ਬਹੁਤ ਵਧੀਆ।

ਨਾਜ਼ੀਆ: ਕਿਵੇਂ ਬੀਤ ਰਹੀਆਂ ਛੁਟੀਆਂ?

ਗੁਰਪ੍ਰੀਤ: ਬਹੁਤ ਵਧੀਆ ਜੀ, ਮੈਂ ਪਰਸੋ ਹੀ ਮਨੀਕਰਨ ਸਾਹਿਬ ਤੋਂ ਆਇਆ।

ਨਾਜ਼ੀਆ: ਬਹੁਤ ਵਧੀਆ ਜੀ,ਕਿੱਥੇ ਆ ਮਨੀਕਰਨ ਸਾਹਿਬ?

ਗੁਰਪ੍ਰੀਤ: ਕੁੱਲੂ ਮਨਾਲੀ ਚ।

ਨਾਜ਼ੀਆ: ਓਕੇ ਜੀ।

ਗੁਰਪ੍ਰੀਤ : ਤੁਸੀਂ ਕਿਵੇਂ ਬਿਤਾ ਰਹੇ ਹੋ ਛੁਟੀਆਂ?

ਨਾਜ਼ੀਆ: ਮੈਂ ਬਸ ਘਰ ਹੀ ਰਹਿ ਕੇ ਕਿਤਾਬਾਂ ਪੜ ਕੇ।

ਗੁਰਪ੍ਰੀਤ: ਓਕੇ ਜੀ,ਕਿਹੜੀ ਕਿਤਾਬ ਪੜ ਰਹੇ ਹੋ?

ਨਾਜ਼ੀਆ:ਮੈਂ "ਲੂਣਾ" ਪੜੀ।

ਗੁਰਪ੍ਰੀਤ: ਬਹੁਤ ਵਧੀਆ ਕਿਤਾਬ ਆ ਯਾਰ ਓਹ ਤਾਂ।

ਨਾਜ਼ੀਆ: ਹਾਂਜੀ,ਤੁਸੀਂ ਪੜੀ ਆ?

ਗੁਰਪ੍ਰੀਤ: ਹਾਂਜੀ ਪਿਛਲੇ ਸਾਲ ਪੜੀ ਸੀ।ਬਹੁਤ ਹੀ ਸੋਹਣੀ ਲਿਖਤ ਆ।

ਨਾਜ਼ੀਆ ਗੁਰਪ੍ਰੀਤ ਕੋਲੋ ਜਾਨਣਾ ਚਾਹੁੰਦੀ ਸੀ ਕੇ ਓਹਨੂੰ ਕਿ ਫੀਲ ਹੋਇਆ ਸੀ ਪੜ ਕੇ।

ਨਾਜ਼ੀਆ: ਕਿਵੇਂ ਲੱਗੀ ਸੀ ਤਹਾਨੂੰ?

ਗੁਰਪ੍ਰੀਤ ਕੁਝ ਦੇਰ ਲਈ ਚੁੱਪ ਹੋਗਿਆ।ਫੇਰ ਬੋਲਿਆ ਕਦੇ ਮਿਲ ਕੇ ਦਸੁਗਾਂ।

ਪਰ ਨਾਜ਼ੀਆ ਜਾਨਣਾ ਚਾਹੁੰਦੀ ਸੀ,ਤਾਂ ਨਾਜ਼ੀਆ ਨੇ ਪੁੱਛਿਆ ਤੁਸੀਂ ਬੀਜੀ ਹੋ?

ਗੁਰਪ੍ਰੀਤ :ਨਹੀਂ ਕੀ ਹੋਇਆ?

ਨਾਜ਼ੀਆ: ਕੀ ਆਪਾਂ ਕਾਲ ਤੇ ਗੱਲ ਕਰ ਸਕਦੇ?

ਗੁਰਪ੍ਰੀਤ ਨੂੰ ਸਮਝ ਨਾ ਆਇਆ, ਉਹਨੇ ਹਾਂ ਨਾ ਕਹਿਣ ਦੀ ਜਗਾ ਕਾਲ ਲਗਾ ਲਈ।

ਓਹਨੇ ਦੱਸਿਆ ਕਿ ਉਸਨੂੰ ਲੂਣਾ ਓਹਦੇ ਦੋਸਤ ਕੋਲੋਂ ਮਿਲੀ ਸੀ,ਫੇਰ ਇਕ ਇਕ ਕਰਕੇ ਆਪਣੀ ਗੱਲ ਰੱਖਦਾ ਗਿਆ।

ਨਾਜ਼ੀਆ ਬਹੁਤ ਹੀ ਧਿਆਨ ਨਾਲ ਸੁਣ ਰਹੀ ਸੀ।ਨਾਜ਼ੀਆ ਬਹੁਤ ਹੀ ਹੈਰਾਨ ਸੀ ਕਿਉਕਿ ਜੌ ਵੀ ਗੱਲਾਂ ਉਸਨੇ ਫੀਲ਼ ਕੀਤੀਆਂ ਸੀ ਗੁਰਪ੍ਰੀਤ ਇਕ ਇਕ ਕਰਕੇ ਓਹੀ ਗੱਲਾਂ ਦੱਸ ਰਿਹਾ ਸੀ।ਓਹਨੂੰ ਲੱਗ ਰਿਹਾ ਸੀ ਕੇ ਜਿਵੇਂ ਗੁਰਪ੍ਰੀਤ ਦੇ ਅੰਦਰ ਮੈਂ ਹੀ ਬੋਲ ਰਹੀ ਹੋਵਾ। ਗੁਰਪ੍ਰੀਤ ਗੱਲਾਂ ਦਸਦਾ ਦਸਦਾ ਉਦਾਸ ਹੋ ਗਿਆ ਸੀ।ਨਾਜ਼ੀਆ ਦਾ ਵੀ ਸੇਮ ਆਹੀ ਹਾਲ ਸੀ।

ਫੇਰ ਗੁਰਪ੍ਰੀਤ ਨੇ ਪੁੱਛਿਆ ਕਿ ਤੁਸੀਂ ਵੀ ਪੜੀ ਹੈ ਤਾਂ ਤਹਾਨੂੰ ਕਿਵੇਂ ਲੱਗੀ ਨਾਜ਼ੀਆ ਨੇ ਕੁਝ ਵੀ ਨਹੀਂ ਬੋਲਿਆ ਬਸ ਚੁੱਪ ਹੀ ਰਹੀ।ਗੁਰਪ੍ਰੀਤ ਨੇ ਦਵਾਰਾ ਹੈਲੋ ਕਿੱਧਰ ਖੋ ਗਏ ਕਿਹਾ ਤਾਂ ਨਾਜ਼ੀਆ ਬੋਲੀ ਹਾਂਜੀ ਏਥੇ ਹੀ ਆ।ਗੁਰਪ੍ਰੀਤ ਸਮਝ ਗਿਆ ਸੀ ਕਿਉਂਕਿ ਓਹਦੇ ਖੁਦ ਨਾਲ ਬੀਤ ਚੁੱਕੀ ਸੀ।

ਫੇਰ ਗੁਰਪ੍ਰੀਤ ਬੋਲਿਆ।

ਮੈਨੂੰ ਨਾ ਕਦੇ ਕਦੇ ਸਮਝ ਨੀ ਆਉਦੀ ਕੇ ਤੁਸੀਂ ਏਨੀ ਘੱਟ ਉਮਰ ਵਿਚ ਏਨਾ ਕਿਤਾਬਾਂ ਨੂੰ

ਕਿਉਂ ਤੇ ਕਿਵੇਂ ਪੜ੍ਹਦੇ ਹੋ।ਨਾਜ਼ੀਆ ਹਜੇ ਵੀ ਚੁੱਪ ਸੀ।

ਗੁਰਪ੍ਰੀਤ: ਤੁਸੀਂ ਕੌਨਵੈਂਟ ਸਕੂਲ ਵਿੱਚ ਪੜ੍ਹੇ ਹੋ ਜਿੱਥੇ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਵੀ ਮੁਸ਼ਕਿਲ ਨਾਲ ਆਉਂਦੀ ਔਰ ਇਕ ਤੁਸੀਂ ਹੋ ਏਨਾ ਪਿਆਰ ਕਰਦੇ ਹੋ ਕਿਤਾਬਾਂ ਨੂੰ।

ਤੁਹਾਡੀ ਏਜ ਵੀ ਬਹੁਤ ਘੱਟ ਆ।

ਨਾਜ਼ੀਆ: ਮੈਨੂੰ ਸ਼ੁਰੂ ਤੋਂ ਹੀ ਪੜ੍ਹਨ ਦਾ ਬਹੁਤ ਸ਼ੌਂਕ ਸੀ।ਮੈਂ 8ਵੀਂ ਤੋਂ ਬਾਅਦ ਉਰਦੂ ਸਿੱਖਣ ਲਗ਼ ਗਈ ਸੀ,ਸ਼ੁਰੂ ਸ਼ੁਰੂ ਵਿਚ ਮੈਨੂੰ ਉਰਦੂ ਸਿੱਖਣਾ ਬਹੁਤ ਹੀ ਮੁਸ਼ਕਿਲ ਲਗਦਾ ਸੀ,ਫੇਰ ਹੋਲੀ ਹੌਲੀ ਮੈਂ ਆਪਣੇ ਮਨ ਨੂੰ ਮਾਰ ਕੇ ਉਰਦੂ ਸਿੱਖਣਾ ਸ਼ੁਰੂ ਕਰ ਦਿੱਤਾ ਸੀ।ਮੌਲਵੀ ਸਾਹਬ ਅਕਸਰ ਸਾਨੂੰ ਬਾਬਾ ਬੁੱਲੇ ਸ਼ਾਹ,ਵਾਰਿਸ ਸ਼ਾਹ ਜੀ,ਸ਼ਿਵ ਕੁਮਾਰ ਜੀ ਅਤੇ ਪੀਲੂ ਵਰਗੇ ਵੱਡੇ ਲੇਖਕਾਂ ਨੂੰ ਪੜ੍ਹਨ ਬਾਰੇ ਪ੍ਰੇਰਿਤ ਕਰਦੇ ਹੁੰਦੇ ਸੀ।ਉਦੋਂ ਕੁਝ ਵੀ ਵਧੀਆ ਨਹੀਂ ਲਗਦਾ ਸੀ।ਮੇਰਾ ਇੰਟਰਸਟ ਨਹੀਂ ਹੁੰਦਾ ਸੀ,ਮੈਂ ਹੌਲੀ ਹੌਲੀ ਉਰਦੂ ਪੜ੍ਹਨਾ ਸਿੱਖ ਗਈ ਸੀ ਪਰ ਮੈਨੂੰ ਉਰਦੂ ਲਿਖਣੀ ਨਹੀਂ ਆਈ।ਉਦੋਂ ਹੀ ਮੈਂ ਪਾਪਾ ਕੋਲੋ ਇਹ ਕਿਤਾਬਾਂ ਮੰਗਵਾ ਲਈਆਂ ਸੀ।ਪਰ ਉਦੋਂ ਪੜਿਆ ਨਹੀਂ ਸੀ।ਕਦੇ ਕਦੇ ਪੜ੍ਹਨ ਲਈ ਚਕਦੀ ਜਰੂਰ ਹੁੰਦੀ ਸੀ ਪਰ ਨਹੀਂ ਪੜ ਹੁੰਦਾ ਸੀ।ਫੇਰ 10ਵੀਂ ਵਿਚ ਮੈਂ ਬਾਬਾ ਬੁੱਲੇ ਸ਼ਾਹ ਜੀ ਦੀ ਕਿਤਾਬ ਪੜੀ ਅਤੇ ਫੇਰ ਮੈਨੂੰ ਮੇਰੇ ਕਜ਼ਨ ਨੇ  ਲੂਣਾ ਬਾਰੇ ਦੱਸਿਆ ਸੀ ਮੇਰੇ ਕਜ਼ਨ ਨੇ ਹੀ ਮੈਂਨੂੰ ਇਹ ਕਿਤਾਬ ਲਿਆ ਕੇ ਦਿੱਤੀ ਸੀ।ਉਦੋਂ ਦੀ ਲੂਣਾ ਮੰਗਵਾ ਕੇ ਰੱਖੀ ਸੀ ਪਰ ਪੜੀ ਮੈਂ ਇਕ ਸਾਲ ਬਾਅਦ ਆ ਹੁਣ।ਜਦ ਵੀ ਪੜ੍ਹਨ ਦੀ ਕੋਸ਼ਿਸ਼ ਕਰਦੀ ਸੀ ਨਹੀਂ ਪੜ ਹੁੰਦੀ ਸੀ।ਹੁਣ ਵੀ ਛੁਟੀਆਂ ਕਰਕੇ ਪੜੀ।

ਨਾਜ਼ੀਆ: ਤੁਸੀ ਵੀ ਤਾਂ ਏਨੀ ਘੱਟ ਉਮਰ ਵਿਚ ਲਿਖਣਾ ਤੇ ਪੜ੍ਹਨਾ ਸ਼ੁਰੂ ਕਰ ਦਿੱਤਾ।

ਗੁਰਪ੍ਰੀਤ: ਮੈਨੂੰ ਲਿਖਣ ਦੀ ਆਦਤ ਆਪਣੇ ਦਾਦਾ ਜੀ ਤੋਂ ਪਈ। ਮੇਰੇ ਦਾਦਾ ਜੀ ਪਾਕਿਸਤਾਨ ਤੋਂ ਆਏ ਹੋਏ ਸੀ, ਓਹਨਾ ਨੇ ਵਾਰਿਸ ਸ਼ਾਹ ਦੀ "ਹੀਰ"ਪੜੀ ਹੋਈ ਸੀ।ਓਹ ਸ਼ਾਇਰੀ ਕਰਦੇ ਸਨ ਤੇ ਲਿਖਦੇ ਵੀ ਸਨ ਓਹਨਾ ਕੋਲ ਬਹੁਤ ਸਾਰੀਆਂ ਕਿਤਾਬਾਂ ਸਨ,ਮੈਂ ਅਕਸਰ ਓਹਨਾ ਕੋਲ ਬੈਠਾ ਕੁਝ ਨਾ ਕੁਝ ਪੜ੍ਹਦਾ ਰਹਿੰਦਾ ਸੀ,ਬਸ ਫੇਰ ਪੜ ਪੜ ਕੇ ਲਿਖਣ ਦੀ ਆਦਤ ਪੈ ਗਈ।

ਨਾਜ਼ੀਆ: ਤੁਸੀ ਵੀ ਪੜੀ ਹੀਰ?

ਗੁਰਪ੍ਰੀਤ:ਗ਼ਾਲਿਬ ਨੂੰ ਸਮਝਣ ਲਈ, ਪਹਿਲਾ ਗ਼ਾਲਿਬ ਹੋਣਾ ਪੈਂਦਾ ਏ।।

ਹੀਰ ਪੜਨ ਲਈ,ਪਹਿਲਾ ਹੀਰ ਦੇ ਕਾਬਿਲ ਹੋਣਾ ਪੈਂਦਾ ਏ।।

ਓਹ ਦੋਵੇਂ ਗੱਲ ਕਰ ਰਹੇ ਸੀ ਤੇ ਇਕ ਦੂਜੇ ਨੂੰ ਬਹੁਤ ਹੀ ਸੁਕੂਨ ਮਿਲ ਰਿਹਾ ਸੀ,ਨਾਜ਼ੀਆ ਨੂੰ ਗੁਰਪ੍ਰੀਤ ਵਿਚ ਓਹ ਰੂਹ ਦਿੱਖ ਰਹੀ ਸੀ, ਜੌ ਓਹ ਬਹੁਤ ਦੇਰ ਤੋਂ ਲੱਭ ਰਹੀ ਸੀ।ਓਹਨਾ ਨੇ ਇਕ ਘੰਟਾ ਲਗਾਤਾਰ ਗੱਲ ਕੀਤੀ ਬਸ ਆਹੀ ਗੱਲਾਂ ਕਰਦੇ ਰਹੇ।ਕੋਈ ਵੀ ਉਰੇ ਪਰੇ ਦੀ ਗੱਲ ਨਹੀਂ ਕੀਤੀ।

ਫੇਰ ਨਾਜ਼ੀਆ ਨੇ ਦਸਿਆ ਕੇ ਮੈਂ ਲੂਣਾ ਪੜ੍ਹਨ ਤੋਂ ਬਾਅਦ ਪਹਿਲੀ ਵਾਰ ਕੁਝ ਲਿਖਣ ਦੀ ਕੋਸ਼ਿਸ਼ ਕੀਤੀ ਪਤਾ ਨਹੀਂ ਮੈਂ ਕਿਵੇਂ ਤੇ ਕੀ ਲਿਖ ਦਿੱਤਾ।

ਗੁਰਪ੍ਰੀਤ ਨੇ ਕਿਹਾ ਪਲੀਜ਼ ਮੈਨੂੰ ਸੈਂਡ ਕਰੋ ਨਾ!

ਨਾਜ਼ੀਆ ਨੇ ਲਿਖੀ ਹੋਈ ਕਵਿਤਾ ਦੀ ਤਸਵੀਰ ਬਣਾ ਕੇ ਭੇਜ ਦਿੱਤੀ।

**ਸ਼ਿਵ ਦੇ ਵਰਗਾ ਸ਼ਾਇਰ ਮੈਂ ਕੋਈ ਦੇਖਿਆ ਨਾ,**

**ਮੇਰੇ ਵਰਗੇ ਲਿਖਦੇ ਲੋਕ ਬਥੇਰੇ ਨੇ।।**

**ਆਪਣੀ ਕਵਿਤਾ ਵਾਂਗ ਹੀ ਤਾਰਾ ਬਣ ਗਿਆ ਓਹ,**

**ਗੀਤ ਸਾਰੇ ਹੀ ਓਹਦੇ ਦਿਲ ਦੇ ਨੇੜੇ ਨੇ।।**

**ਹੰਝੂਆਂ ਦਾ ਭਾੜਾ ਦੇਵੇ ਭੱਠੀ ਵਾਲੀ ਨੂੰ,**

**ਕਹਿੰਦਾ ਏ ਮੈਂ ਸ਼ਿਕਰਾ ਯਾਰ ਬਣਾਇਆ ਏ।।**

"ਅੱਖ ਕਾਸ਼ਨੀ" ਓਹਦਾ ਸੁਣ ਹੱਸ ਪੈਂਦੀ ਆ,

ਓਹਦੀ "ਲੂਣਾ" ਮੈਨੂੰ ਬੜਾ ਰਵਾਇਆ ਏ।।

ਸੱਚ ਆਖਾਂ ਕੁਝ ਪਲ ਲਈ ਸੁੰਨ ਜਿਹਾ ਹੋ ਜਾਂਦਾ ,

ਦਿਲ ਲਾ ਪੜਿਆ ਓਹਨੂੰ ਜਿਹੜੇ ਜਿਹੜੇ ਨੇ।।

ਸ਼ਿਵ ਦੇ ਵਰਗਾ ਸ਼ਾਇਰ ਮੈਂ ਕੋਈ ਦੇਖਿਆ ਨਾ,

ਮੇਰੇ ਵਰਗੇ ਲਿਖਦੇ ਲੋਕ ਬਥੇਰੇ ਨੇ।।

ਆਪਣੀ ਕਵਿਤਾ ਵਾਂਗ ਹੀ ਤਾਰਾ ਬਣ ਗਿਆ ਓਹ,

ਗੀਤ ਸਾਰੇ ਹੀ ਓਹਦੇ ਦਿਲ ਦੇ ਨੇੜੇ ਨੇ।।

✿✿✿✿✿✿

# ਭਾਗ -12

ਨਾਜ਼ੀਆ ਵਲੋਂ ਭੇਜੀ ਕਵਿਤਾ ਪੜ ਕੇ ਗੁਰਪ੍ਰੀਤ ਨੇ ਉਸਦੀ

ਤਰੀਫ ਕੀਤੀ।ਗੁਰਪ੍ਰੀਤ ਨੂੰ ਨਹੀਂ ਪਤਾ ਸੀ ਕਿ "ਅੱਖ ਕਾਸ਼ਨੀ" ਗਾਣਾ ਵੀ ਸ਼ਿਵ ਕੁਮਾਰ ਬਟਾਲਵੀ ਜੀ ਦਾ ਲਿਖਿਆ ਹੋਇਆ।ਓਹ ਇਸ ਗਾਣੇ ਨੂੰ ਅਕਸਰ ਸੁਣਦਾ ਤਾਂ ਰਹਿੰਦਾ ਸੀ, ਪਰ ਪਤਾ ਨਹੀਂ ਸੀ ਕੇ ਬਟਾਲਵੀ ਸਾਹਿਬ ਦੀ ਲਿਖਤ ਹੋਵੇਗੀ।

ਹੁਣ ਨਾਜ਼ੀਆ ਦੀ ਨਜ਼ਰ ਚ ਗੁਰਪ੍ਰੀਤ ਇਕ ਵਧੀਆ ਇਨਸਾਨ ਸੀ,ਓਹ ਪਹਿਲਾਂ ਵੀ ਉਸਨੂੰ ਵਧੀਆ ਹੀ ਸਮਝਦੀ ਸੀ।ਪਰ ਕਾਲ ਕਰਨ ਤੋਂ ਬਾਅਦ ਨਾਜ਼ੀਆ ਦੇ ਦਿਲ ਵਿਚ ਗੁਰਪ੍ਰੀਤ ਦੀ ਹੋਰ ਵੀ ਜਗ੍ਹਾ ਬਣ ਗਈ ਸੀ।

ਕਾਲ ਕਰਨ ਤੋਂ ਬਾਅਦ ਹੁਣ ਨਾਜ਼ੀਆ ਥੋੜਾ ਰਿਲੈਕਸ ਜਿਹਾ ਮਹਿਸੂਸ ਕਰ ਰਹੀ ਸੀ।ਓਹਨੂੰ ਇੰਝ ਲਗਦਾ ਸੀ ਕਰ ਗੁਰਪ੍ਰੀਤ ਤੇ ਮੇਰੀ ਸੋਚ ਇੱਕੋ ਸੋਚ ਇਕੋ ਜਿਹੀ ਹੈ।ਹੁਣ ਉਸਨੂੰ ਓਹ ਇਨਸਾਨ ਮਿਲ ਗਿਆ ਸੀ ਜਿਸ ਨਾਲ ਓਹ ਗੱਲਾਂ ਕਰ ਸਕਦੀ ਸੀ ਜੌ ਕਦੇ ਕਿਸੀ ਨਾਲ ਨਹੀਂ ਕੀਤੀਆਂ ਸੀ।ਹੁਣ ਅਕਸਰ ਗੁਰਪ੍ਰੀਤ ਨਾਜ਼ੀਆ ਕਾਲ ਤੇ ਗੱਲ ਕਰਨ ਲੱਗ ਗਏ ਸੀ।ਗੁਰਪ੍ਰੀਤ ਲਈ ਤਾਂ ਕੋਈ ਖੁਸ਼ੀ ਦਾ ਟਿਕਾਣਾ ਹੀ ਨਹੀਂ ਸੀ। ਓਹ ਗੱਲ ਕਰਦੇ ਵਕਤ ਓਹ ਬਹੁਤ ਹੀ ਖਿਆਲ ਰਖਦਾ ਸੀ ਮੂੰਹੋਂ ਕੋਈ ਵੀ ਐਸਾ ਲਫਜ਼ ਨਾ ਨਿਕਲ ਜਾਵੇ ਜਿਸ ਨਾਲ ਨਾਜ਼ੀਆ ਅੱਗੇ ਸ਼ਰਮਿੰਦਾ ਹੋਣਾ ਪਵੇ।ਕਾਲਜ ਜਾਣ ਤੋਂ ਪਹਿਲਾਂ ਜਿੰਨੇ ਦਿਨ ਵੀ ਘਰ ਰਹੇ ਅਕਸਰ ਦੋਨੋ ਫੋਨ ਤੇ ਗੱਲਾਂ ਕਰਦੇ ਰਹਿੰਦੇ ਸੀ।ਓਹਨਾ ਦੀਆਂ ਗੱਲਾਂ ਵੀ ਬਸ ਲੇਖਕਾਂ,ਕਿਤਾਬਾਂ ਬਾਰੇ ਹੀ ਹੁੰਦੀਆਂ ਸੀ,ਨਾਜ਼ੀਆ ਨੇ ਵੀ ਹੁਣ ਥੋੜਾ ਥੋੜਾ ਲਿਖਣਾ ਸ਼ੁਰੂ ਕਰ ਦਿੱਤਾ ਸੀ,ਗੁਰਪ੍ਰੀਤ ਉਸਨੂੰ ਬਹੁਤ ਪ੍ਰੇਰਿਤ ਕਰਦਾ ਸੀ ਲਿਖਣ ਲਈ।ਓਹ ਵੀ ਕੁਝ ਨਾ ਕੁਝ ਨਾਜ਼ੀਆ ਬਾਰੇ ਲਿਖਦਾ ਰਹਿੰਦਾ ਸੀ।ਨਾਜ਼ੀਆ ਵੱਲ ਵੇਖ ਕੇ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਬਦਲਾਅ ਕਰ ਲਏ ਸੀ।ਓਹਦੀ ਕੋਸ਼ਿਸ਼ ਰਹਿੰਦੀ ਸੀ ਕੇ ਕਿਸੀ ਤਰਾਂ ਨਾਜ਼ੀਆ ਦੇ ਦਿਲ ਚ ਜਗ੍ਹਾ ਬਣਾ ਲਵਾਂ।ਨਾਜ਼ੀਆ ਆਪਣੇ ਬਾਰੇ ਦਸਦੀ ਕੇ ਦਿਨ ਚ ਕੀ ਕੀ ਕਰਦੀ,ਓਹਦੀ ਨਮਾਜ਼ ਵਾਲੀ ਗੱਲ ਗੁਰਪ੍ਰੀਤ ਦੇ ਦਿਲ ਨੂੰ ਹੀ ਲੱਗ ਗਈ।ਨਾਜ਼ੀਆ ਵੱਲ ਵੇਖ ਕੇ ਗੁਰਪ੍ਰੀਤ

ਨੇ ਵੀ ਪਾਠ ਕਰਨਾ ਸ਼ੁਰੂ ਕਰ ਦਿੱਤਾ ਸੀ। ਗੁਰੂ ਘਰ ਜਾਣਾ ਸ਼ੁਰੂ ਕਰ ਦਿੱਤਾ ਸੀ।ਓਹ ਜਦੋਂ ਵੀ ਕੁਝ ਕਵਿਤਾ ਲਿਖਦਾ ਉਸੇ ਵਕਤ ਨਾਜ਼ੀਆ ਨੂੰ ਮੈਸੇਜ ਕਰ ਦਿੰਦਾ ਸੀ।ਮੈਂ ਇਕ ਕਵਿਤਾ ਲਿਖੀ ਤਹਾਨੂੰ ਸੁਣਾਵਾਂ।ਨਾਜ਼ੀਆ ਸੁਣਨ ਲਈ ਉਸ ਵਕਤ ਕਾਲ ਲਗਾ ਲੈਂਦੀ ਸੀ।ਹੁਣ ਓਹਨਾ ਨੂੰ ਇਕ ਦੂਜੇ ਸੀ ਪਸੰਦ ਨਾ ਪਸੰਦ ਸਾਰਾ ਕੁਝ ਪਤਾ ਸੀ।

ਕਾਲਜ ਲੱਗਣ ਵਿਚ 2 ਦਿਨ ਰਹਿ ਗਏ ਸੀ।10 ਜੁਲਾਈ ਨੂੰ ਨਾਜ਼ੀਆ ਘਰੋਂ ਚਲੇ ਜਾਣਾ ਸੀ।ਓਹ ਪੈਕਿੰਗ ਬਗੈਰਾ ਕਰ ਰਹੀ ਸੀ ।ਟਿਉਸ਼ਨ ਵਾਲੇ ਬੱਚਿਆਂ ਦੇ ਵੀ ਗਰੁੱਪ ਵਿਚ ਮੈਸੇਜ ਆਉਣੇ ਸ਼ੁਰੂ ਹੋ ਗਏ ਸੀ।ਸਭ ਸੈਡ ਸੈਡ ਮੈਸੇਜ ਭੇਜ ਰਹੇ ਸੀ, ਇਧਰ ਗੁਰਪ੍ਰੀਤ ਨੂੰ ਬਹੁਤ ਹੀ ਚਾਅ ਸੀ ਟਿਉਸ਼ਨ ਜਾਣ ਦਾ।10ਜੁਲਾਈ ਸ਼ਾਮ ਨੂੰ ਨਾਜ਼ੀਆ ਮਾਮੇ ਦੇ ਘਰ ਪੁੱਜ ਗਈ।ਓਹਨੇ ਆਕੇ ਪ੍ਰਭ ਨੂੰ ਕਾਲ ਕਰਕੇ ਦੱਸ ਦਿੱਤਾ ਸੀ ਕੇ ਉਹ ਪੁੱਜ ਗਈ ਆ।ਪ੍ਰਭ ਉਸੇ ਵਕਤ ਸਕੂਟਰੀ ਚੱਕ ਕੇ ਮਿਲਣ ਆ ਗਈ।ਮਾਮੀ ਵੀ ਪ੍ਰਭ ਦਾ ਬਹੁਤ ਕਰਦੀ ਸੀ।ਮਾਮੀ ਨੇ ਅੱਜ ਘਰ ਢੋਕਲਾ ਬਣਾਇਆ ਹੋਇਆ ਸੀ।ਮਾਮੀ ਪ੍ਰਭ ਨਾਜ਼ੀਆ ਤਿੰਨੋ ਇਕਠੀਆ ਬੈਠਿਆ ਸਨ।ਪ੍ਰਭ ਆਪਣਾ ਦਸ ਰਹੀ ਸੀ ਕੇ ਕਿਵੇਂ ਛੁਟੀਆਂ ਬੀਤੀਆਂ,ਕਿੱਥੇ ਕਿੱਥੇ ਘੁੰਮਣ ਗਏ ਓਹ ਤਾਂ ਜਿਵੇਂ ਉਡੀਕ ਰਹੀ ਸੀ ਕੇ ਕਦੋਂ ਨਾਜ਼ੀਆ ਆਵੇ ਮੈਂ ਇਕ ਇਕ ਗੱਲ ਦੱਸਾਂ, ਜਿੰਨੀ ਦੇਰ ਵੀ ਬੈਠੀ ਇਕ ਸੈਕੰਡ ਲਈ ਵੀ ਚੁੱਪ ਨਹੀਂ ਹੋਈ।ਨਾਜ਼ੀਆ ਨੇ ਆਪਣਾ ਦੱਸਿਆ ਕੇ ਕਿਵੇਂ ਛੁਟੀਆਂ ਬੀਤੀਆਂ।ਮਾਮੀਂ ਨੂੰ ਕਿਸੀ ਦਾ ਫੋਨ ਆਗਿਆ ਓਹ ਉੱਠ ਕੇ ਬਾਹਰ ਚਲੇ ਗਏ।ਉਦੋਂ ਹੀ ਗੁਰਪ੍ਰੀਤ ਦਾ ਮੈਸੇਜ ਆ ਗਿਆ।"ਠੀਕ ਠਾਕ ਪੁੱਜ ਗਏ ਓ"

ਪ੍ਰਭ ਨੇ ਵੇਖ ਲਿਆ ਸੀ ਫੇਰ ਕਹਿਣ ਲੱਗ ਗਈ,ਅੱਛਾ ਜੀ!ਮੈਂ ਨਾ ਕਹਾਂ! ਕੇ ਮੇਰੇ ਨਾਲ ਜਿਆਦਾ ਗੱਲ ਕਿਉਂ ਨੀ ਕੀਤੀ ਛੁਟੀਆਂ ਚ,ਜਨਾਬ ਜੀ ਇਧਰ ਬੀਜੀ ਰਹਿੰਦੇ ਸੀ ਹੈਂ!ਨਾਜ਼ੀਆ ਨੇ ਕਿਹਾ ਏਦਾਂ ਦੀ ਕੋਈ ਗੱਲ ਨਹੀਂ ਆ।ਮੈਂ ਫੋਨ ਹੀ ਨੀ ਚਲਾਉਂਦੀ ਸੀ।ਅੱਛਾ ਭਾਈ ਮੰਨ ਲੈਂਦੀ ਹਾਂ,ਪ੍ਰਭ ਤਾਨੇ ਵਾਲੀ ਟੋਨ ਚ ਬੋਲੀ।ਨਾਜ਼ੀਆ ਨੇ ਅੱਖਾਂ ਚੱਕ ਕੇ ਵੇਖਿਆ ਪਰ ਬੋਲੀ ਕੁਝ ਨਾ।

ਥੋੜੀ ਦੇਰ ਰੁਕ ਕੇ ਪ੍ਰਭ ਵਾਪਸ ਚਲੇ ਗਈ,ਫੇਰ ਨਾਜ਼ੀਆ ਨੇ ਗੁਰਪ੍ਰੀਤ ਦੇ ਮੈਸੇਜ ਦਾ ਜਵਾਬ ਦਿੱਤਾ।

ਹਾਂਜੀ ਥੋੜੀ ਦੇਰ ਪਹਿਲਾ ਹੀ ਆਈ ਸੀ।

ਗੁਰਪ੍ਰੀਤ:ਠੀਕ ਕਿਵੇਂ ਤਿਆਰੀ ਆ ਕਲ ਕਾਲਜ ਜਾਣ ਦੀ?

ਨਾਜ਼ੀਆ: ਹਮਮਮ।

ਗੁਰਪ੍ਰੀਤ: ਚਲੋ ਠੀਕ ਆ ਕੱਲ ਫੇਰ ਟਿਉਸ਼ਨ ਤੇ ਮੁਲਾਕਾਤ ਹੋਏਗੀ।

ਨਾਜ਼ੀਆ: ਗੁੱਡ ਨਾਈਟ,ਟੇਕ ਕੇਅਰ।

ਗੁਰਪ੍ਰੀਤ: ਗੁੱਡ ਨੀਨੀ,ਖਿਆਲ ਰੱਖਿਓ ਆਪਣਾ।

ਨਾਜ਼ੀਆ ਖਾਣਾ ਖਾ ਕੇ ਨਮਾਜ਼ ਪੜ ਕੇ ਜਲਦੀ ਸੌਂ ਗਈ।

ਸੁਬਾਹ ਟਾਇਮ ਤੇ ਉੱਠ ਕੇ ਤਿਆਰ ਹੋ ਗਈ।ਪ੍ਰਭ ਵੀ ਟਾਈਮ ਤੇ ਆ ਗਈ ਸੀ,ਕਾਲਜ ਪੁੱਜੇ ਤਾਂ ਸਾਰੇ ਬੱਚੇ ਕਲਾਸ ਵਿਚ ਆਏ ਹੋਏ ਸੀ।ਪਹਿਲਾ ਲੈਕਚਰ ਇੰਗਲਿਸ਼ ਦਾ ਸੀ,ਇੰਗਲਿਸ਼ ਇਸ ਬਾਰ ਵੀ ਮਾਹੀ ਸ਼ਰਮਾ ਮੈਡਮ ਨੇ ਹੀ ਪੜਾਉਣੀ ਸੀ, ਮਾਹੀ ਮੈਡਮ ਸਭ ਦੇ ਮਨਪਸੰਦ ਮੈਡਮ ਸੀ।ਓਹ ਕਦੇ ਵੀ ਕਿਸੀ ਬੱਚੇ ਨੂੰ ਫਾਲਤੂ ਤੰਗ ਨਹੀਂ ਕਰਦੇ ਸੀ।ਓਹਨਾ ਦਾ ਬਹੁਤ ਹੀ ਸੁਪੋਰਟਿਵ ਨੇਚਰ ਸੀ।ਓਹਨਾ ਲਈ ਹੁਸ਼ਿਆਰ ਨਲਾਇਕ ਸਭ ਇਕੋ ਜਿਹੇ ਸਨ।

ਕੁਝ ਲੜਕੀਆਂ ਪੰਜਾਬੀ ਸਕੂਲਾਂ ਤੋਂ ਆਈਆਂ ਸਨ, ਜਿਨਾ ਦੀ ਇੰਗਲਿਸ਼ ਏਨੀ ਵਧੀਆ ਨਹੀਂ ਸੀ। ਮਾਹੀ ਮੈਡਮ ਓਹਨਾ ਨੂੰ ਛੁੱਟੀ ਤੋਂ ਬਾਅਦ ਓਵਰ ਟਾਈਮ ਲਗਾ ਕੇ ਇੰਗਲਿਸ਼ ਦੀ ਸਪੈਸ਼ਲ ਕਲਾਸ ਦਿੰਦੇ ਸਨ।ਮਦਦ ਚਾਹੇ ਪੜਾਈ ਦੀ ਹੋਵੇ ਚਾਹੇ ਪੈਸੇ ਦੀ ਹਰ ਵਕਤ ਕਮਜ਼ੋਰ ਬੱਚਿਆਂ ਦੇ ਨਾਲ ਰਹਿੰਦੇ ਸਨ।ਇਹੀ ਕਾਰਨ ਸੀ ਕਿ ਹਰ ਕੋਈ ਮੈਡਮ ਦੀ ਇੱਜਤ ਕਰਦਾ ਸੀ।

ਸਾਰੇ ਬੱਚੇ ਛੁਟੀਆਂ ਕਰਕੇ ਆਏ ਸੀ ਤਾਂ ਸਾਰੇ ਹੀ ਸੁਸਤੀ ਮਾਰ ਰਹੇ ਸੀ।ਸਾਰੇ ਟੀਚਰ ਆਪਣਾ ਆਪਣਾ ਲੈਕਚਰ ਲਗਾ ਕੇ ਜਾ ਰਹੇ ਸੀ।ਨਾਜ਼ੀਆ ਹੁਣ ਸਾਰੇ ਟੀਚਰਾਂ ਦੀ ਨਜ਼ਰ ਚ ਆ ਚੁੱਕੀ ਸੀ।ਇਥੋਂ ਤਕ ਨਵੇਂ ਟੀਚਰਾਂ ਨੂੰ ਵੀ ਨਾਜ਼ੀਆ ਬਾਰੇ ਪਤਾ ਸੀ ਰਿਜਲਟ ਦੇ ਟਾਇਮ

ਤੋਂ ਹੀ ਨਾਜ਼ੀਆ ਦੀ ਨੋਟਿਸ ਬੋਰਡ ਤੇ ਸਟਾਰ ਆਫ ਕਾਲਜ ਨਾਮ ਦੇ ਫਰੇਮ ਚ ਫੋਟੋ ਲੱਗੀ ਹੋਈ ਸੀ।

ਪਹਿਲੇ ਦਿਨ ਹੀ ਘਰੋਂ ਲਿਖਣ ਵਾਲਾ ਕਾਫੀ ਕੰਮ ਮਿਲ ਗਿਆ ਸੀ।ਇਕ ਇਕ ਕਰਕੇ ਸਾਰੇ ਲੈਕਚਰ ਲੱਗ ਗਏ।1 ਵਜੇ ਛੁੱਟੀ ਹੋ ਗਈ।ਪ੍ਰਭ ਨਾਜ਼ੀਆ ਨੂੰ ਘਰ ਛੱਡ ਕੇ ਚਲੇ ਗਈ।ਨਾਜ਼ੀਆ ਨੇ ਘਰ ਆ ਕੇ ਖਾਣਾ ਖਾਧਾ ਤੇ ਥੋੜੀ ਦੇਰ ਰੈਸਟ ਕੀਤੀ।4 ਵਜੇ ਟਿਉਸ਼ਨ ਦਾ ਟਾਇਮ ਸੀ।3:30 ਪ੍ਰਭ ਆ ਗਈ ਸੀ,ਓਹਦੇ ਆਉਣ ਤੱਕ ਚਾਹ ਬਣਾ ਕੇ ਰੱਖੀ ਹੋਈ ਸੀ ਚਾਹ ਪੀਕੇ ਟਿਉਸ਼ਨ ਚਲੇ ਗਈਆਂ।ਟਿਉਸ਼ਨ ਤੇ ਸਾਰੇ ਆਏ ਹੋਏ ਸੀ।ਗੁਰਪ੍ਰੀਤ ਨੇ ਦੂਰੋਂ ਹੀ ਨਾਜ਼ੀਆ ਨੂੰ ਸਲਾਮ ਬੋਲਿਆ ਨਾਜ਼ੀਆ ਨੇ ਅੱਖਾਂ ਨਾਲ ਹੀ ਜਵਾਬ ਦੇ ਦਿੱਤਾ।

ਸਰ ਨੂੰ ਬੁਲਾਇਆ,ਕੁਝ ਹੋਰ ਨਵੇਂ ਸਟੂਡੈਂਟ ਵੀ ਆਏ ਸੀ।ਸਰ ਨੇ ਨਾਜ਼ੀਆ ਬਾਰੇ ਸਭ ਨੂੰ ਦੱਸਿਆ ਸਾਰਿਆਂ ਨੇ ਨਾਜ਼ੀਆ ਨੂੰ ਬੁਲਾਇਆ।ਰੂਹਾਨੀ ਨੂੰ ਇਹ ਗੱਲ ਵਧੀਆ ਨਹੀ ਲਗਦੀ ਸੀ।ਫੇਰ ਵੀ ਨਾਜ਼ੀਆ ਨੇ ਰੁਹਾਨੀਂ ਨੂੰ ਬੁਲਾ ਲਿਆ।

ਫੇਰ ਸਰ ਨੇ ਪੜਾਉਣਾ ਸ਼ੁਰੂ ਕਰ ਦਿੱਤਾ।ਗੁਰਪ੍ਰੀਤ ਨਾਜ਼ੀਆ ਨੂੰ ਚੋਰੀ ਚੋਰੀ ਵੇਖ ਰਿਹਾ ਸੀ ਪਰ ਨਾਜ਼ੀਆ ਦਾ ਪੂਰਾ ਧਿਆਨ ਪੜਾਈ ਵਿਚ ਸੀ ਓਹਦਾ ਫੋਕਸ ਏਨਾ ਸੀ ਕੇ ਆਲੇ ਦੁਆਲੇ ਕੁਝ ਵੀ ਹੋਈ ਜਾਵੇ ਓਹ ਧਿਆਨ ਨਹੀਂ ਦਿੰਦੀ ਸੀ।ਟਿਉਸ਼ਨ ਖਤਮ ਹੋਗਿਆ, ਸਾਰੇ ਆਪਣੇ ਆਪਣੇ ਘਰ ਨੂੰ ਚਲੇ ਗਏ।ਗੁਰਪ੍ਰੀਤ ਇਸੇ ਗੱਲ ਨਾਲ ਹਵਾ ਚ ਉੱਡ ਰਿਹਾ ਸੀ ਕੇ ਨਾਜ਼ੀਆ ਨਾਲ ਗੱਲ ਹੋ ਜਾਂਦੀ ਦੂਜਾ ਟਿਉਸ਼ਨ ਤੇ ਵੇਖਣ ਨੂੰ ਮਿਲ ਜਾਂਦਾ ਸੀ।

✿✿✿✿✿✿

## ਭਾਗ -13

ਅਸੀਂ ਖੁਦ ਦੀਆਂ ਭਾਵਨਾਵਾਂ ਤੇ ਕਿੰਨਾ ਵੀ ਕਾਬੂ ਕਿਉਂ ਨਾ ਕਰ ਲਈਏ ਪਰ ਕਿਤੇ ਨਾ ਕਿਤੇ ਜਾ ਕੇ ਅਸੀਂ ਆਪਣੇ ਮੰਨ ਦੇ ਹੱਥੋਂ ਬੇਵੱਸ ਹੋ ਹੀ ਜਾਂਦੇ ਹਾਂ।ਕਿਸੀ ਨਾਲ ਪਿਆਰ ਹੋਣ ਨੂੰ ਜਾਂ ਕਿਸੀ ਨੂੰ ਜਾਨਣ ਲਈ ਕੋਈ ਜਿਆਦਾ ਸਮਾਂ ਨਹੀਂ ਲਗਦਾ, ਪਰ ਕਈ ਵਾਰ ਪੂਰੀ ਜ਼ਿੰਦਗੀ ਵੀ ਲੱਗ ਜਾਂਦੀ ਆ ਨਾ ਹੀ ਇਨਸਾਨ ਸਮਝ ਆਉਂਦਾ ਨਾ ਹੀ ਪਿਆਰ ਹੁੰਦਾ।ਕਿਸੀ ਲਈ ਇੱਕ ਵਾਰ ਵੀ ਦਿਲ ਚ ਥੋੜੀ ਜਹੀ ਫੀਲਿੰਗ ਆ ਜਾਵੇ।ਓਸ ਫੀਲਿੰਗ ਨੂੰ ਮੁਕਾਉਣ ਲਈ ਜ਼ਿੰਦਗੀ ਮੁੱਕ ਜਾਂਦੀ ਪਰ ਫੀਲਿੰਗ ਨਹੀਂ ਮੁੱਕਦੀ। ਇਨਸਾਨ ਕਿੰਨਾ ਵੀ ਸਮਝਦਾਰ ਕਿਉਂ ਨਾ ਹੋਵੇ ਕਿਤੇ ਨਾ ਕਿਤੇ ਆ ਕੇ ਇਸ਼ਕ ਦੇ ਹੱਥੋਂ ਠੱਗਿਆ ਹੀ ਜਾਂਦਾ ਆ।।

ਇਹੀ ਹਾਲ ਨਾਜ਼ੀਆ ਦਾ ਸੀ,ਓਹਨੇ ਗੁਰਪ੍ਰੀਤ ਨਾਲ ਕੋਈ ਜਿਆਦਾ ਸਮਾਂ ਤਾਂ ਨਹੀਂ ਬਿਤਾਇਆ ਸੀ ਤੇ ਨਾ ਹੀ ਓਹਨੇ ਕਦੇ ਸਮਝਣ ਸਮਝਾਉਣ ਤੇ ਸਮਾਂ ਖਰਚ ਕੀਤਾ ਸੀ। ਓਹਨਾ ਥੋੜੇ ਦਿਨਾਂ ਦੀ ਵਾਰਤਾਲਾਪ ਨੇ ਹੀ ਨਾਜ਼ੀਆ ਦੇ ਦਿਲ ਵਿੱਚ ਗੁਰਪ੍ਰੀਤ ਲਈ ਪਿਆਰ ਭਰ ਦਿੱਤਾ ਸੀ।

"ਹਾਂ ਜੀ ਉਸਨੂੰ ਪਿਆਰ ਹੋ ਗਿਆ ਸੀ"

ਪਰ ਓਹ ਬਹੁਤ ਸੁਲਝੀ ਹੋਈ ਤੇ ਗੱਲ ਦੇ ਅਖੀਰ ਤੱਕ ਜਾਣ ਵਾਲੀ ਕੁੜੀ ਸੀ।ਓਹ ਪਹਿਲਾਂ ਵੇਖਣਾ ਚਾਹੁੰਦੀ ਸੀ ਕੇ ਉਸਨੂੰ ਗੁਰਪ੍ਰੀਤ ਨਾਲ ਅਟਰੇਕਸ਼ਨ ਤਾਂ ਨਹੀਂ।ਦਿਲ ਉੱਤੇ ਦਿਮਾਗ ਨੇ ਪਹਿਰਾ ਲਗਾਇਆ ਹੋਇਆ ਸੀ।ਜਿਹੜਾ ਰੋਕ ਲੈਂਦਾ ਸੀ।

ਹੁਣ ਗੁਰਪ੍ਰੀਤ ਨਾਲ ਗੱਲ ਕੀਤੇ ਬਿਨਾ ਉਸਨੂੰ ਟਿਕਾਅ ਨਹੀਂ ਆਉਂਦਾ ਸੀ।ਬੇਸ਼ਕ 5 ਮਿੰਟ ਹੀ ਕਿਉਂ ਨਾ ਗੱਲ ਹੋਵੇ।ਗੁਰਪ੍ਰੀਤ ਤਾਂ ਪਹਿਲਾਂ ਹੀ ਦਿਲ ਹਾਰੀ ਬੈਠਾ ਸੀ।ਓਹ ਤਾਂ ਫੋਨ ਹੱਥ ਚ ਲੈਕੇ ਬੈਠਾ ਰਹਿੰਦਾ ਸੀ ਕਦੋਂ ਮੈਸਜ ਆਵੇ ਤੇ ਗੱਲ ਕਰਾਂ।ਓਹਨੂੰ ਨਾਜ਼ੀਆ ਦੀ ਇਕ ਕਮਜ਼ੋਰੀ

ਪਤਾ ਲੱਗ ਗਈ ਸੀ ਕਿ ਨਾਜ਼ੀਆ ਓਦਾਂ ਚਾਹੇ ਸਾਰਾ ਦਿਨ ਗੱਲ ਨਾ ਕਰੇ ਪਰ ਜਿੱਦਾਂ ਹੀ ਗੁਰਪ੍ਰੀਤ ਮੈਸੇਜ ਭੇਜ ਕੇ ਦਸਦਾ ਸੀ ਕੇ ਮੈਂ ਅੱਜ ਨਵੀਂ ਕਵਿਤਾ ਲਿਖੀ ਆ ਫੇਰ ਟਾਇਮ ਕੱਢ ਕੇ ਨਾਜ਼ੀਆ ਕਾਲ ਕਰ ਲੈਂਦੀ ਸੀ।ਹੁਣ ਗੁਰਪ੍ਰੀਤ ਖੂਬ ਲਿਖਣ ਲੱਗ ਗਿਆ ਸੀ।

ਨਾਜ਼ੀਆ ਬਹੁਤ ਹੀ ਸੋਚ ਸਮਝ ਕੇ ਚਲਦੀ ਸੀ,ਓਹ ਕਿਸੀ ਸਾਹਮਣੇ ਜਿਆਦਾ ਫੋਨ ਤੇ ਗੱਲ ਨਹੀਂ ਕਰਦੀ ਸੀ ਕੇ ਕਿਸੀ ਨੂੰ ਸ਼ੱਕ ਨਾ ਹੋਵੇ,ਦੂਜਾ ਓਹ ਰਹਿੰਦੀ ਆਪਣੇ ਮਾਮਾ ਜੀ ਕੋਲ ਸੀ ਓਹ ਨਹੀਂ ਚਾਹੁੰਦੀ ਸੀ ਕੇ ਓਹਦੇ ਘਰਦਿਆਂ ਨੂੰ ਕਿਸੀ ਵੀ ਤਰਾਂ ਦੀ ਗੱਲ ਸੁਨਣ ਨੂੰ ਮਿਲੇ।ਗੁਰਪ੍ਰੀਤ ਨੂੰ ਸਖ਼ਤ ਮਨਾਹੀ ਸੀ ਕੇ ਜਦੋਂ ਤਕ ਮੈਂ ਕਾਲ ਨਹੀਂ ਕਰਦੀ ਤੁਸੀਂ ਮੈਨੂੰ ਕਦੇ ਵੀ ਕਾਲ ਨਹੀਂ ਕਰਨੀ ਗੁਰਪ੍ਰੀਤ ਨੇ ਉਸਦੀ ਗੱਲ ਨੂੰ ਪੱਥਰ ਤੇ ਲੀਕ ਸਮਝਿਆ ਸੀ।

ਕਾਲਜ ਅਤੇ ਟਿਊਸ਼ਨ ਤੋਂ ਪੜ੍ਹਾਈ ਦਾ ਬਹੁਤ ਪ੍ਰੈਸ਼ਰ ਸੀ।ਨਾਜ਼ੀਆ ਪੜ੍ਹਾਈ ਦੇ ਮਾਮਲੇ ਵਿੱਚ ਇੱਕ ਪਰਸੈਂਟ ਵੀ ਅਣਗਿਹਲੀ ਨਹੀਂ ਕਰਦੀ ਸੀ।ਗੁਰਪ੍ਰੀਤ ਨੇ ਵੀ ਪੜ੍ਹਾਈ ਪਹਿਲਾਂ ਵਾਂਗ ਹੀ ਜਾਰੀ ਰੱਖੀ ਹੋਈ ਸੀ। ਸਮਾਂ ਬੀਤਦਾ ਜਾ ਰਿਹਾ ਸੀ। ਗੁਰਪ੍ਰੀਤ ਬਹੁਤ ਹੀ ਸਬਰ ਨਾਲ ਚਲ ਰਿਹਾ ਸੀ,ਓਹ ਕਿਸੀ ਵੀ ਗੱਲ ਤੇ ਜ਼ਿੱਦ ਨਹੀਂ ਕਰਦਾ ਸੀ।ਓਹ ਆਪਣੀ ਮੁਹੱਬਤ ਦਾ ਇਜ਼ਹਾਰ ਕਰਨਾ ਚਾਹੁੰਦਾ ਸੀ ਪਰ ਡਰ ਜਾਂਦਾ ਸੀ ਕਿਉਕਿ ਨਾਜ਼ੀਆ ਨੇ ਓਹਨੂੰ ਕਦੇ ਵੀ ਅਹਿਸਾਸ ਨਹੀਂ ਹੋਣ ਦਿੱਤਾ ਸੀ ਕੇ ਉਹਦੇ ਦਿਲ ਵਿਚ ਗੁਰਪ੍ਰੀਤ ਲਈ ਦੋਸਤੀ ਤੋਂ ਵੱਧ ਕੁਝ ਹੋਵੇਗਾ।ਓਹ ਦੋਸਤੀ ਨਹੀਂ ਗਵਾਉਣਾ ਚਾਹੁੰਦਾ ਸੀ।ਨਾਜ਼ੀਆ ਦੇ ਦਿਲ ਵਿਚ ਦਿਨ ਪਰ ਦਿਨ ਗੁਰਪ੍ਰੀਤ ਲਈ ਜਗ੍ਹਾ ਬਣਦੀ ਜਾ ਰਹੀ ਸੀ।5 ਅਗਸਤ ਨੂੰ ਗੁਰਪ੍ਰੀਤ ਦਾ ਜਨਮ ਦਿਨ ਸੀ।ਓਹਨੇ ਸੋਚਿਆ ਸੀ ਕੇ ਜਨਮ ਦਿਨ ਵਾਲੇ ਦਿਨ ਨਾਜ਼ੀਆ ਨੂੰ ਆਪਣੇ ਦਿਲ ਦੀ ਗੱਲ ਦੱਸ ਦੇਵੇਗਾ।ਜਿਹੜੀਆਂ ਕਵਿਤਾਵਾਂ ਨਹੀਂ ਦਿਖਾਈਆਂ ਓਹ ਵੀ ਦਿਖਾ ਦੇਵੇਗਾ। ਫੇਰ ਜੋ ਵੀ ਹੋਵੇਗਾ ਵੇਖਿਆ ਜਾਵੇਗਾ।ਟਿਊਸ਼ਨ ਤੇ ਉਸਦੇ ਦੋਸਤ ਨੇ ਸਭ ਨੂੰ ਦੱਸ ਦਿੱਤਾ ਸੀ ਕੇ 5 ਅਗਸਤ ਨੂੰ ਗੁਰਪ੍ਰੀਤ ਦਾ ਜਨਮ ਦਿਨ ਹੈ ਤਾਂ ਸਭ ਉਸ ਨੂੰ ਪਾਰਟੀ ਦਾ ਕਹਿ ਰਹੇ ਸੀ।2 ਅਗਸਤ ਨੂੰ ਗੁਰਪ੍ਰੀਤ ਨੇ ਨਾਜ਼ੀਆ ਨੂੰ ਮੈਸੇਜ ਕੀਤਾ ਕੇ 5 ਨੂੰ ਮੇਰਾ ਜਨਮ ਦਿਨ ਆ, ਪਲੀਜ਼ ਤੁਸੀਂ ਜਰੂਰ ਆਉਣਾ,ਮੈਂ ਸਭ ਨੂੰ ਪਾਰਟੀ ਵੀ ਦੇਣੀ ਆ।ਨਾਜ਼ੀਆ ਨੇ ਵੀ ਮਨਾ ਨਹੀਂ

ਕੀਤਾ।ਨਾਜ਼ੀਆ ਗੁਰਪ੍ਰੀਤ ਨੂੰ ਕੁਝ ਗਿਫ਼ਟ ਦੇਣ ਬਾਰੇ ਸੋਚ ਰਹੀ ਸੀ ਬਹੁਤ ਸੋਚ ਕੇ ਨਾਜ਼ੀਆ ਨੇ ਗੁਰਪ੍ਰੀਤ ਲਈ ਗਿਫ਼ਟ ਬਣਾ ਲਿਆ ਸੀ।ਜਨਮ ਦਿਨ ਵਾਲੇ ਦਿਨ ਗੁਰਪ੍ਰੀਤ ਬਹੁਤ ਸੋਹਣਾ ਬਣ ਕੇ ਆਇਆ ਹੋਇਆ ਸੀ ਤੇ ਸਾਰਿਆਂ ਨੂੰ ਇਕ ਘੰਟਾ ਪਹਿਲਾਂ ਆਉਣ ਲਈ ਹੀ ਕਹਿ ਦਿੱਤਾ ਸੀ। ਨਾਜ਼ੀਆ ਨੇ ਓਹਨੂੰ ਸਰਪ੍ਰਾਈਜ਼ ਦੇਣ ਲਈ 4 ਤਰੀਕ ਰਾਤ ਨੂੰ 12 ਵਜੇ ਕਾਲ ਕਰਕੇ ਜਨਮ ਦਿਨ ਦੀ ਵਧਾਈ ਦਿੱਤੀ।ਗੁਰਪ੍ਰੀਤ ਨੂੰ ਬਿਲਕੁਲ ਆਸ ਨਹੀਂ ਸੀ ਕੇ ਨਾਜ਼ੀਆ ਏਦਾਂ ਮੁਬਾਰਕ ਦੇਵੇਗੀ।ਗੁਰਪ੍ਰੀਤ ਬਹੁਤ ਹੀ ਖੁਸ਼ ਸੀ।ਥੋੜੀ ਦੇਰ ਗੱਲ ਕਰਕੇ ਨਾਜ਼ੀਆ ਨੇ ਫੋਨ ਕੱਟ ਦਿੱਤਾ।ਗੁਰਪ੍ਰੀਤ ਨੂੰ ਖੁਸ਼ੀ ਨਾਲ ਨੀਂਦ ਨਹੀਂ ਆਈ।

ਦੂਜੇ ਦਿਨ ਗੁਰਪ੍ਰੀਤ ਸਕੂਲ ਗਿਆ ਤੇ ਬਸ ਉਡੀਕ ਕਰ ਰਿਹਾ ਸੀ ਕਦੋਂ 3 ਵੱਜਣ ਤੇ ਨਾਜ਼ੀਆ ਨੂੰ ਵੇਖਾਂ। ਗੁਰਪ੍ਰੀਤ ਟਿਊਸ਼ਨ ਤੇ  ਬਾਕੀਆਂ ਨਾਲੋ ਅੱਧਾ ਘੰਟਾ ਪਹਿਲਾਂ ਪੁੱਜ ਗਿਆ ਸੀ।ਗੁਰਪ੍ਰੀਤ ਨੇ ਟਿਊਸ਼ਨ ਵਾਲੇ ਸਰ ਕੋਲੋਂ ਇਜ਼ਾਜਤ ਲਈ ਹੋਈ ਸੀ ਅਤੇ ਪਾਰਟੀ ਵਿਚ ਬਰਗਰ ਲੈਕੇ ਆਇਆ ਸੀ।ਉਦੋਂ ਪਾਰਟੀ ਦੇਣ ਲਈ ਕੋਈ ਜਿਆਦਾ ਪੈਸੇ ਨਹੀਂ ਖਰਚਣੇ ਪੈਂਦੇ ਸੀ ਦੋਸਤ ਸਮੋਸੇ, ਬਰਗਰਾਂ ਤੇ ਹੀ ਖੁਸ਼ ਹੋ ਜਾਂਦੇ ਸੀ।ਹਰ ਕੋਈ ਆਪਣੇ ਹਿਸਾਬ ਨਾਲ ਗਿਫ਼ਟ ਦੇ ਰਿਹਾ ਸੀ,ਰੁਹਾਨੀਂ ਗੁਰਪ੍ਰੀਤ ਲਈ ਕੇਕ ਬਣਵਾ ਕੇ ਲੈਕੇ ਆਈ ਸੀ ਕਿਸੀ ਨੇ ਪੈੱਨ ਦਿੱਤਾ ਕਿਸੀ ਨੇ ਕੀ ਰਿੰਗ। ਪਰ ਨਾਜ਼ੀਆ ਦਾ ਗਿਫ਼ਟ ਸਭ ਤੋਂ ਅਲੱਗ ਸੀ,ਓਹ ਗਿਫ਼ਟ ਲੈਪਟਾਪ ਵਾਂਗ ਪੈਕ ਕੀਤਾ ਸੀ।ਹਰ ਇਕ ਦੀ ਨਜ਼ਰ ਨਾਜ਼ੀਆ ਦੇ ਗਿਫ਼ਟ ਉੱਪਰ ਸੀ।ਸਾਰਿਆਂ ਨੇ ਬਰਗਰ ਖਾਧੇ ਵਧਾਈਆਂ ਦਿੱਤੀਆਂ।ਟਿਊਸ਼ਨ ਖਤਮ ਹੋਣ ਤੋਂ ਬਾਅਦ ਸਭ ਚਲੇ ਗਏ।ਗੁਰਪ੍ਰੀਤ ਨੇ ਘਰ ਜਾਕੇ ਸਭ ਤੋਂ ਪਹਿਲਾਂ ਨਾਜ਼ੀਆ ਦਾ ਦਿੱਤਾ ਹੋਇਆ ਗਿਫ਼ਟ ਖੋਲ ਕੇ ਵੇਖਿਆ ਤਾਂ ਗੁਰਪ੍ਰੀਤ ਵੇਖ ਕੇ ਹੈਰਾਨ ਹੋਗਿਆ ਤੇ ਅੱਖਾਂ ਵਿੱਚ ਪਾਣੀ ਆ ਗਿਆ।ਕਿਉਕਿ ਗਿਫ਼ਟ ਹੈ ਹੀ ਏਨਾ ਕੀਮਤੀ ਸੀ।

ਗੁਰਪ੍ਰੀਤ ਨੇ ਹੁਣ ਤਕ ਨਾਜ਼ੀਆ ਨੂੰ ਜਿੰਨੀਆ ਵੀ ਕਵਿਤਾਵਾਂ ਸੁਣਾਈਆਂ ਜਾਂ ਭੇਜੀਆਂ ਸਨ ।ਨਾਜ਼ੀਆ ਨੇ ਓਹ ਸਾਰਿਆਂ ਕਵਿਤਾਵਾਂ ਦੀ calligraphy ਕਰਕੇ ਇਕ ਬਹੁਤ ਹੀ ਸੋਹਣੀ ਫਾਈਲ ਤਿਆਰ ਕੀਤੀ ਹੋਈ ਸੀ।ਉਸੇ ਵਕਤ ਨਾਜ਼ੀਆ ਨੂੰ ਮੈਸੇਜ ਭੇਜ ਕੇ ਬਹੁਤ ਬਹੁਤ ਸ਼ੁਕਰੀਆ ਬੋਲਿਆ।ਨਾਲ ਲਿਖ ਕੇ ਭੇਜਿਆ ਕੇ ਟਾਇਮ ਕੱਢ ਕੇ ਮੈਨੂੰ ਕਾਲ ਕਰਿਓ ਜਰੂਰ,ਮੈਂ ਬਹੁਤ ਜਰੂਰੀ ਗੱਲ ਕਰਨੀ ਤੁਹਾਡੇ ਨਾਲ।ਨਾਲ ਇਕ ਕਵਿਤਾ ਵੀ ਲਿਖ ਕੇ ਭੇਜੀ:

**ਗਿਫ਼ਟ ਕੀਤਾ ਹੈ ਓਹਨੇ ਮੈਨੂੰ ਮੇਰੀਆਂ ਹੀ ਕਵਿਤਾਵਾਂ ਦਾ,**

**ਹੋਰ ਸੋਹਣੀਆਂ ਹੋ ਗਈਆਂ ਓਨੇ ਹੱਥੀਂ ਲਿਖ ਕੇ ਦਿੱਤੀਆਂ ਨੇ।।**

**ਸਾਂਭ ਰੱਖ ਰਿਹਾ ਹਰ ਇੱਕ ਲਮਹਾ ਹਰ ਇਕ ਪਲ ਮੇਰਾ ਓਹਦਾ।।**

**ਇਹ ਯਾਦਾਂ ਨਹੀਂ ਭੁਲਣੀਆ ਸ਼ੱਕਰ ਤੋਂ ਵੀ ਵੱਧ ਕੇ ਮਿੱਠੀਆਂ ਨੇ।।**

**Calligraphy ਵੀ ਕਰਦੀ ਆ,ਯਾਰੋ ਸ਼ਿਵ ਨੂੰ ਵੀ ਪੜਦੀ ਆ।।**

**ਸੋਹਣੇ ਜਿਹੇ ਮੁੱਖ ਆਪਣੇ ਵਿਚੋਂ ਸੋਹਣੀਆਂ ਗੱਲਾਂ ਹੀ ਕਰਦੀ ਆ।।**

**ਰੂਹ ਪ੍ਰੀਤ ਦੀ ਛੂਹ ਜਾਂਦੀ ਐ,ਸਾਰੀਆਂ ਫ਼ਿਕਰਾਂ ਲੂਹ ਜਾਂਦੀ ਏ।।**

**ਓਹਦੀਆਂ ਮਿੱਠੀਆਂ ਗੱਲਾ ਅੱਗੇ ,ਸਾਰਿਆਂ ਚੀਜ਼ਾਂ ਹੀ ਫਿੱਕੀਆਂ ਨੇ।।**

**ਗਿਫ਼ਟ ਕੀਤਾ ਹੈ ਓਹਨੇ ਮੈਨੂੰ, ਮੇਰੀਆਂ ਹੀ ਕਵਿਤਾਵਾਂ ਦਾ।।**

**ਹੋਰ ਸੋਹਣੀਆਂ ਹੋ ਗਈਆਂ ਓਨੇ ਹੱਥੀਂ ਲਿਖ ਕੇ ਦਿੱਤੀਆਂ ਨੇ।।**

ਨਾਜ਼ੀਆ ਨੇ 9:30 ਵਜੇ ਗੁਰਪ੍ਰੀਤ ਦੇ ਮੈਸੇਜ ਵੇਖੇ  ਤੇ ਫੋਨ ਕੀਤਾ।

ਨਾਜ਼ੀਆ: Happy Birthday again.

ਗੁਰਪ੍ਰੀਤ: thanks so much dear to made my birthday special.

ਅੱਜ ਤੱਕ ਮੇਰਾ ਜਨਮ ਦਿਨ ਏਨਾ ਸਪੈਸ਼ਲ ਕਦੀ ਨਹੀਂ ਹੋਇਆ ਜਿੰਨਾ ਅੱਜ ਆ।

ਨਾਜ਼ੀਆ:ਖੁਸ਼ ਰਹੋ ਅੱਲ੍ਹਾ ਤਹਾਨੂੰ ਖੁਸ਼ ਰੱਖੇ।

ਗੁਰਪ੍ਰੀਤ: ਯਾਰ ਮੈਂ ਤਾਂ ਸੋਚਿਆ ਵੀ ਨਹੀਂ ਸੀ ਕੇ ਤੁਸੀ ਮੈਨੂੰ ਏਨਾ ਕੀਮਤੀ ਤੇ ਸੋਹਣਾ ਗਿਫ਼ਟ ਦਿਉਗੇ।

ਇਕ ਗੱਲ ਤਾਂ ਦਸੋ ਕਿੰਨੇ ਕੁ ਟੈਲੇਂਟ ਲੁਕੋ ਕੇ ਰੱਖੇ ਹੋਏ ਆ।

ਗੁਰਪ੍ਰੀਤ ਦੀ ਖੁਸ਼ੀ ਉਸਦੇ ਬੋਲਾਂ ਤੋਂ ਸਾਫ ਪਤਾ ਲੱਗ ਰਹੀ ਸੀ।

ਗੁਰਪ੍ਰੀਤ:ਮੈਂ ਹਮੇਸ਼ਾ ਕੁਝ ਨਾ ਕੁਝ ਲਿਖਦਾ ਰਹਿੰਦਾ ਪਰ ਕਦੇ ਵੀ ਸੰਭਾਲ ਕੇ ਨਹੀਂ ਰੱਖ ਪਾਇਆ ।ਬਸ ਕੁਝ ਕਵਿਤਾਵਾਂ ਮੇਰੇ ਦਿਲ ਦੇ ਨੇੜੇ ਨੇ ਮੈਂ ਬਸ ਓਹੀ ਪੰਨੇ ਸੰਭਾਲ ਕੇ ਰੱਖੇ ਹੋਏ ਆ।

ਤੁਸੀ ਮੇਰੀਆ ਕਵਿਤਾਵਾਂ ਨੂੰ ਏਨਾ ਪਿਆਰ ਦਿੱਤਾ ਕੇ ਮੇਰੀ ਲਿਖੀ  ਹੋਈ ਇਕ ਇਕ ਕਵਿਤਾ ਦੀ Calligraphy ਬਣਾ ਕੇ ਏਨੀ ਸੋਹਣੀ ਫਾਈਲ ਦਿੱਤੀ।ਮੈਂ ਆਪਣੇ ਮੰਮਾ ਪਾਪਾ ਨੂੰ ਵਿਖਾਇਆ ਓਹ ਮੇਰੇ ਮੰਮੀ ਵਾਰ ਵਾਰ ਹੱਥ ਲਾ ਕੇ ਵੇਖ ਰਹੇ ਕੇ ਕੋਈ ਹੱਥ ਨਾਲ ਏਨਾ ਸੋਹਣਾ ਕਿਵੇਂ ਲਿਖ ਸਕਦਾ।

ਨਾਜ਼ੀਆ:ਬਹੁਤ ਸ਼ੁਕਰੀਆ।।

ਗੁਰਪ੍ਰੀਤ:ਮੈਂ ਬਹੁਤ ਦੇਰ ਤੋਂ ਤੁਗਾਡੇ ਨਾਲ ਇਕ ਗੱਲ ਕਰਨੀ ਚਾਹੁੰਦਾ,ਮੈਨੂੰ ਨਹੀਂ ਪਤਾ ਕਿ ਕਿਵੇਂ ਕਰਾਂ i mean ਮੈਨੂੰ ਸਮਝ ਵੀ ਨਹੀਂ ਆਉਂਦੀ,ਸ਼ਰਮਾ ਵੀ ਰਿਹਾ ਸੀ।

ਨਾਜ਼ੀਆ: ਹਮੱਮਮ ਕੀ ਹੋਇਆ?

ਨਾਜ਼ੀਆ ਜ਼ਰਾ ਬਾਹਰ ਆਈਂ ਬੇਟਾ ਗੁਰਪ੍ਰੀਤ ਗੱਲ ਕਰਨ ਹੀ ਲੱਗਾ ਸੀ ਕੇ ਨਾਜ਼ੀਆ ਨੇ ਕਾਲ ਕੱਟ ਦਿੱਤੀ।ਕਿਉਕਿ ਬਾਹਰ ਉਸਦੇ ਮਾਮਾ ਜੀ ਬੁਲਾ ਰਹੇ ਸਨ,ਨਾਜ਼ੀਆ ਜਲਦੀ ਫੋਨ ਬੰਦ ਕਰਕੇ ਬਾਹਰ ਚਲੇ ਗਈ।

ਗੁਰਪ੍ਰੀਤ ਦੀ ਆਸ ਤੇ ਇਕ ਵਾਰ ਫਿਰ ਪਾਣੀ ਪੈ ਗਿਆ,ਓਹਨੇ ਰਾਤ ਨੂੰ ਕਾਫੀ ਦੇਰ ਵੇਟ ਕੀਤੀ ਪਰ ਨਾਜ਼ੀਆ ਦਾ ਕੋਈ ਮੈਸੇਜ ਫੋਨ ਨਹੀਂ ਆਇਆ।ਜਨਮ ਦਿਨ ਤੇ ਇਜ਼ਹਾਰ ਕਰਨ ਦਾ ਏਨੀ ਦੇਰ ਤੋਂ ਸੋਚ ਰਿਹਾ ਸੀ ਓਹ ਵੀ ਦਿਨ ਏਦਾਂ ਹੀ ਨਿਕਲ ਗਿਆ।

✿✿✿✿✿✿

# ਭਾਗ -14

ਗੁਰਪ੍ਰੀਤ ਨੇ ਇਜ਼ਹਾਰ ਏ ਮੁਹੱਬਤ ਦਾ ਜਿਹੜਾ ਪਲੈਨ ਬਣਾਇਆ ਸੀ।ਓਹ ਜ਼ਾਇਆ ਹੋ ਗਿਆ ਸੀ,ਉਸਨੂੰ ਪਤਾ ਸੀ ਕਿ ਪ੍ਰਪੋਜ਼ ਕਰਨ ਦੀ ਜੋ  ਗੱਲਬਾਤ ਅੱਜ ਬਣਨੀ ਸੀ ਓਹ ਦਵਾਰਾ ਨਹੀਂ ਬਣੇਗੀ।ਉਸ ਰਾਤ ਪਹਿਲੀ ਵਾਰ ਓਹ ਪਿਆਰ ਕਰਕੇ ਰੋਇਆ ਸੀ।ਓਹ ਸੋਚ ਰਿਹਾ ਸੀ ਕੇ ਅਗਰ ਮੈਂ ਦਿਨ ਵਿਚ ਪ੍ਰਪੋਜ਼ ਕਰਦਾ ਤਾਂ ਸ਼ਾਇਦ ਹਾਂ ਹੋ ਜਾਂਦੀ ਪਰ ਕੋਈ ਫਾਇਦਾ ਨਹੀਂ ਹੋਇਆ।ਫੇਰ ਰੋ ਕੇ ਸੋ ਗਿਆ।

ਸੁਬਾਹ ਉੱਠ ਕੇ ਵੇਖਿਆ ਤਾਂ ਨਾਜ਼ੀਆ ਦਾ ਮੈਸੇਜ ਆਇਆ ਹੋਇਆ ਸੀ।

"ਗੁੱਡ ਮੋਰਨਿੰਗ ਸੋਰੀ ਕਲ ਤੁਸੀਂ ਗੱਲ ਕਰ ਰਹੇ ਸੀ ਤਾਂ ਮਾਮਾ ਜੀ ਆ ਗਏ ਸੀ ਮੈਂ ਫੋਨ ਬੰਦ ਕਰ ਦਿੱਤਾ ਸੀ"

ਇਹ ਵੇਖ ਕੇ ਗੁਰਪ੍ਰੀਤ ਦਾ ਦਿਲ ਥੋੜਾ ਜਿਹਾ ਸੰਭਲਿਆ।ਓਹਨੇ ਗੁੱਡ ਮੋਰਨਿੰਗ ਦਾ ਜਵਾਬ ਦਿੱਤਾ ਤੇ ਨਾਲ ਕਿਹਾ ਕੋਈ ਗੱਲ ਨਹੀਂ ਜੀ ਮੈਂ ਕਿਹੜਾ ਗੁੱਸਾ ਕੀਤਾ, ਮੈਂ ਸਮਝ ਗਿਆ ਸੀ ਕੇ ਜਰੂਰ ਕੋਈ ਆ ਗਿਆ ਹੁਣਾ।ਮੈਸੇਜ ਭੇਜ ਦਿੱਤੇ ਪਰ ਡਬਲ ਟਿੱਕ ਨਹੀਂ ਆਇਆ।ਗੁਰਪ੍ਰੀਤ ਸਕੂਲ ਜਾਣ ਲਈ ਤਿਆਰ ਹੋ ਗਿਆ।ਗੁਰਪ੍ਰੀਤ ਆਪਣੇਂ ਦੋਸਤਾਂ ਨੂੰ ਨਾਜ਼ੀਆ ਦਾ ਦਿੱਤਾ ਹੋਇਆ ਗਿਫ਼ਟ ਦਿਖਾਉਣ ਲਈ ਨਾਲ ਲੈਕੇ ਗਿਆ ਸੀ।ਸਾਰੇ ਵੇਖ ਕੇ ਬਹੁਤ ਖੁਸ਼ ਹੋ ਰਹੇ ਸੀ।ਖਾਸ ਕਰਕੇ ਕੁੜੀਆਂ, ਵਾਰ ਵਾਰ ਵੇਖ ਰਹੀਆਂ ਸੀ।

ਨਾਜ਼ੀਆ ਨੇ ਸ਼ਾਮ ਤਕ ਫੋਨ ਨਹੀਂ ਆਨ ਕੀਤਾ,ਤੇ ਏਦਾਂ ਹੀ ਟਿਊਸ਼ਨ ਆ ਗਈ।ਟਿਊਸ਼ਨ ਤੇ ਨਾਜ਼ੀਆ ਨੂੰ ਇਸ ਤਰਾ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਨੂੰ ਇਕ ਅਜੀਬ ਤਰੀਕੇ ਨਾਲ ਵੇਖਿਆ ਜਾ ਰਿਹਾ ਹੋਵੇ।ਖਾਸ ਕਰਕੇ ਰੁਹਾਨੀਂ, ਰੂਹਾਨੀ ਤੇ ਇੱਕ ਹੋਰ ਕੁੜੀ ਨਾਜ਼ੀਆ ਵੱਲ ਵੇਖ ਕੇ ਗੱਲਾਂ ਕਰਕੇ ਹੱਸ ਰਹੀਆਂ ਸਨ। ਨਾਜ਼ੀਆ ਨੂੰ ਸਮਝ ਨਹੀਂ ਆ ਰਹੀ ਸੀ।

ਟਿਊਸ਼ਨ ਤੇ ਸਰ ਨੇ ਮੈਥ ਦਾ ਟੈਸਟ ਲੈਣਾ ਸੀ।ਸਾਰਿਆਂ ਨੂੰ ਅਲੱਗ ਅਲੱਗ ਕਰਕੇ ਬਿਠਾਇਆ ਗਿਆ ਸੀ।ਟੈਸਟ ਦੇਣ ਤੋਂ ਬਾਅਦ ਸਾਰਿਆਂ ਦੀਆਂ ਸੀਟਾਂ ਬਦਲ ਗਈਆਂ।

ਕੁਦਰਤੀ ਗੁਰਪ੍ਰੀਤ ਤੇ ਨਾਜ਼ੀਆ ਇਕਠੇ ਬੈਠ ਗਏ।ਨਾਜ਼ੀਆ ਦੇ ਦਿਲ ਚ ਕੋਈ ਗੱਲ ਨਹੀਂ ਸੀ।ਨਾਜ਼ੀਆ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਰੁਹਾਨੀਂ ਫੇਰ ਹੱਸ ਰਹੀ ਸੀ।ਨਾਜ਼ੀਆ ਨੂੰ ਸਮਝ ਆ ਗਿਆ ਕੇ ਇਹਦੇ ਦਿਮਾਗ ਚ ਮੇਰੇ ਲਈ ਕੁਝ ਗਲਤ ਚਲ ਰਿਹਾ ਹੋਵੇਗਾ। ਓਹਨੇ ਕਿਸੀ ਨੂੰ ਕੁਝ ਨਹੀਂ ਕਿਹਾ ।ਗੁਰਪ੍ਰੀਤ ਵੱਲ ਵੇਖਿਆ ਵੀ ਨਹੀਂ ਆਪਣੀ ਕਲਾਸ ਲਗਾ ਕੇ ਘਰ ਨੂੰ ਚਲੇ ਗਈ ਜਦੋਂ ਗੇਟ ਤੋਂ ਬਾਹਰ ਨਿਕਲੀ ਤਾਂ ਓਹਨੂੰ ਵੇਖ ਕੇ ਇਕ ਮੁੰਡੇ ਨੇ ਛੇੜ ਦੇ ਹੋਏ ਕਿਹਾ "ਗੋਪੀ ਓਏ" ਨਾਜ਼ੀਆ ਦਾ ਸ਼ੱਕ ਹੋਰ ਪੱਕਾ ਹੋ ਗਿਆ।ਓਹਨੂੰ ਗੁਰਪ੍ਰੀਤ ਤੇ ਬਹੁਤ ਜਿਆਦਾ ਗੁੱਸਾ ਆ ਰਿਹਾ ਸੀ। ਓਹ ਸੋਚ ਰਹੀ ਸੀ ਕੇ ਪਤਾ ਨਹੀਂ ਓਹਨੇ ਮੇਰੇ ਬਾਰੇ ਕੀ ਕਿਹਾ ਹੋਵੇਗਾ।

ਪਰ ਉੱਧਰ ਗੁਰਪ੍ਰੀਤ ਨੇ ਤਾਂ ਹਜੇ ਪ੍ਰਪੋਜ਼ ਵੀ ਨਹੀਂ ਕੀਤਾ ਸੀ,ਓਹ ਇਸ ਗੱਲ ਲਈ ਪਰੇਸ਼ਾਨ ਸੀ ਕੇ ਨਾਜ਼ੀਆ ਨੇ ਫੋਨ ਕਿਉਂ ਨੀ ਆਨ ਕੀਤਾ।ਗੁਰਪ੍ਰੀਤ ਰਾਤ 10ਵਜੇ ਤਕ ਉਡੀਕ ਦਾ ਰਿਹਾ ਨਾਜ਼ੀਆ ਦਾ ਕੋਈ ਮੈਸਜ ਫੋਨ ਨਾ ਆਇਆ।ਓਹ ਹੋਰ ਡਰ ਗਿਆ।

ਅਗਲੇ ਦੋ ਦਿਨ ਨਾਜ਼ੀਆ ਨੇ ਗੁਰਪ੍ਰੀਤ ਵੱਲ ਮੂੰਹ ਵੀ ਨਹੀਂ ਕੀਤਾ,ਓਹ ਟਿਉਸ਼ਨ ਆਉਂਦੀ ਸੀ ਤੇ ਆਪਣੀ ਪੜਾਈ ਕਰਕੇ ਵਾਪਸ ਚਲੇ ਜਾਂਦੀ ਸੀ।ਆਪਣਾ ਫੋਨ ਆਨ ਕੀਤਾ ਪਰ ਗੁਰਪ੍ਰੀਤ ਦੇ ਕਿਸੀ ਵੀ ਮੈਸਜ ਦਾ ਜਵਾਬ ਨਹੀਂ ਦਿੱਤਾ।ਨਾਜ਼ੀਆ ਨੂੰ ਖਿਝਾਉਣ ਲਈ ਰੁਹਾਨੀਂ ਜਾਣ ਜਾਣ ਕੇ ਗੁਰਪ੍ਰੀਤ ਨੂੰ ਬੁਲਾਉਂਦੀ ਸੀ।ਹੁਣ ਗੁਰਪ੍ਰੀਤ ਵੀ ਸੈਡ ਰਹਿਣ ਲੱਗ ਪਿਆ ਸੀ।ਓਹ ਵੀ ਕਿਸੀ ਨੂੰ ਬੁਲਾਉਂਦਾ ਨਹੀਂ ਸੀ।ਇੱਕਲਾ ਬੈਠਾ ਰਹਿੰਦਾ ਸੀ।

ਟਿਉਸ਼ਨ ਤੇ ਟੈਸਟ ਹੁੰਦੇ ਸੀ ਪਰ ਗੁਰਪ੍ਰੀਤ ਹਰ ਵਾਰ ਫੇਲ ਹੋ ਜਾਂਦਾ ਸੀ।ਹੁਣ ਉਸਦਾ ਪੜਾਈ ਦਾ ਵੀ ਨੁਕਸਾਨ ਹੋ ਰਿਹਾ ਸੀ।ਹੁਣ ਇਹ ਗੱਲ ਵੀ ਨਾਜ਼ੀਆ ਨੂੰ ਪਰੇਸ਼ਾਨ ਕਰ ਰਹੀ ਸੀ।

ਨਾਜ਼ੀਆ ਘਰ ਆ ਕੇ ਗੁਰਪ੍ਰੀਤ ਬਾਰੇ ਸੋਚ ਰਹੀ ਸੀ।ਓਹ ਗੁਰਪ੍ਰੀਤ ਦੇ ਦਿਲ ਦੇ ਅਹਿਸਾਸਾਂ ਨੂੰ ਜਾਣ ਚੁੱਕੀ ਸੀ ਘਰ ਆਕੇ ਨਾਜ਼ੀਆ ਨੇ ਗੁਰਪ੍ਰੀਤ ਨੂੰ ਫੋਨ ਕੀਤਾ।ਗੁਰਪ੍ਰੀਤ ਨੇ ਪਹਿਲੀ

ਰਿੰਗ ਤੇ ਹੀ ਫੋਨ ਚੱਕ ਲਿਆ:-

ਨਾਜ਼ੀਆ:ਸਲਾਮ ਵਾਲ ਏਕੁੰਮ।

ਗੁਰਪ੍ਰੀਤ: ਵਾਲ ਐਕੁੰਮ ਸਲਾਮ।

ਨਾਜ਼ੀਆ: ਕਿਵੇਂ ਹੋ?

ਗੁਰਪ੍ਰੀਤ:ਵਧੀਆ,ਤੁਸੀਂ ਕਿਦਾਂ?

ਨਾਜ਼ੀਆ:ਮੈਂ ਵੀ ਵਧੀਆ।

ਗੁਰਪ੍ਰੀਤ: ਕੀ ਹੋਇਆ ਮੇਰੇ ਕੋਲੋਂ ਕੋਈ ਗਲਤੀ ਹੋ ਗਈ??

ਨਾਜ਼ੀਆ:ਪਤਾ ਨਹੀਂ,ਮੈਂ ਬਸ ਇਹ ਪੁੱਛਣ ਲਈ ਫੋਨ ਕੀਤਾ ਕੇ ਤੁਸੀਂ ਪਰੇਸ਼ਾਨ ਕਿਉਂ ਰਹਿੰਦੇ ਹੋ।

ਗੁਰਪ੍ਰੀਤ: ਨਹੀਂ ਜੀ ਮੈਂ ਤਾਂ ਕੋਈ ਪਰੇਸ਼ਾਨ ਨਹੀਂ ਆ।

ਨਾਜ਼ੀਆ: ਹਮਮੱਮ ਓਹ ਤਾਂ ਮੈਂ ਵੇਖ ਰਹੀ ਏਨੇ ਦਿਨਾਂ ਤੋਂ,ਅਜਕਲ ਪੜ ਕੇ ਕਿਉਂ ਨਹੀਂ ਆਉਂਦੇ?

ਗੁਰਪ੍ਰੀਤ: ਸਿਹਤ ਨੀ ਠੀਕ ਸੀ।ਇਕ ਗੱਲ ਪੁੱਛਾਂ?

ਨਾਜ਼ੀਆ: ਹੱਮੰਮ

ਗੁਰਪ੍ਰੀਤ: ਤੁਸੀਂ ਮੈਨੂੰ ਬੁਲਾਉਂਦੇ ਕਿਉਂ ਨਹੀਂ?ਤਹਾਨੂੰ ਕਿਹਾ ਕਿਸੀ ਨੇ ਕੁਸ਼?ਤੁਸੀ ਤਾਂ ਮੇਰੇ ਵੱਲ ਵੇਖਦੇ ਵੀ ਨਹੀਂ ਹੋ।

ਨਾਜ਼ੀਆ: ਨਹੀਂ, ਐਸੀ ਤਾਂ ਕੋਈ ਗੱਲ ਨਹੀਂ ਆ।

ਗੁਰਪ੍ਰੀਤ: ਪਲੀਜ਼ ਮੈਨੂੰ ਦੱਸੋ ਜੌ ਵੀ ਗੱਲ ਆ।

ਨਾਜ਼ੀਆ:ਤੁਸੀ ਮੇਰੇ ਬਾਰੇ ਪਤਾ ਨਹੀਂ ਟਿਉਸ਼ਨ ਤੇ ਕਿ ਗੱਲ ਬੋਲੀ ਆ ਸਾਰੇ ਮੈਨੂੰ ਅਜੀਬ ਤਰੀਕੇ ਨਾਲ ਵੇਖਦੇ ਤੇ ਉਸ ਦਿਨ ਮੈਂ ਲੰਘ ਰਹੀ ਸੀ ਤਾਂ ਕਿਸੀ ਨੇ ਤੁਹਾਡਾ ਨਾਮ ਲੈਕੇ ਮੈਨੂੰ

ਛੇੜਿਆ।ਇਸ ਗੱਲ ਦਾ ਮੈਨੂੰ ਗੁੱਸਾ ਆ।ਮੈਂ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ ਕੇ ਕੋਈ ਮੇਰੀ ਪਿੱਠ ਪਿੱਛੇ ਗਲਤ ਬੋਲੇ।

ਗੁਰਪ੍ਰੀਤ:ਮੈਨੂੰ ਮੇਰੀ ਮੰਮੀ ਦੀ ਕਸਮ ਲੱਗੇ ਮੈਂ ਕਿਸੀਂ ਨੂੰ  ਕੁਝ ਵੀ  ਨਹੀਂ ਦੱਸਿਆ ਤੇ ਨਾ ਹੀ ਆਪਣੇ ਵਿਚ ਕੋਈ ਏਦਾਂ ਦੀ ਗੱਲ ਆ ਜੌ ਮੈਂ ਕਿਸੀ ਨੂੰ ਦੱਸਾਂ।ਤੁਸੀ ਮੈਨੂੰ ਦੱਸੋ ਤਹਾਨੂੰ ਕੀਹਨੇ ਕਿਹਾ ਮੈਂ ਪਤਾ ਕਰੂਗਾ।ਤੁਸੀ ਮੇਰਾ ਯਕੀਨ ਕਰੋ ਮੈਂ ਕਿਸੀ ਨਾਲ ਤੁਹਾਡੇ ਬਾਰੇ ਚ ਗੱਲ ਵੀ ਨਹੀਂ ਕੀਤੀ।

ਨਾਜ਼ੀਆ ਨੂੰ ਡਰ ਸੀ ਕੇ ਜੇਕਰ ਮੈਂ ਇਹਨੂੰ ਨਾਮ ਦੱਸ ਦਿੱਤਾ ਤਾਂ ਲੜਾਈ ਵੀ ਹੋ ਸਕਦੀ ਆ।ਓਹਨੇ ਸਿੱਧਾ ਕਹਿ ਦਿੱਤਾ ਸੋਰੀ ਗੁਰਪ੍ਰੀਤ ਮੈਂ ਗੱਲ ਨਹੀਂ ਕਰ ਸਕਦੀ ਤੁਹਾਡੇ ਨਾਲ ਤੇ ਮੈਂ ਹੁਣ ਟਿਉਸ਼ਨ ਵੀ ਬਦਲ ਲੈਣੀ ਆ।ਅਗਰ ਮੇਰੇ ਘਰ ਏਦਾਂ ਦਾ ਕੁਝ ਪਤਾ ਚਲ ਗਿਆ ਮੇਰਾ ਫਿਊਚਰ ਖਰਾਬ ਹੋ ਜਾਣਾ।

ਗੁਰਪ੍ਰੀਤ ਇਹ ਸੁਣ ਕੇ ਹੋਰ ਵੀ ਪਰੇਸ਼ਾਨ ਹੋ ਗਿਆ।

ਗੁਰਪ੍ਰੀਤ:ਪਲੀਜ਼ ਤੁਸੀਂ ਏਦਾਂ ਕੁਝ ਨਾ ਸੋਚੋ ਵੈਸੇ ਮੈਂ ਕਿਸੀ ਨੂੰ ਕੁਝ ਵੀ ਨਹੀਂ ਦੱਸਿਆ।ਪਰ ਫੇਰ ਵੀ ਮੈਂ ਮਾਫੀ ਮੰਗਦਾ ਹਾਂ ਅੱਗੇ ਤੋਂ ਕਦੇ ਤਹਾਨੂੰ ਇਹ ਗੱਲ ਸੁਣਨ ਨੂੰ ਨਹੀਂ ਮਿਲੇਗੀ।

ਨਾਜ਼ੀਆ: ਓਕੇ ਬਾਏ ਆਪਣਾ ਖਿਆਲ ਰੱਖਿਓ।

ਨਾਜ਼ੀਆ ਨੇ ਬਿਨਾ ਕੁਝ ਸੁਣੇ ਫੋਨ ਕੱਟ ਦਿੱਤਾ।

ਗੁਰਪ੍ਰੀਤ ਬਹੁਤ ਜਿਆਦਾ ਪਰੇਸ਼ਾਨ ਹੋ ਗਿਆ ਸੀ।ਓਹ ਕਿਸੀ ਨੂੰ ਕੁਝ ਕਹਿ ਵੀ ਨਹੀਂ ਸਕਦਾ ਸੀ ਨਾ ਕਿ ਕੁਝ ਪੁੱਛ ਸਕਦਾ ਸੀ ਕੇ ਕੀਹਨੇ ਨਾਜ਼ੀਆ ਨੂੰ ਏਦਾ ਕਿਹਾ ਹੋਏਗਾ।ਓਹਨੇ ਇਕ ਫੈਸਲਾ ਕੀਤਾ ਕੇ ਓਹ ਟਿਉਸ਼ਨ ਨਹੀਂ ਜਾਏਗਾ।ਓਹਨੇ ਦੂਜੇ ਦਿਨ ਤੋਂ ਹੀ ਟਿਉਸ਼ਨ ਜਾਣਾ ਬੰਦ ਕਰ ਦਿੱਤਾ।ਨਾਜ਼ੀਆ ਨੇ ਕਿਸੀ ਕੋਲੋ ਪੁੱਛਣ ਦੀ ਕੋਸ਼ਿਸ਼ ਨਾ ਕੀਤੀ ਕੇ ਗੁਰਪ੍ਰੀਤ ਟਿਉਸ਼ਨ ਕਿਉਂ ਨਹੀਂ ਆ ਰਿਹਾ। ਓਹ ਅੰਦਰੋ ਫ਼ਿਕਰ ਕਰ ਰਹੀ ਸੀ ਪਰ ਪੁੱਛਦੀ ਨਹੀਂ ਸੀ।4 ਦਿਨ ਬੀਤ ਗਏ ਸੀ ਗੁਰਪ੍ਰੀਤ ਟਿਉਸ਼ਨ ਨਹੀਂ ਆਇਆ ਸੀ ਤੇ ਨਾ ਹੀ ਉਸ ਨਾਲ ਕੋਈ ਰਾਬਤਾ ਹੋਇਆ ਸੀ।5ਵੇਂ ਦਿਨ ਟਿਉਸ਼ਨ ਵਾਲੇ ਸਰ ਨੇ ਪਤਾ ਕਰਨ ਲਈ ਗੁਰਪ੍ਰੀਤ ਨੂੰ ਫੋਨ ਕੀਤਾ ਤਾਂ ਉਸਦਾ ਫੋਨ ਵੀ ਬੰਦ ਆ ਰਿਹਾ ਸੀ।ਫੇਰ ਸਰ ਨੇ ਓਹਦੇ ਦੋਸਤ ਦੇ ਹੱਥ ਗੁਰਪ੍ਰੀਤ ਦੇ ਘਰ ਸੁਨੇਹਾ ਭਿਜਵਾਇਆ ਤਾਂ ਉਸਦੇ ਦੋਸਤ ਨੇ ਟਿਉਸ਼ਨ ਤੇ ਆ ਕੇ ਦੱਸਿਆ ਕਿ ਗੁਰਪ੍ਰੀਤ ਬਿਮਾਰ ਆ।ਅਸਲ ਚ ਗੁਰਪ੍ਰੀਤ ਘਰੋਂ ਟਿਉਸ਼ਨ ਆ ਜਾਂਦਾ ਸੀ ਤੇ ਛੁੱਟੀ ਟਾਇਮ ਘਰ ਚਲਾ ਜਾਂਦਾ ਸੀ।ਉਦੋਂ ਵੀ ਉਸਨੇ ਆਪਣੇ ਦੋਸਤ ਨੂੰ ਖੁਦ ਹੀ ਕਹਿ ਦਿਤਾ ਸੀ ਕੇ ਟਿਉਸ਼ਨ ਤੇ ਬਿਮਾਰ ਦਾ ਕਹਿ ਦਵੇ।ਜਦੋਂ ਨਾਜ਼ੀਆ ਨੂੰ ਗੁਰਪ੍ਰੀਤ ਦੇ ਬਿਮਾਰ ਹੋਣ ਦਾ ਪਤਾ ਚਲਿਆ ਤਾਂ ਨਾਜ਼ੀਆ ਨੇ ਰਾਤ ਨੂੰ ਗੁਰਪ੍ਰੀਤ ਨੂੰ ਫੋਨ ਕੀਤਾ ਤਾਂ ਓਹਦੀ ਕਾਲ ਮਿਲ ਗਈ।

ਨਾਜ਼ੀਆ ਨੇ ਪੁੱਛਿਆ ਕੇ ਤੂੰ ਟਿਉਸ਼ਨ ਕਿਉਂ ਨਹੀਂ ਆਉਂਦਾ? ਤਾਂ ਓਹਨੇ ਝੂਠ ਹੀ ਕਹਿ ਦਿੱਤਾ ਕੇ ਮੈਂ ਕਿਸੀ ਹੋਰ ਜਗਾ ਟਿਉਸ਼ਨ ਲੱਗ ਗਿਆ ਹਾਂ ਤਾਂ ਨਾਜ਼ੀਆ ਨੇ ਬਿਮਾਰੀ ਬਾਰੇ ਪੁੱਛਿਆ ਤਾਂ ਕਹਿ ਦਿੱਤਾ ਕੇ ਮੈਨੂੰ ਬੁਖਾਰ ਸੀ। ਹੁਣ ਮੈਂ ਠੀਕ ਹੋ ਗਿਆ ਹਾਂ।ਨਾਜ਼ੀਆ ਨੂੰ ਏਨਾ ਕ ਤਾਂ ਅਹਿਸਾਸ ਹੋ ਗਿਆ ਸੀ ਕੇ ਗੁਰਪ੍ਰੀਤ ਝੂਠ ਬੋਲ ਰਿਹਾ।ਫੇਰ ਨਾਜ਼ੀਆ ਨੇ ਕਿਹਾ ਕੇ ਅਗਰ ਤੂੰ ਬੁਖਾਰ ਤੋਂ ਠੀਕ ਹੋ ਗਿਆ ਤਾਂ ਕੱਲ ਤੋਂ ਟਿਉਸ਼ਨ ਆ ਜਾਈਂ ਆਪਣਾ ਪੜ੍ਹਾਈ ਦਾ ਨੁਕਸਾਨ ਨਾ ਕਰ।

ਨਾਜ਼ੀਆ ਦੇ ਇਕ ਵਾਰ ਕਹਿਣ ਦੀ ਦੇਰ ਸੀ ਗੁਰਪ੍ਰੀਤ ਦੂਜੇ ਦਿਨ ਹੀ ਟਿਉਸ਼ਨ ਪੁੱਜ ਗਿਆ।

ਹੁਣ ਗੁਰਪ੍ਰੀਤ ਸਮਝ ਚੁੱਕਾ ਸੀ ਕੇ ਨਾਜ਼ੀਆ ਦੀ ਇੱਜਤ ਦਾ ਬਹੁਤ ਖਿਆਲ ਰੱਖਣਾ ਪਏਗਾ।ਓਹਨੇ ਨਾਜ਼ੀਆ ਨੂੰ ਟਿਉਸ਼ਨ ਤੇ ਬਿਲਕੁਲ ਹੀ ਬੁਲਾਣਾ ਬੰਦ ਕਰ ਦਿੱਤਾ ਸੀ ਪਹਿਲਾਂ

ਟਿਊਸ਼ਨ ਤੋਂ ਛੁੱਟੀ ਟਾਇਮ ਓਹਦੇ ਪਿੱਛੇ ਪਿੱਛੇ ਜਾਂਦਾ ਹੁੰਦਾ ਸੀ ਹੁਣ ਓਹਨੇ ਇਹ ਸਾਰਾ ਕੁਝ ਛੱਡ ਦਿੱਤਾ ਸੀ।ਨਾਜ਼ੀਆ ਫੋਨ ਤੇ ਵੀ ਪਹਿਲਾਂ ਵਾਂਗ ਗੱਲ ਨਹੀਂ ਕਰਦੀ ਸੀ।

ਹੌਲੀ ਹੌਲੀ ਗੁਰਪ੍ਰੀਤ ਨਾਜ਼ੀਆ ਅਨਜਾਣ ਵਾਂਗ ਕਰਨ ਲੱਗ ਗਏ।ਗੁਰਪ੍ਰੀਤ ਪੜ੍ਹਾਈ ਵਿੱਚ ਹੁਣ ਪਹਿਲਾਂ ਵਾਂਗ ਨਹੀਂ ਰਿਹਾ ਸੀ ਦਿਨੋ ਦਿਨ ਉਸਦਾ ਨੁਕਸਾਨ ਹੋ ਰਿਹਾ ਸੀ।ਤਾਂ ਨਾਜ਼ੀਆ ਨੇ ਇਕ ਦਿਨ ਉਸਨੂੰ ਕਾਲ ਕਰਕੇ ਪੁੱਛਿਆ ਕੇ ਏਦਾ ਕਿਉਂ ਹੋ ਰਿਹਾ।ਤਾਂ ਪਹਿਲਾਂ ਤਾਂ ਗੁਰਪ੍ਰੀਤ ਕੁਝ ਵੀ ਨਹੀਂ ਦੱਸ ਰਿਹਾ ਸੀ।ਫੇਰ ਨਾਜ਼ੀਆ ਨੇ ਕਿਹਾ ਕੇ ਮੇਰੀ ਕਸਮ ਖਾ ਕੇ ਦੱਸੋ ਜੌ ਵੀ ਗੱਲ ਆ।

ਗੁਰਪ੍ਰੀਤ:ਜਰੂਰੀ ਆ ਪੁੱਛਣਾ?

ਨਾਜ਼ੀਆ: ਹਾਂਜੀ ਜਰੂਰੀ ਆ ਦਸੋ।

ਗੁਰਪ੍ਰੀਤ: ਮੈਂ ਤਹਾਨੂੰ ਲਾਈਕ ਕਰਦਾ ਹਾਂ।

ਨਾਜ਼ੀਆ:ਫੇਰ ਇਹਦੇ ਵਿਚ ਇਹ ਸਭ ਕਰਨ ਦੀ ਕੀ ਲੋੜ ਆ।

ਗੁਰਪ੍ਰੀਤ: ਮੈਂ ਆਪਣੇ ਜਨਮ ਦਿਨ ਵਾਲੇ ਤਹਾਨੂੰ ਆਪਣੇ ਦਿਲ ਦੀ ਗੱਲ ਦੱਸਣੀ ਸੀ ਪਰ ਉਸ ਦਿਨ ਤੁਸੀ ਫੋਨ ਕੱਟ ਦਿੱਤਾ।ਉਸ ਤੋਂ ਬਾਅਦ ਅੱਜ ਤੱਕ ਤੁਸੀ ਮੇਰੇ ਨਾਲ ਚੱਜ ਨਾਲ ਗੱਲ ਹੀ ਨਹੀਂ ਕੀਤੀ।

ਨਾਜ਼ੀਆ ਥੋੜ੍ਹਾ ਘਬਰਾ ਗਈ।

ਨਾਜ਼ੀਆ: ਅੱਛਾ ਹੁਣ ਦਸੋ ਜੌ ਵੀ ਗੱਲ ਸੀ।

ਗੁਰਪ੍ਰੀਤ ਨੂੰ ਨਾਜ਼ੀਆ ਦੇ ਗੱਲ ਕਰਨ ਦੇ ਤਰੀਕੇ ਤੋਂ ਸਮਝ ਨਹੀਂ ਆ ਰਿਹਾ ਸੀ ਕੇ ਉਹ ਪਿਆਰ ਨਾਲ ਪੁੱਛ ਰਹੀ ਜਾਂ ਕਿਸ ਤਰਾਂ ਪੁੱਛ ਰਹੀ ਆ।

ਅਸਲ ਚ ਨਾਜ਼ੀਆ ਗੁਰਪ੍ਰੀਤ ਨੂੰ ਉੱਸ ਦਿਨ ਤੋਂ ਪਸੰਦ ਕਰਦੀ ਸੀ ਜਿਸ ਦਿਨ ਦੋਵਾਂ ਨੇ ਪਹਿਲੀ ਵਾਰ ਕਾਲ ਤੇ ਗੱਲ ਕਰੀ ਸੀ।ਪਰ ਓਹ ਇਸ ਬਾਰੇ ਸੋਚਣਾ ਨਹੀਂ ਚਾਹੁੰਦੀ ਸੀ ਕਿਉਕਿ ਓਹ ਜਾਣਦੀ ਸੀ ਕੇ ਅਸੀਂ ਕਦੇ ਇੱਕ ਨਹੀਂ ਹੋ ਸਕਦੇ।

ਗੁਰਪ੍ਰੀਤ ਨੇ ਸਾਰਾ ਕੁਝ ਦੱਸ ਦਿੱਤਾ ਜੋ ਕੁਝ ਵੀ ਉਸਦੇ ਦਿਲ ਵਿਚ ਸੀ।ਨਾਜ਼ੀਆ ਨੇ ਇਕ ਇਕ ਗੱਲ ਧਿਆਨ ਨਾਲ ਸੁਣੀ ਅੱਗਿਓਂ ਕੁਝ ਵੀ ਨਹੀਂ ਬੋਲੀ।

ਗੁਰਪ੍ਰੀਤ  ਹੈਲੋ! ....ਹੈਲੋ!..... ਕਰ ਰਿਹਾ ਸੀ।

ਪਰ ਨਾਜ਼ੀਆ ਨੇ ਬਿਨਾ ਕੁਝ ਬੋਲੇ ਫੋਨ ਕੱਟ ਦਿੱਤਾ।

✿✿✿✿✿✿

## ਭਾਗ -15

ਗਿਆਰਵੀਂ ਕਲਾਸ ਦੀ ਸ਼ੁਰੂਆਤ ਤੋਂ ਲੈਕੇ ਹੁਣ ਤਕ ਤਕਰੀਬਨ ਡੇਢ ਸਾਲ ਹੋ ਚੁੱਕਾ ਸੀ ਗੁਰਪ੍ਰੀਤ ਨੂੰ ਨਾਜ਼ੀਆ ਦੀ ਉਡੀਕ ਕਰਦੇ ਹੋਏ ਓਹ ਆਪਣੇ ਦਿਲ ਵਿਚ ਉਸਨੂੰ ਸਭ ਕੁਝ ਸਮਝ ਕੇ ਬੈਠਾ ਸੀ।

ਹੁਣ ਗੁਰਪ੍ਰੀਤ ਨੇ ਨਾਜ਼ੀਆ ਨੂੰ ਆਪਣੇ ਦਿਲ ਦੀ ਗੱਲ ਕਹਿ ਦਿੱਤੀ ਸੀ।ਨਾਜ਼ੀਆ ਨੇ ਕੋਈ ਵੀ ਜਵਾਬ ਨਹੀਂ ਦਿੱਤਾ ਸੀ।

ਦੂਜੇ ਦਿਨ ਗੁਰਪ੍ਰੀਤ ਨੇ ਨਾਜ਼ੀਆ ਨੂੰ ਗੁੱਡ ਮੋਰਨਿੰਗ ਵਿਸ਼ ਕੀਤੀ।ਨਾਜ਼ੀਆ ਨੇ ਵੀ ਗੁੱਡ ਮੋਰਨਿੰਗ ਦਾ ਜਵਾਬ ਦੇ ਦਿੱਤਾ। ਇੱਕ ਦੂਜੇ ਦੀ ਖੈਰ-ਖੈਰੀਅਤ ਪਤਾ ਕੀਤੀ ਤਾਂ ਆਫ ਹੋਗੇ।

ਨਾਜ਼ੀਆ ਕਾਫੀ ਪਰੇਸ਼ਾਨ ਸੀ,ਅੱਜ ਉਸਨੇ ਕਾਲਜ ਵੀ ਕਿਸੀ ਨਾਲ ਗੱਲ ਨਹੀਂ ਕੀਤੀ।ਪ੍ਰਭ ਵੀ ਵਾਰ ਵਾਰ ਪੁੱਛ ਰਹੀ ਸੀ ਲੇਕਿਨ ਨਾਜ਼ੀਆ ਨੇ ਕੋਈ ਜਵਾਬ ਨਹੀਂ ਦਿੱਤਾ।ਓਹਨੂੰ ਅਜੀਬ ਅਜੀਬ ਖਿਆਲ ਆ ਰਹੇ ਸੀ।ਸਾਰਾ ਦਿਨ ਕਾਲਜ ਗੁੰਮਸੁੰਮ ਹੀ ਰਹੀ।ਘਰ ਆ ਕੇ ਵੀ ਖਾਣਾ ਖਾ ਕੇ ਆਪਣੇ ਰੂਮ ਚ ਚਲੇ ਗਈ।ਪ੍ਰਭ ਨੂੰ ਫੋਨ ਕਰਕੇ ਕਹਿ ਦਿੱਤਾ ਕਿ ਮੇਰੀ ਤਬੀਅਤ ਖਰਾਬ ਆ ਮੈਨੂੰ ਲੈਣ ਨਾ ਆਵੇ।

ਓਹਨੇ ਫੋਨ ਵੀ ਬੰਦ ਕਰ ਦਿੱਤਾ ਤੇ ਹਨੇਰਾ ਕਰਕੇ ਕਮਰੇ ਚ ਬਹਿ ਗਈ।ਓਹ ਸੋਚ ਰਹੀ ਸੀ ਕੇ ਗੁਰਪ੍ਰੀਤ ਨੂੰ ਕੀ ਜਵਾਬ ਦਵਾਂ।

ਸਭ ਤੋਂ ਪਹਿਲਾਂ ਓਹਨੇ ਸੋਚਿਆ ਕੇ ਸਾਫ ਮਨਾ ਕਰ ਦਵਾਂ ਪਰ ਉਸਦੇ ਦਿਲ ਨੇ ਹਾਮੀ ਨਹੀਂ ਭਰੀ। ਕਿਉਂਕਿ ਓਹ ਦੂਰ ਵੀ ਨਹੀਂ ਹੋਣਾ ਚਾਹੁੰਦੀ ਸੀ।

ਫੇਰ ਉਸਨੇ ਸੋਚਿਆ ਕੇ ਮੈਂ ਗੁਰਪ੍ਰੀਤ ਨੂੰ ਗੱਲ ਕਰਕੇ ਸਮਝਾ ਦੇਵਾਂਗੀ ਕੇ ਆਪਾਂ ਕਦੇ ਇੱਕ ਨਹੀਂ ਹੋ ਸਕਦੇ।ਸਾਡੇ ਮਜ਼੍ਹਬ ਕਰਕੇ ਸਾਨੂੰ ਇੱਕ ਨਹੀਂ ਹੋਣ ਦੇਣਾ।ਫੇਰ ਓਹ ਸੋਚਦੀ ਕੇ ਇਸ ਨਾਲ ਗੁਰਪ੍ਰੀਤ ਕੋਈ ਗਲਤ ਕਦਮ ਨਾ ਚੱਕ ਲਵੇ।

ਫੇਰ ਓਹ ਸੋਚਦੀ ਕੇ ਮੈਂ ਗੁਰਪ੍ਰੀਤ ਨੂੰ ਬੈਸਟ ਫ੍ਰੈਂਡ ਬਣਾ ਲੈਂਦੀ ਹਾਂ ਪਰ ਇਸ ਨਾਲ ਗੁਰਪ੍ਰੀਤ ਨੇ ਹੋਰ ਵੀ ਕਲੋਜ਼ ਆ ਜਾਣਾ ਸੀ।

ਅਜੀਬ ਖਿਆਲ ਸੀ ਕਿ ਨਾ ਨੇੜੇ ਆਉਣ ਦਿੰਦਾ ਸੀ ਨਾ ਦੂਰ ਜਾਣ ਦੇ ਰਿਹਾ ਸੀ।

ਫੇਰ ਸੋਚਿਆ ਕੇ ਹਾਂ ਕਰ ਦਿੰਦੀ ਹਾਂ ਏਥੇ ਓਦਾਂ ਵੀ ਕਿਹੜਾ ਉਮਰਾਂ ਦੇ ਸਾਥ ਨਿਭਾਉਂਦਾ,ਇਹਦਾ ਵੀ ਦਿਲ ਨਹੀਂ ਟੁੱਟੇਗਾ।ਲੋਕਾਂ ਦੇ 3 ਮਹੀਨੇ ਬਾਅਦ ਬ੍ਰੇਕ ਅੱਪ ਹੋਂ ਜਾਂਦੇ ਆਪੇ ਅਲੱਗ ਹੋਜੂਗਾ ਪਰ ਉਸਦੇ ਦਿਲ ਨੇ ਸਾਫ ਜਵਾਬ ਦੇ ਦਿੱਤਾ।ਓਹ ਸਮਝ ਗਈ ਸੀ ਕੇ ਗੁਰਪ੍ਰੀਤ 1.5 ਸਾਲ ਤੋਂ ਆਪਣੇ ਦਿਲ ਚ ਮੇਰੇ ਲਈ ਮੁਹੱਬਤ ਲਈ ਬੈਠਾ,ਅੱਗੇ ਉਸਨੇ ਹੋਰ ਪਿੱਛੇ ਜਾਣਾ ਹੁੰਦਾ ਕਦੋਂ ਦਾ ਚਲਾ ਜਾਂਦਾ।

ਓਹਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ,ਕਿ ਓਹ ਕੀ ਕਰੇ।ਫੇਰ ਓਹਨੇ ਆਪਣੇ ਦਿਮਾਗ ਚ ਇੱਕ ਫੈਸਲਾ ਲਿਆ ਤੇ ਬਾਕੀ ਗੱਲ ਅੱਲਾਹ ਤੇ ਛੱਡ ਦਿੱਤੀ।

ਫੇਰ ਉੱਠ ਕੇ ਨਮਾਜ਼ ਪੜੀ ਖਾਣਾ ਖਾਧਾ ਤੇ ਰੂਮ ਚ ਆ ਕੇ ਕਾਲਜ ਦਾ ਕੰਮ ਕਰਨ ਲੱਗ ਗਈ।ਦੂਜੇ ਦਿਨ ਕਾਲਜ ਗਈ ਸਭ ਨਾਲ ਨੌਰਮਲ ਰਹੀ ਤੇ ਸ਼ਾਮ ਨੂੰ ਟਿਉਸ਼ਨ ਵੀ ਗਈ।ਟਿਉਸ਼ਨ ਆਈ ਦੇਖ ਕੇ ਗੁਰਪ੍ਰੀਤ ਦੇ ਚਿਹਰੇ ਤੇ ਰੌਣਕ ਜਹੀ ਆ ਗਈ।ਸ਼ਾਮ ਨੂੰ ਗੁਰਪ੍ਰੀਤ ਨੂੰ ਮੈਸੇਜ ਕੀਤਾ।ਬਿਲਕੁਲ ਨੌਰਮਲ ਗੱਲ ਕੀਤੀ ਤੇ ਓਹਨੂੰ ਪਿਆਰ ਨਾਲ

ਸਮਝਾਇਆ।

ਨਾਜ਼ੀਆ:ਗੁਰਪ੍ਰੀਤ ਮੈਂ ਤੇਰੀ ਬਹੁਤ ਇੱਜਤ ਕਰਦੀ ਹਾਂ।ਤੂੰ ਮੇਰਾ ਬਹੁਤ ਵਧੀਆ ਦੋਸਤ ਹੈਂ।ਜੌ ਸੁਕੂਨ ਮੈਨੂੰ ਤੇਰੇ ਨਾਲ ਗੱਲਾਂ ਕਰਕੇ ਮਿਲਿਆ ਉਹ ਸਾਰੀ ਜ਼ਿੰਦਗੀ ਚ ਨਹੀਂ ਮਿਲਿਆ।ਏਨਾ ਕਰੀਬ ਮੇਰੇ ਕੋਈ ਵੀ ਨਹੀਂ ਆਇਆ ਜਿਨਾ ਤੂੰ ਮੇਰੇ ਕਰੀਬ ਆਇਆ।ਜੋ ਗੱਲਾਂ ਜ਼ਿੰਦਗੀ ਚ ਕਿਤਿਓਂ ਨਹੀਂ ਮਿਲੀਆਂ ਓਹ ਤੇਰੇ ਕੋਲੋ ਮਿਲੀਆਂ,ਆਪਾਂ ਕਦੇ ਵੀ ਇੱਕ ਨਹੀਂ ਹੋ ਸਕਦੇ, ਆਪਣਾ ਕੋਈ ਵੀ ਫਿਊਚਰ ਨਹੀਂ ਆ। ਗੁਰਪ੍ਰੀਤ ਸਾਰੇ ਮੈਸੇਜ ਪੜ ਰਿਹਾ ਸੀ ਤੇ ਨਾਲ ਰੋ ਵੀ ਰਿਹਾ ਸੀ।

ਹਜੇ ਨਾਜ਼ੀਆ ਨੇ ਹੋਰ ਵੀ ਕੁਝ ਬੋਲਣਾ ਸੀਂ ਪਰ ਉਸਨੂੰ ਗੁਰਪ੍ਰੀਤ ਵਲੋਂ Typing...... ਸ਼ੋ ਹੋਣ ਲੱਗ ਗਿਆ ਤਾਂ ਓਹ ਰੁਕ ਗਈ।

ਗੁਰਪ੍ਰੀਤ: ਨਾਜ਼ੀਆ ਮੈਨੂੰ ਤੇਰੀ ਹਰ ਗੱਲ ਮਨਜ਼ੂਰ ਆ, ਤੂੰ ਜੌ ਵੀ ਕਹੇਗੀ ਮੈਂ ਚੁੱਪ ਕਰਕੇ ਮੰਨ ਲੈਣਾ।

ਨਾਜ਼ੀਆ: ਵਾਅਦਾ ਕਰੋ ਕੇ ਅੱਗੇ ਤੋਂ ਕਦੇ ਸੈਡ ਨਹੀਂ ਹੋਵੋਗੇ ,ਸਿਹਤ ਦਾ ਖਿਆਲ ਰੱਖੋਗੇ ਅਤੇ ਪੜਾਈ ਦਾ ਨੁਕਸਾਨ ਨਹੀਂ ਹੋਣ ਦਵੋਗੇ,

ਗੁਰਪ੍ਰੀਤ: ਠੀਕ ਆ ਹੁਣ ਤਹਾਨੂੰ ਕੋਈ ਸ਼ਿਕਾਇਤ ਨਹੀਂ ਮਿਲੇਗੀ।

ਗੁਰਪ੍ਰੀਤ ਨੇ ਇਹ ਗੱਲ ਸਿਰਫ ਨਾਜ਼ੀਆ ਦੀ ਖੁਸ਼ੀ ਲਈ ਬੋਲੀ ਸੀ ਓਹ ਡਰ ਗਿਆ ਸੀ ਕਿਤੇ ਮੈਂ ਦੋਸਤੀ ਨੂੰ ਵੀ ਨਾ ਗਵਾ ਲਵਾਂ।

ਨਾਜ਼ੀਆ ਨੂੰ ਵੀ ਗੁਰਪ੍ਰੀਤ ਦੀ ਗੱਲ ਤੇ ਯਕੀਨ ਨਹੀਂ ਆਇਆ ਸੀ।ਪਰ ਓਹਨੇ ਸਾਰਾ ਕੁਝ ਆਪਣੇ ਰੱਬ ਉੱਤੇ ਛੱਡ ਦਿੱਤਾ ਸੀ।

ਫੇਰ ਗੁਰਪ੍ਰੀਤ ਨੇ ਪਹਿਲਾਂ ਵਾਂਗ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ, ਗੁਰੂ ਘਰ ਜਾਣਾ ਸ਼ੁਰੂ ਕਰ

ਦਿੱਤਾ ਸੀ ਸੁਬਾਹ ਸ਼ਾਮ ਪਾਠ ਕਰਨ ਲੱਗ ਗਿਆ ਸੀ।ਨਾਜ਼ੀਆ ਨਾਲ ਗੱਲ ਵੀ ਬਹੁਤ ਘਟਾ ਦਿੱਤੀ ਸੀ। ਪਰ ਇਕ ਗੱਲ ਸੀ ਓਹ ਖੁਸ਼ ਨਹੀਂ ਰਹਿੰਦਾ ਸੀ।ਓਹਦੇ ਚੇਹਰੇ ਤੇ ਹਮੇਸ਼ਾ ਪਰੇਸ਼ਾਨੀ ਰਹਿੰਦੀ ਸੀ।

ਸਤੰਬਰ ਦੇ ਪੇਪਰ ਆ ਗਏ ਸੀ।ਸਾਰੇ ਪੂਰੇ ਜ਼ੋਰਾਂ ਨਾਲ ਪੜ੍ਹਾਈ ਕਰ ਰਹੇ ਸੀ।ਨਾਜ਼ੀਆ ਨੇ ਸਾਰੀਆਂ ਗੱਲਾਂ ਨੂੰ ਭੁੱਲਣ ਲਈ ਪੜ੍ਹਾਈ ਚ ਧਿਆਨ ਦੇ ਦਿੱਤਾ ਸੀ।ਖੁਦ ਨੂੰ ਬਿਲਕੁਲ ਵੀ ਵਿਹਲਾ ਨਹੀਂ ਰੱਖਦੀ ਸੀ।ਓਹਨੇ ਪਹਿਲਾਂ ਖੁਦ ਹੀ ਗੁਰਪ੍ਰੀਤ ਨੂੰ ਟਿਉਸ਼ਨ ਤੇ ਗੱਲ ਕਰਨ ਤੋਂ ਮਨ੍ਹਾ ਕੀਤਾ ਸੀ।ਪਰ ਹੁਣ ਆਪ ਹੀ ਬੁਲਾਉਣ ਲੱਗ ਗਈ ਸੀ।ਓਹ ਤਾਂ ਹੈਲਪ ਕਰਦੀ ਸੀ ਕੇ ਗੁਰਪ੍ਰੀਤ ਨੂੰ ਇਕੱਲਾਪਨ ਨਾ ਮਹਿਸੂਸ ਹੋਵੇ।

ਪਰ ਗੁਰਪ੍ਰੀਤ ਸਮਝਦਾ ਸੀ ਕੇ ਸ਼ਾਇਦ ਨਾਜ਼ੀਆ ਇਹ ਸਭ ਪਿਆਰ ਚ ਕਰ ਰਹੀ ਆ।ਨਾਜ਼ੀਆ ਨੇ ਗੁਰਪ੍ਰੀਤ ਦੀ ਬਹੁਤ ਹੈਲਪ ਕੀਤੀ ਸੀ ਸਤੰਬਰ ਦੇ ਪੇਪਰਾਂ ਵਿੱਚ।ਗੁਰਪ੍ਰੀਤ ਵਧੀਆ ਨੰਬਰ ਨਾਲ ਪਾਸ ਹੋ ਗਿਆ ਸੀ।

ਹੁਣ ਦਵਾਰਾ ਤੋਂ ਨਾਜ਼ੀਆ ਗੁਰਪ੍ਰੀਤ ਆਪਸ ਵਿੱਚ ਫੋਨ ਤੇ ਗੱਲ ਕਰਨ ਲੱਗ ਗਏ ਸੀ।ਫੇਰ ਤੋਂ ਸਾਰਾ ਕੁਝ ਨੌਰਮਲ ਹੋ ਗਿਆ ਸੀ।ਪਿਆਰ ਦੋਨਾਂ ਦੇ ਦਿਲਾਂ ਚ ਸੀ ਪਰ ਓਹ ਨਾ ਹੀ ਦੋਸਤੀ ਸੀ ਅਤੇ ਨਾ ਹੀ ਇਸ਼ਕ ਸੀ।ਪਰ ਬਿਨ ਨਾਮ ਦਾ ਰਿਸ਼ਤਾ ਪਹਿਲਾਂ ਨਾਲੋ ਹੋਰ ਵੀ ਮਜ਼ਬੂਤ ਹੋ ਗਿਆ ਸੀ।ਓਹ ਕਿੰਨੇ ਕਿੰਨੇ ਘੰਟੇ ਆਪਸ ਚ ਗੱਲਾਂ ਕਰਦੇ ਰਹਿੰਦੇ ਸੀ।ਨਾਜ਼ੀਆ ਕੋਲ ਬਿਲਿੰਗ ਵਾਲੀ ਸਿਮ ਹੁੰਦੀ ਸੀ ਜੌ ਕੇ ਉਸਦੇ ਅੱਬੂ ਦੇ ਨਾਮ ਤੇ ਸੀ ਓਹਨੂੰ ਫੋਨ ਦੇ ਪੈਸਿਆਂ ਦੀ ਟੈਂਸ਼ਨ ਨਹੀਂ ਹੁੰਦੀ ਸੀ ਜਦ ਬਿੱਲ ਦੇਣ ਦਾ ਟਾਇਮ ਆਇਆ ਤਾਂ ਓਹਦੇ ਅੱਬੂ ਹੈਰਾਨ ਸੀ ਕੇ ਇਸ ਬਾਰ ਬਿੱਲ ਏਨਾ ਜ਼ਿਆਦਾ ਕਿਵੇਂ ਆ ਗਿਆ।ਪਰ ਓਹਨਾ ਨੂੰ ਨਾਜ਼ੀਆ ਤੇ ਯਕੀਨ ਬਹੁਤ ਸੀ ਓਹਨਾ ਨੇ ਚੁੱਪ ਚਾਪ ਬਿੱਲ ਭਰ ਦਿੱਤਾ ।

ਪਹਿਲਾਂ ਗੁਰਪ੍ਰੀਤ ਨਾਜ਼ੀਆ ਵਿਚ ਕਦੇ ਲੜਾਈਆਂ ਨਹੀਂ ਹੁੰਦੀਆਂ ਸੀ।ਪਰ ਜਦੋਂ ਬੰਦਾ ਜਿਆਦਾ ਗੱਲਾਂ ਕਰਨ ਲੱਗ ਪਵੇ ਤਾਂ ਗੱਲਾਂ ਗੱਲਾਂ ਵਿੱਚੋ ਹੀ ਕੋਈ ਲੜਾਈ ਦੀ ਗੱਲ ਨਿਕਲ ਆਉਂਦੀ। ਫੇਰ ਓਹਨਾ ਚ ਲੜਾਈਆਂ ਵੀ ਸ਼ੁਰੂ ਹੋ ਗਈਆਂ ਸਨ।ਨਾਜ਼ੀਆ ਪਹਿਲਾਂ ਸਹੀ

ਗੱਲ ਕਰਦੀ ਰਹਿੰਦੀ ਸੀ ਪਰ ਜਦੋਂ ਉਸਨੂੰ ਯਾਦ ਆਉਂਦਾ ਸੀ ਕੇ ਅਸੀਂ ਇਕ ਨਹੀਂ ਹੋ ਸਕਦੇ ਓਹ ਲੜ ਪੈਂਦੀ ਸੀ ਛੋਟੀ ਜਹੀ ਗੱਲ ਤੇ ਹੀ ਲੜ ਪੈਂਦੀ ਸੀ।ਰਾਤ ਨੂੰ ਲੜਕੇ ਸੌਂਦੇ ਸੀ।ਓਹ ਗੁਰਪ੍ਰੀਤ ਨੂੰ ਗੁੱਸੇ ਵਿੱਚ ਕਾਫੀ ਬੋਲ ਜਾਂਦੀ ਸੀ। ਪਰ ਗੁਰਪ੍ਰੀਤ ਗੁੱਸਾ ਨਹੀਂ ਕਰਦਾ ਸੀ।ਓਹ ਸੁਬਾਹ ਉੱਠ ਕੇ ਗੁੱਡ ਮੋਰਨਿੰਗ ਵਿਸ਼ ਕਰ ਦਿੰਦਾ ਸੀ ਤਾਂ ਨਾਜ਼ੀਆ ਅੱਗਿਓਂ ਗੁੱਡ ਮੋਰਨਿੰਗ ਦਾ ਸਹੀ ਜਵਾਬ ਦਿੰਦੀ ਸੀ ਫੇਰ ਨੌਰਮਲ ਹੋ ਜਾਂਦੇ ਸੀ।ਹੁਣ ਫੋਨ ਤੇ ਗੱਲ ਕਰਨੀ ਵੀ ਜਿਆਦਾ ਕਰ ਦਿੱਤੀ ਸੀ। ਰਾਤ ਨੂੰ ਵੀ ਲੇਟ ਸੌਂਦੇ ਸਨ।

ਨਾਜ਼ੀਆ ਪੂਰੇ ਹੱਕ ਜਿਤਾਉਂਦੀ ਸੀ।ਜੇਕਰ ਕਦੇ ਗੁਰਪ੍ਰੀਤ ਨੇ ਲੇਟ ਮੈਸਜ ਕਰਨਾ ਤਾਂ ਬੋਲਣਾ।ਕਦੇ ਗੁਰਪ੍ਰੀਤ ਨੇ ਆਨ ਹੋਕੇ ਮੈਸੇਜ ਨਾ ਕਰਨਾ ਤਾਂ ਵੀ ਕਲੇਸ਼ ਕਰਨਾ।ਗੁਰਪ੍ਰੀਤ ਨਾਜ਼ੀਆ ਦੇ ਗੁੱਸੇ ਕੋਲੋ ਬਹੁਤ ਡਰਦਾ ਸੀ।ਓਹਦੀ ਹਰ ਗੱਲ ਨੂੰ ਮੰਨਦਾ ਸੀ। ਜਿਹੜੀ ਵੀ ਗੱਲ ਤੋਂ ਨਾਜ਼ੀਆ ਨੂੰ ਪ੍ਰਾਬਲਮ ਹੁੰਦੀ ਸੀ।ਉਸ ਗੱਲ ਨੂੰ ਹਮੇਸ਼ਾ ਲਈ ਛੱਡ ਦਿੰਦਾ ਸੀ।ਇਹ ਸਭ ਬਿਨਾ ਨਾਮ ਦੇ ਰਿਸ਼ਤੇ ਚ ਚਲ ਰਿਹਾ ਸੀ।

ਜਦੋਂ ਅਗਲੇ ਮਹੀਨੇ ਬਿੱਲ ਫੇਰ ਸੇਮ ਆਇਆ ਤਾਂ ਨਾਜ਼ੀਆ ਕੋਲੋ ਪੁੱਛਿਆ ਗਿਆ ਕਿ ਇਹ ਬਿੱਲ ਕਿਉਂ ਜਿਆਦਾ ਆ ਰਿਹਾ ਤਾਂ ਨਾਜ਼ੀਆ ਨੇ ਕੇ ਦਿੱਤਾ ਕੇ ਮੈਂ ਪ੍ਰਭ ਨਾਲ ਹੋਮ ਵਰਕ ਦੇ ਮਾਮਲੇ ਚ ਗੱਲ ਕਰਦੀ ਹੁੰਦੀ ਆ।ਇਹ ਬਿੱਲ ਵਾਲੀ ਗੱਲ ਪਤਾ ਲੱਗਣ ਤੋਂ ਬਾਅਦ ਨਾਜ਼ੀਆ ਡਰ ਗਈ ਸੀ ਤੇ ਓਹਨੇ ਗੁਰਪ੍ਰੀਤ ਨੂੰ ਵੀ ਦੱਸ ਦਿੱਤਾ ਸੀ,ਥੋੜੀ ਦੇਰ ਲਈ ਕਾਲ ਦਾ ਸਿਲਸਿਲਾ ਬੰਦ ਹੋ ਗਿਆ।

ਹੁਣ ਦੋਨਾਂ ਨੂੰ ਇਕ ਦੂਜੇ ਦੀ ਆਦਤ ਪੈ ਚੁੱਕੀ ਸੀ ਫੋਨ ਤੇ ਗੱਲ ਕਿਤੇ ਬਿਨਾ ਰਹਿਣਾ ਔਖਾ ਸੀ ਕਾਲ ਵੀ ਬੰਦ ਹੋ ਗਈ ਸੀ।ਗੁਰਪ੍ਰੀਤ ਦੇ ਕਿਸੀ ਦੋਸਤ ਨੇ ਦੱਸਿਆ ਕਿ Videocon ਦੀ ਸਿਮ ਤੇ 10 ਪੈਸੇ ਕਾਲ ਦੀ ਆਫਰ ਮਿਲ ਰਹੀ ਆ।ਅਗਰ ਦੋਨਾਂ ਪਾਸੇ Videocon ਹੋਵੇ ਤਾਂ 10ਪੈਸੇ ਮਿੰਟ ਕਾਲ ਹੁੰਦੀ ਆ।ਗੁਰਪ੍ਰੀਤ ਨੂੰ ਫਿਰ ਆਸ ਦਿਖੀ।ਗੁਰਪ੍ਰੀਤ ਨੇ ਨਾਜ਼ੀਆ ਨਾਲ ਗੱਲ ਕੀਤੀ ਤਾਂ ਨਾਜ਼ੀਆ ਨੇ ਮਨਾ ਕਰ ਦਿੱਤਾ ਕਿ ਮੇਰੇ ਕੋਲ ਤਾਂ ਆਈਫੋਨ ਆ ਮੈਂ ਇਕੋ ਸਿਮ ਵਰਤ ਸਕਦੀ ਆ।ਓਦਾ ਵੀ ਮੈਂ ਹਰ ਸ਼ਨੀਵਾਰ ਘਰ ਜਾਂਦੀ ਹਾਂ ਤਾਂ ਮੇਰੇ ਲਈ ਮਸਲਾ ਬਣ ਸਕਦਾ।ਹੁਣ ਪੇਪਰ ਆਉਣ ਵਾਲੇ ਆ ਪੜ੍ਹਨਾ ਆ ਆਪਾਂ ਬਸ ਮੈਸੇਜ ਤੇ ਹੀ ਗੱਲ

ਕਰੀਏ ਤਾਂ ਵਧੀਆ ਰਹੂਗਾ।ਗੁਰਪ੍ਰੀਤ ਨੇ ਚੁੱਪ ਚਾਪ ਮੰਨ ਲਿਆ।

ਹੁਣ ਗੁਰਪ੍ਰੀਤ ਨੂੰ ਘਰੋਂ ਜੋ ਜੇਬ ਖਰਚ ਮਿਲਦਾ ਸੀ, ਓਹ ਓਹੀ ਪੈਸੇ ਫੋਨ ਚ ਪਵਾ ਲੈਂਦਾ ਸੀ।ਦੋਵੇਂ ਬਹੁਤ ਵਧੀਆ ਸਮਾਂ ਲੰਘਾ ਰਹੇ ਸੀ।ਇੱਕ ਗੱਲ ਸੀ ਕੇ ਜਦੋਂ ਵੀ ਲੜਾਈ ਹੁੰਦੀ ਸੀ ਨਾਜ਼ੀਆ ਬਿਨਾ ਮਿੰਨਤਾ ਕਰਵਾਏ ਮੰਨਦੀ ਨਹੀਂ ਸੀ। ਗਲਤੀ ਕਿਸੀ ਦੀ ਵੀ ਹੋਵੇ ਮਿੰਨਤਾ ਗੁਰਪ੍ਰੀਤ ਹੀ ਕਰਦਾ ਸੀ।

ਜਿੱਥੇ ਅਟੈਚਮੈਂਟ ਜਿਆਦਾ ਹੋ ਰਹੀ ਸੀ ਉਥੇ ਹੀ ਲੜਾਈਆਂ ਦਾ ਸਿਲਸਿਲਾ ਵੀ ਕਾਫੀ ਵਧ ਗਿਆ ਸੀ।ਇੱਕ ਵਾਰ ਕਿਸੀ ਛੋਟੀ ਜਹੀ ਗੱਲ ਪਿੱਛੇ ਲੜਾਈ ਹੋ ਗਈ ਜਿੱਥੇ ਗਲਤੀ ਵੀ ਨਾਜ਼ੀਆ ਦੀ ਸੀ।ਨਾਜ਼ੀਆ ਗੁੱਸੇ ਗੁੱਸੇ ਵਿੱਚ ਗੁਰਪ੍ਰੀਤ ਨੂੰ ਬਹੁਤ ਜਿਆਦਾ ਬੋਲ ਗਈ।ਜਿਸ ਨਾਲ ਗੁਰਪ੍ਰੀਤ ਬਹੁਤ ਜਿਆਦਾ ਹਰਟ ਹੋਇਆ ਤਾਂ ਉਸਨੇ ਅੱਗਿਓਂ ਕਹਿ ਦਿੱਤਾ ਕੇ ਹੁਣ ਮੈਂ ਵੀ ਮਨਾਉਣਾ ਨਹੀਂ ਆ ਮੈਂ ਵੀ ਇਹ ਸਭ ਤੋਂ ਬਹੁਤ ਤੰਗ ਆਇਆ ਹੋਇਆ।ਜੇਕਰ ਤੁਸੀਂ ਇਸ ਵਾਰ ਵੀ ਮੇਰੇ ਨਾਲ ਗੱਲ ਨਹੀਂ ਕੀਤੀ ਤਾਂ ਮੈਂ ਸਿਮ ਤੋੜ ਦੇਣੀ ਤੇ ਮੁੜਕੇ ਕਦੇ ਵੀ ਫੋਨ ਨਹੀਂ ਕਰਨਾ।ਨਾਜ਼ੀਆ ਨੇ ਕਹਿ ਦਿੱਤਾ ਜੋ ਵੀ ਕਰਨਾ ਕਰੋ ਮੈਨੂੰ ਕੁਝ ਨਾ ਦਸੋ ਮੈਂ ਬਸ ਨਹੀਂ ਗੱਲ ਕਰਨੀ ਹੁਣ ਦੋਸਤੀ ਖਤਮ ਆ।

✿✿✿✿✿✿

## ਭਾਗ -16

ਨਾਜ਼ੀਆ ਨੇ ਸੋਚਿਆ ਕੇ ਅੱਗੇ ਵੀ ਏਨੀਆਂ ਲੜਾਈਆਂ ਹੁੰਦੀਆਂ ਹੀ ਨੇ ਗੁਰਪ੍ਰੀਤ ਬੁਲਾ ਹੀ ਲੈਂਦਾ ਹੁਣ ਵੀ ਆ ਕੇ ਬੁਲਾ ਲਏਗਾ।ਓਹ ਲੜ ਕੇ ਸੌਂ ਗਈ ਸੀ।ਸੁਬਾਹ ਉੱਠ ਕੇ ਵੇਖਿਆ ਗੁਰਪ੍ਰੀਤ ਦਾ ਕੋਈ ਮੈਸੇਜ ਨਹੀਂ ਆਇਆ ਸੀ।ਇਹ ਪਹਿਲੀ ਮੋਰਨਿੰਗ ਸੀ ਜਦੋਂ ਗੁਰਪ੍ਰੀਤ ਦੀ ਗੁੱਡ ਮੋਰਨਿੰਗ ਨਹੀਂ ਆਈ ਸੀ।ਓਹ ਉਡੀਕ ਕਰਨ ਲੱਗੀ, ਢੀਠ ਖੁਦ ਵੀ ਪੂਰੀ ਸੀ, ਲੜਨ ਤੋਂ ਬਾਅਦ ਖੁਦ ਕਦੇ  ਮੈਸੇਜ ਨਹੀਂ ਕਰਦੀ ਸੀ। ਹਰ ਰੋਜ਼ ਦੀ ਤਰ੍ਹਾਂ ਕਾਲਜ ਚਲੇ ਗਈ। ਕਾਲਜ ਜਾ ਕੇ ਉਡੀਕ ਉਡੀਕ ਕੇ ਫੋਨ ਬੰਦ ਕਰਕੇ ਬੈਗ ਚ ਪਾ ਲਿਆ,ਸਾਰਾ ਦਿਨ ਗੁਰਪ੍ਰੀਤ ਬਾਰੇ ਹੀ ਸੋਚਦੀ ਰਹੀ।ਛੁੱਟੀ ਵਕਤ ਵੀ ਫੋਨ ਚੈੱਕ ਕੀਤਾ ਕੋਈ ਮੈਸੇਜ ਨਹੀਂ ਆਇਆ ਸੀ।ਓਹਨੇ ਕਾਲ ਮਿਲਾ ਕੇ ਵੇਖੀ ਫੋਨ ਬੰਦ ਆ ਰਿਹਾ ਸੀ।ਓਹ ਹੋਰ ਘਬਰਾ ਗਈ,ਟਿਊਸ਼ਨ ਜਾ ਕੇ ਵੇਖਿਆ ਗੁਰਪ੍ਰੀਤ ਓਥੇ ਵੀ ਨਹੀਂ ਆਇਆ ਸੀ ਘਰ ਆਕੇ ਓਹ ਲਗਾਤਾਰ ਫੋਨ ਮਿਲਾ ਰਹੀ ਸੀ। ਤਕਰੀਬਨ ਅੱਧੇ ਘੰਟੇ ਬਾਦ ਗੁਰਪ੍ਰੀਤ ਦਾ ਫੋਨ ਆਨ ਹੋ ਗਿਆ।ਨਜ਼ੀਆਂ ਨੂੰ ਗੁੱਸਾ ਬਹੁਤ ਆਇਆ ਹੋਇਆ ਸੀ। ਅੱਗੋ ਗੁਰਪ੍ਰੀਤ ਰਾਤ ਦਾ ਹੀ ਗੁੱਸੇ ਚ ਸੀ।

ਨਾਜ਼ੀਆ ਨੇ ਕਾਲ ਮਿਲਾਈ।

ਨਾਜ਼ੀਆ:ਹੈਲੋ😠

ਗੁਰਪ੍ਰੀਤ ਅੱਗੋ ਨਹੀਂ ਬੋਲਿਆ।

ਨਾਜ਼ੀਆ: ਹੈਲੋ ਠੀਕ ਓ ਤੁਸੀਂ?

ਗੁਰਪ੍ਰੀਤ: ਕਿਉਂ ਫੋਨ ਕੀਤਾ,ਵੇਖਣ ਲਈ ਕੇ ਮਰ ਗਿਆ ਕੇ ਜਿਉਂਦਾ?

ਨਾਜ਼ੀਆ ਨੇ ਵੇਖਿਆ ਕੇ ਗੁਰਪ੍ਰੀਤ ਗੁੱਸੇ ਚ ਆ ਤਾਂ ਅੱਗੇ ਮਜ਼ਾਕ ਚ ਬੋਲੀ।

ਨਾਜ਼ੀਆ: ਮੂੰਹ ਸੋਹਣਾ ਨਾ ਹੋਵੇ ਗੱਲ ਸੋਹਣੀ ਕਰ ਲੈਣੀ ਚਾਹੀਦੀ।

ਗੁਰਪ੍ਰੀਤ: ਕਿਆ ਆ ਹੁਣ?ਕਿਉਂ ਫੋਨ ਕੀਤਾ?

ਨਾਜ਼ੀਆ:ਗੱਲ ਕਰਨ ਲਈ।

ਗੁਰਪ੍ਰੀਤ: ਕਿਆ ਗੱਲ ਕਰਨੀ ਆ? ਰਾਤ ਹੋ ਤਾਂ ਗਿਆ ਸਭ ਕੁੱਝ।

ਨਾਜ਼ੀਆ: ਮੈਂ ਇਹ ਵੇਖਣ ਲਈ ਫੋਨ ਕੀਤਾ ਕੇ ਫੋਨ,ਸਿਮ ਤੋੜਿਆ ਕੇ ਨਹੀਂ।

ਗੁਰਪ੍ਰੀਤ ਕੁਝ ਨੌਰਮਲ ਹੋਗਿਆ।

ਗੁਰਪ੍ਰੀਤ: ਹਾਂ ਓਹ ਕੋਈ ਜਰੂਰੀ ਕਾਲ ਲਈ ਆਨ ਹੋਇਆ,ਬਸ ਤੋੜ ਦੇਣਾ ਹੁਣ।

ਨਾਜ਼ੀਆ:ਅੱਛਾ ਤੋੜੋ ਫੇਰ ਜ਼ਰਾ।

ਗੁਰਪ੍ਰੀਤ:ਓਹ ਯਾਰ ਤੂੰ ਮਨਾਉਣਾ ਤਾਂ ਕੀ ਆ ਅੱਗੋਂ ਹੋਰ ਖਿਝਾ ਰਹੀ ਆਂ।

ਨਾਜ਼ੀਆ: ਓਹ ਬਈ ਮੈਂ ਕਿਉਂ ਮਨਾਵਾ,ਮੇਰੀ ਗਲਤੀ ਕੀ ਆ?ਸਗੋਂ ਮੈਂ ਗੁੱਸੇ ਆਂ ਕੇ ਅੱਜ ਗੁੱਡ ਮੋਰਨਿੰਗ ਨੀਂ ਭੇਜੀ ਫੋਨ ਵੀ ਨੀ ਕੀਤਾ।ਤੁਸੀਂ ਮਨਾਓ ਮੈਨੂੰ।

ਗੁਰਪ੍ਰੀਤ:ਯਾਰ ਮੈਂ ਨੀ ਗੱਲ ਕਰਨੀ।

ਨਾਜ਼ੀਆ:ਜਾਓ ਫੇਰ ਮੈਂ ਮੰਨਣਾ ਹੀ ਨੀ।

ਗੁਰਪ੍ਰੀਤ:ਪ੍ਰੌਬਲਮ ਕਿਆ ਆ ਜਦੋਂ ਵੇਖੋ ਆਪਣੇ ਆਪ ਨੂੰ ਹੀ ਉਪਰ ਰੱਖਦੀ ਆ।ਹੁਣ ਰਹਿ ਲਾ ਇਕੱਲੀ।

ਨਾਜ਼ੀਆ: ਅੱਛਾ,ਚਲ ਸੋਰੀ ਕਹਿ ਫੇਰ ਨਾਲੇ ਕਹਿ ਕੇ ਮੁੜਕੇ ਏਦਾ ਫੋਨ ਬੰਦ ਨਹੀਂ ਕਰੂਗਾ।

ਗੁਰਪ੍ਰੀਤ: ਕਿਉਂ ਜੀ ਮੈਂ ਕਿਉਂ ਕਹਾਂ ਰਾਤ ਲੜਾਈ ਤੁਸੀ ਕੀਤੀ ਸੀ।

ਨਾਜ਼ੀਆ:ਹੁਣ ਸੋਰੀ ਬੋਲੋਗੇ ਜਾਂ ਮੈਂ ਬਲੋਕ ਮਾਰਾ?

ਗੁਰਪ੍ਰੀਤ ਸੱਚੀ ਡਰ ਗਿਆ ਸੀ,ਸੋਚ ਰਿਹਾ ਸੀ ਕੇ ਮੈਂ ਨਾ ਆਨ ਹੋਕੇ ਸ਼ਾਇਦ ਸੱਚੀਓਂ ਗਲਤੀ ਕੀਤੀ ਆ।

ਗੁਰਪ੍ਰੀਤ:ਅੱਛਾ ਸੋਰੀ।

ਨਾਜ਼ੀਆ: ਹਾਂ ਮਾਫ਼ ਕੀਤਾ ਪਰ ਮੁੜਕੇ ਇਹ ਗਲਤੀ ਨਾ ਹੋਵੇ।

ਗੁਰਪ੍ਰੀਤ: ਅੱਛਾ ਨਹੀਂ ਹੁੰਦੀ।

ਏਦਾਂ ਦਾ ਰਿਸ਼ਤਾ ਬਣ ਚੁੱਕਾ ਸੀ ਦੋਨਾਂ ਦਾ,ਹੁਣ ਗਲਤੀ ਨਾਜ਼ੀਆ ਦੀ ਸੀ,ਪਰ ਗੱਲ ਕਰਕੇ ਨਵੀਂ ਗਲਤੀ ਬਣਾ ਕੇ ਗੁਰਪ੍ਰੀਤ  ਸਿਰ ਪਾ ਦਿੱਤੀ ਅਤੇ ਗੁਰਪ੍ਰੀਤ ਤੋਂ ਹੀ ਮਾਫੀ ਮੰਗਵਾ ਦਿੱਤੀ।ਸੱਚੀਓਂ ਗੁਰਪ੍ਰੀਤ ਬਹੁਤ ਡਰਦਾ ਸੀ।

ਫੇਰ ਤੋਂ ਨੌਰਮਲ ਗੱਲ ਕਰਨ ਲੱਗ ਗਏ ਸੀ।ਹੁਣ ਟਿਊਸ਼ਨ ਤੇ ਵੀ ਹੌਲੀ ਹੋਲੀ ਸਭ ਨੂੰ ਸ਼ੱਕ ਹੋ ਗਿਆ ਸੀ ਕੇ ਜਰੂਰ ਦੋਨਾਂ ਵਿਚ ਕੁਝ ਚਲ ਰਿਹਾ।ਪ੍ਰਭ ਨੇ ਨਾਜ਼ੀਆ ਨੂੰ ਕਿਹਾ ਤੂੰ ਮੈਨੂੰ ਤਾਂ ਦੱਸ ਦੇ ਕੇ ਚਲ ਕੀ ਰਿਹਾ।

ਨਾਜ਼ੀਆ ਨੇ ਪਹਿਲਾਂ ਤਾਂ ਪੈਰਾਂ ਤੇ ਪਾਣੀ ਨਹੀਂ ਪੈਣ ਦਿੱਤਾ,ਜਦੋਂ ਪ੍ਰਭ ਜ਼ਿੱਦ ਕਰਨੋਂ ਨਹੀਂ ਹਟੀ ਤਾਂ ਫੇਰ ਆਪ ਹੀ ਸਾਰਾ ਕੁਝ ਦੱਸ ਦਿੱਤਾ।ਓਹ ਦੱਸ ਰਹੀ ਸੀ ਕੇ ਅਸੀਂ ਸਿਰਫ ਵਧੀਆ ਦੋਸਤ ਹਾਂ ਪਰ ਪ੍ਰਭ ਮੰਨਣ ਲਈ ਤਿਆਰ ਹੀ ਨਹੀਂ ਸੀ।ਫੇਰ ਪ੍ਰਭ ਨੇ ਨਾਜ਼ੀਆ ਨੂੰ ਕਿਹਾ ਵੈਸੇ ਅਗਰ ਕੋਈ ਗੱਲ ਹੈਗੀ ਵੀ ਆ ਤਾਂ ਕੋਈ ਮਾੜੀ ਗੱਲ ਨਹੀਂ ਆ,ਵਧੀਆ ਮੁੰਡਾ ਆ।ਪ੍ਰਭ ਨੇ ਕਿਹਾ ਬਾਬਾ ਕੁਝ ਨਹੀਂ ਆ।ਫੇਰ ਨਾਜ਼ੀਆ ਪ੍ਰਭ ਅਤੇ ਗੁਰਪ੍ਰੀਤ ਨੇ ਇਕ ਵਟਸਐਪ ਗਰੁੱਪ ਬਣਾ ਲਿਆ ਤਿੰਨੋ ਰਲ ਕੇ ਖੱਪ ਕਰਦੇ ਸੀ।ਨਾਜ਼ੀਆ ਹੁਣ ਬਹੁਤ ਬਦਲ ਗਈ ਸੀ।ਇਕ ਤਾਂ ਓਹ ਹੁਣ ਕਾਲਜ ਵਿੱਚ ਅਲੱਗ ਅਲੱਗ ਕੁੜੀਆਂ ਨੂੰ ਮਿਲਦੀ ਸੀ ਦੂਜਾ ਲੁਧਿਆਣੇ ਵਰਗੇ ਸ਼ਹਿਰ ਚ ਰਹਿ ਕੇ ਬੰਦਾ ਬਦਲ ਹੀ ਜਾਂਦਾ।ਹੁਣ ਉਸਨੇ ਜੀਨਸ ਵੀ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸੀ।ਪਰ ਓਹਨੇ ਨਮਾਜ਼ ਪੜ੍ਹਨਾ ਕਦੇ ਨਹੀਂ ਸੀ ਛੱਡਿਆ।

ਨਾਜ਼ੀਆ,ਪ੍ਰਭ ਤੇ ਗੁਰਪ੍ਰੀਤ ਟਿਉਸ਼ਨ ਤੇ ਵੀ ਇਕਠੇ ਬੈਠਣ ਲੱਗ ਗਏ ਸੀ।ਤਿੰਨਾਂ ਦੀ ਆਪਸ ਵਿੱਚ ਬਹੁਤ ਬਣਦੀ ਸੀ।

ਪ੍ਰਭ ਨਾਜ਼ੀਆ ਰਲ ਕੇ ਗੁਰਪ੍ਰੀਤ ਨੂੰ ਬਹੁਤ ਤੰਗ ਕਰਦੀਆਂ ਸਨ,ਇੱਕ ਦੂਜੇ ਦੇ ਪੁੱਠੇ ਨਾਮ ਰੱਖੇ

ਹੋਏ ਸੀ।ਓਹ ਜਿਸ ਗੱਲ ਤੋਂ ਖਿਝਦਾ ਸੀ ਓਹੀ ਕੰਮ ਜਾਣ ਜਾਣ ਕੇ ਕਰਦੀਆਂ ਸਨ।ਪ੍ਰਭ ਨਾਜ਼ੀਆ ਨੂੰ ਅਕਸਰ ਕੇਹੰਦੀ ਹੁੰਦੀ ਸੀ ਕਿ ਗੁਰਪ੍ਰੀਤ ਬਹੁਤ ਵਧੀਆ ਮੁੰਡਾ ਆ,ਤੂੰ ਓਹਨੂੰ ਹਾਂ ਬੋਲਦੇ।ਪਰ ਨਾਜ਼ੀਆ ਹਮੇਸ਼ਾ ignore ਕਰ ਦਿੰਦੀ ਸੀ।

ਨਾਜ਼ੀਆ ਹਾਂ ਕਰਨੀ ਚਾਹੁੰਦੀ ਤਾਂ ਸੀ ਪਰ ਓਹ ਆਪਣੇ ਅੱਬੂ ਤੋਂ ਡਰ ਜਾਂਦੀ ਸੀ।ਉਸਦੇ ਘਰਦਿਆਂ ਨੇ ਇਕੋ ਗੱਲ ਸਮਝਾਈ ਹੋਈ ਸੀ ਕੇ ਪੁੱਤਰ ਸਾਨੂੰ ਕਿਸੀ ਪਾਸਿਓਂ ਲਾਂਭਾ ਨੀ ਮਿਲਣਾ ਚਾਹੀਦਾ।ਤੇਰੀ ਹਰ ਵਿਸ਼ ਅਸੀਂ ਪੂਰੀ ਕਰਦੇ ਹਾਂ ਤੇ ਕਰਦੇ ਰਹਾਂਗੇ।ਉਸਦੇ ਅੱਬੂ ਦੀ ਇੱਜਤ ਬਹੁਤ ਸੀ।

ਓਹਨੇ ਨਾਜ਼ੀਆ ਨੂੰ ਇੱਕ ਗੱਲ ਦੱਸੀ।ਮੇਰੇ ਚਾਚੇ ਦੀ ਲੜਕੀ ਨੇ ਇਕ ਹਿੰਦੂ ਮੁੰਡੇ ਨਾਲ ਲਵ ਮੈਰਿਜ਼ ਕਰਵਾ ਲਈ ਸੀ ਤੇ ਘਰੋਂ ਭੱਜ ਗਏ ਸੀ,ਮੁੰਡਾ ਵੀ ਬਹੁਤ ਵਧੀਆ ਫੈਮਿਲੀ ਤੋਂ ਸੀ ਤੇ ਬਹੁਤ ਵਧੀਆ ਸਰਕਾਰੀ ਨੌਕਰੀ ਕਰਦਾ ਸੀ।ਜਦੋਂ ਓਹ ਘਰੋਂ ਭੱਜ ਗਈ ਸੀ ਤਾਂ ਸਾਡੇ ਘਰ ਚ ਜਿੰਨੇ ਵੀ ਚਾਚੇ ਤਾਇਆ ਦੇ ਮੁੰਡੇ ਸੀ। ਉਸ ਮੁੰਡੇ ਦੇ ਘਰ ਜਾ ਕੇ ਉਸਦੇ ਵੱਡੇ ਭਰਾਵਾਂ ਨੂੰ ਕੁੱਟ ਕੇ ਆਏ ਸੀ ਤੇ ਕਹਿ ਕੇ ਆਏ ਸੀ ਕੇ ਜਦੋਂ ਵੀ ਸਾਨੂੰ ਮਿਲ ਗਏ ਅਸੀਂ ਦੋਨਾਂ ਨੂੰ ਹੀ ਮਾਰ ਦੇਣਾ ਤੇ ਆਪਣੀ ਭੈਣ ਦਾ ਗੁੱਸਾ ਉਤਾਰਨ ਲਈ ਸਾਡੇ ਘਰ ਚ ਜਿੰਨੀਆ ਵੀ ਕੁੜੀਆਂ ਸੀ,ਓਹਨਾ ਨੂੰ ਬਿਨਾ ਵਜਾਹ ਹੀ ਕੁੱਟ ਦਿੱਤਾ ਸੀ,ਉੱਸ ਚਾਚੇ ਦੀ ਇਕ ਬਹੂ ਪ੍ਰੈਗਨੈਂਟ ਸੀ ਓਹਦਾ ਘਰ ਵਾਲਾ ਓਹਨੂੰ ਕਹਿੰਦਾ ਕੇ ਮੇਰੀ ਭੈਣ ਨੇ ਏਦਾ ਕੀਤਾ ਤੇ ਤੂੰ ਵੀ ਕੁੜੀ ਨੂੰ ਹੀ ਜਨਮ ਦੇਣਾ ਗੁੱਸੇ ਵਿੱਚ ਬਿਨਾ ਡਾਕਟਰੀ ਚੈੱਕਅਪ ਦੇ abortion pills ਦੇ ਕੇ ਉਸਦੀ ਪ੍ਰੈਗਨੈਂਸੀ ਖਰਾਬ ਕਰ ਦਿੱਤੀ ਸੀ। ਤੇ ਭਾਬੀ ਪੜੀ ਲਿਖੀ ਸੀ ਤੇ ਓਹਦੇ ਇਕ ਬੇਟਾ ਸੀ ਭਾਬੀ ਨੇ ਗੁੱਸੇ ਚ ਆਕੇ ਆਪਣੇ ਬੇਟੇ ਨੂੰ ਨਾਲ ਲੈਕੇ ਜ਼ਹਿਰ ਖਾ ਲਿਆ ਸੀ।ਚਾਚੇ ਦੀ ਸਾਰੀ ਫੈਮਿਲੀ ਨਮੋਸ਼ੀ ਵਿਚ ਪਿੰਡ ਛੱਡ ਕੇ ਦਿੱਲੀ ਚਲੇ ਗਏ ਸੀ।ਜਦੋਂ ਇਹ ਸਾਰੀ ਗੱਲ ਪ੍ਰਭ ਨੇ ਸੁਣੀ ਤਾਂ ਓਹ ਤਾਂ ਸੋਚ ਕੇ ਹੀ ਰੋਣ ਲੱਗ ਗਈ ਸੀ।ਨਾਜ਼ੀਆ ਨੇ ਦੱਸਿਆ ਕਿ ਸਾਡੇ ਘਰਾਂ ਚ ਕੁੜੀਆਂ ਨੂੰ ਬਹੁਤ ਹੀ ਪ੍ਰਾਈਵੇਸੀ ਚ ਰਖਿਆ ਜਾਂਦਾ।ਮੇਰੇ ਅੱਬੂ ਅੰਮੀ ਪੜ੍ਹੇ ਲਿਖੇ ਨੇ ਓਹਨਾ ਨੇ ਤਾਂ ਮੈਨੂੰ ਯਕੀਨ ਕਰਕੇ ਏਥੇ ਭੇਜਿਆ ਹੋਇਆ,ਹੁਣ ਤੂੰ ਦੱਸ ਮੈਂ ਕਿਵੇਂ ਗੁਰਪ੍ਰੀਤ ਨਾਲ ਅੱਗੇ ਵਧਣ ਬਾਰੇ ਸੋਚਾਂ।

ਮੈਨੂੰ ਪਤਾ ਗੁਰਪ੍ਰੀਤ ਮੇਰੀ ਬਹੁਤ ਹੀ ਇੱਜਤ ਕਰਦਾ ਮੇਰੀ ਹਰ ਗੱਲ ਨੂੰ ਮੰਨਦਾ ਕਦੇ ਗੁੱਸਾ ਵੀ ਨਹੀਂ ਕਰਦਾ,ਹੋ ਸਕਦਾ ਕੇ ਮੈਨੂੰ ਗੁਰਪ੍ਰੀਤ ਵਰਗਾ ਕੋਈ ਹੋਰ ਲੜਕਾ ਮਿਲੇ ਵੀ ਨਾ,ਤੈਨੂੰ ਵੀ ਪਤਾ ਆ ਏਥੇ ਕੋਈ ਕੁੜੀ ਮੁੰਡੇ ਨੂੰ ਭਾਅ ਨਾ ਦੇਵੇ ਅਗਲਾ ਹਫ਼ਤੇ ਬਾਅਦ ਨਵੀਂ ਕੁੜੀ ਨਾਲ ਫਿਰ ਰਿਹਾ ਹੁੰਦਾ।ਗੁਰਪ੍ਰੀਤ ਮੈਨੂੰ ਏਨੀ ਦੇਰ ਤੋਂ ਫਾਲੋ ਕਰ ਰਿਹਾ,ਓਹ ਮੈਨੂੰ ਚੰਗਾ ਲਗਦਾ ਇਸੇ ਲਈ ਮੈਂ ਦੋਸਤੀ ਰੱਖੀ ਆ।ਨਹੀਂ ਤਾਂ ਤੂੰ ਮੈਨੂੰ ਵੇਖਿਆ ਹੀ ਸੀ ਸ਼ੁਰੂਆਤ ਚ ਮੈਂ ਕਿਸੀ ਕੁੜੀ ਨਾਲ ਵੀ ਦੋਸਤੀ ਨਹੀਂ ਕਰਦੀ ਸੀ।ਫੇਰ ਕੁਝ ਦੇਰ ਚੁੱਪ ਹੀ ਬੈਠੀਆਂ ਰਹੀਆਂ।

ਇਹ ਸਭ ਗੱਲਾਂ ਦੱਸਣ ਤੋਂ ਬਾਦ ਨਾਜ਼ੀਆ ਘਰ ਚਲੇ ਗਈ।ਪ੍ਰਭ ਨੇ ਨਾਜ਼ੀਆ ਦੀਆਂ ਅੱਖਾਂ ਵਿਚੋਂ ਗੁਰਪ੍ਰੀਤ ਦੇ ਪਿਆਰ ਨੂੰ ਪੜ ਲਿਆ ਸੀ ਅਤੇ ਸੋਚ ਵੀ ਰਹੀ ਸੀ ਕੇ ਬਹੁਤ ਜਿਆਦਾ complicated ਸਟੋਰੀ ਆ।

✿✿✿✿✿✿

## ਭਾਗ-17

ਗੁਰਪ੍ਰੀਤ ਸੋਚ ਰਿਹਾ ਸੀ ਕੇ ਹੁਣ ਸਾਰਾ ਕੁਝ ਠੀਕ ਆ।ਸ਼ਾਇਦ ਨਾਜ਼ੀਆ ਮੈਨੂੰ ਪਿਆਰ ਕਰਨ ਲੱਗ ਗਈ ਆ ਤਾਂ ਹੀ ਪ੍ਰਭ ਸਾਹਮਣੇ ਮੈਨੂੰ ਬੁਲਾ ਲੈਂਦੀ ਤੇ ਏਨਾ ਫਰੈਂਕ ਹੋਕੇ ਗੱਲ ਕਰ ਲੈਂਦੀ ਆ।

ਓਹ ਹੁਣ ਅਲੱਗ ਹੀ ਖੁਸ਼ੀ ਚ ਰਹਿੰਦਾ ਸੀ।ਓਹਨੇ ਸੋਚਿਆ ਕੇ ਜੇਕਰ ਹੁਣ ਕਦੀ ਨਾਜ਼ੀਆ ਨੇ ਮੇਰੇ ਨਾਲ ਲੜਾਈ ਕੀਤੀ ਵੀ ਤਾਂ ਮੈਂ ਪ੍ਰਭ ਦੇ ਰਾਹੀਂ ਸੁਲਾਹ ਕਰ ਲਿਆ ਕਰਨੀ। ਕਿਉਂਕਿ ਓਹਦੀ ਪ੍ਰਭ ਨਾਲ ਵੀ ਵਧੀਆ ਬਣਦੀ ਸੀ।

ਓਹ ਪ੍ਰਭ ਨੂੰ ਭੈਣ ਹੀ ਕਹਿੰਦਾ ਸੀ।ਇਸ ਗੱਲ ਨੇ ਵੀ ਨਾਜ਼ੀਆ ਦੇ ਦਿਲ ਤੇ ਕਾਫੀ ਪ੍ਰਭਾਵ ਪਾਇਆ ਸੀ।

ਹੁਣ ਗੁਰਪ੍ਰੀਤ ਦੁਬਾਰਾ ਪ੍ਰਪੋਜ਼ ਕਰਨ ਬਾਰੇ ਸੋਚਣ ਲੱਗ ਗਿਆ ਸੀ, ਓਹਨੂੰ ਉਮੀਦ ਸੀ ਕਿ ਹੁਣ ਸ਼ਾਇਦ ਗੱਲ ਬਣ ਜਾਵੇਗੀ।ਹੁਣ ਓਹ ਪ੍ਰਭ ਦੀ ਸਿਫਾਰਿਸ਼ ਪਵਾਉਣ ਬਾਰੇ ਸੋਚ ਰਿਹਾ ਸੀ ਅਤੇ ਨਾਲ ਇਹ ਵੀ ਸੋਚ ਰਿਹਾ ਸੀ ਕੇ ਪਿਛਲੀ ਬਾਰ ਤਾਂ ਨਾਜ਼ੀਆ ਨੇ ਗੱਲ ਕਰ ਲਈ ਸੀ ਕਿਤੇ ਇਸ ਬਾਰ ਸਦਾ ਲਈ  ਨਾਹ ਹੀ ਨਾ ਕਰ ਦਵੇ।ਓਹਨੂੰ ਸਮਝ ਨਹੀਂ ਆਉਂਦੀ ਸੀ ਕੇ ਓਹ ਕਿ ਕਰੇ।

ਫੇਰ ਉਸਨੇ ਸੋਚਿਆ ਕੇ ਪਹਿਲਾ ਪਤਾ ਕਰਦੇ ਆ ਕੇ ਨਾਜ਼ੀਆ ਦੇ ਦਿਲ ਚ ਮੇਰੇ ਲਈ ਕੁਸ਼ ਹੈਗਾ ਵੀ ਜਾਂ ਨਹੀਂ,ਓਹਨੇ ਸੋਚਿਆ ਕੇ ਨਾਜ਼ੀਆ ਪ੍ਰਭ ਦੇ ਨਾਲ ਰਹਿੰਦੀ ਆ ਤਾਂ ਉਸ ਨਾਲ ਗੱਲਾਂ ਵੀ ਸ਼ੇਅਰ ਕਰਦੀ ਹੋਏਗੀ।ਉਸਨੇ ਪ੍ਰਭ ਕੋਲੋ ਪੁੱਛਣ ਦਾ ਸੋਚਿਆ।

ਓਹ ਪ੍ਰਭ ਨਾਲ ਇਕੱਲੇ ਚ ਗੱਲ ਕਰਨੀ ਚਾਹੁੰਦਾ ਸੀ।ਪ੍ਰਭ ਹਮੇਸ਼ਾ ਨਾਜ਼ੀਆ ਦੇ ਨਾਲ ਹੀ ਰਹਿੰਦੀ ਸੀ,ਟਿਉਸ਼ਨ ਆਉਣਾ ਜਾਣਾ ਪ੍ਰਭ ਤੇ ਨਾਜ਼ੀਆ ਦਾ ਇੱਕਠਾ ਹੀ ਸੀ।ਪ੍ਰਭ ਨੂੰ ਇਕੱਲਿਆਂ ਚ ਮਿਲਣ ਦਾ ਮੌਕਾ ਨਹੀਂ ਮਿਲ ਰਿਹਾ ਸੀ।

12ਵੀਂ ਕਲਾਸ ਵੀ ਅੱਧੀ ਗੁਜ਼ਰ ਚੁੱਕੀ ਸੀ,ਪਰ ਗੁਰਪ੍ਰੀਤ ਨੇ ਹਜੇ ਤੱਕ ਨਾਜ਼ੀਆ ਕੋਲੋ ਹਾਂ ਨਹੀਂ ਕਰਵਾਈ ਸੀ।ਓਹ ਸੋਚ ਰਿਹਾ ਸੀ ਕੇ ਹੁਣ ਤਾਂ ਪੱਕੇ ਪੇਪਰ ਵੀ ਆਉਣ ਵਾਲੇ ਨੇ ਜੇਕਰ ਹੁਣ ਵੀ ਕੁਝ ਨਾ ਹੋਇਆ ਤਾਂ ਫੇਰ ਸਾਰੀ ਜ਼ਿੰਦਗੀ ਨਹੀਂ ਹੋਵੇਗਾ।

ਹੁਣ ਦੀਵਾਲੀ ਆਉਣ ਵਾਲੀ ਸੀ।ਓਹਨੇ ਸੋਚਿਆ ਕੇ ਦੀਵਾਲੀ ਸੁੱਕੀ ਨਹੀਂ ਜਾਣ ਦੇਣੀ ਦੀਵਾਲੀ ਤੇ ਪੱਕਾ ਪ੍ਰਪੋਜ਼ ਕਰ ਦੇਣਾ।ਲੋਕ ਦੀਵਾਲੀ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸੀ ਪਰ ਇਧਰ ਗੁਰਪ੍ਰੀਤ ਸਾਹਬ ਨਾਜ਼ੀਆ ਨੂੰ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸੀ।ਟਿਊਸ਼ਨ ਤੇ ਗੁਰਪ੍ਰੀਤ, ਨਾਜ਼ੀਆ ਵਧੀਆ ਟਾਇਮ ਲੰਘਾ ਰਹੇ ਸੀ।ਨਾਜ਼ੀਆ ਨੇ ਹਜੇ ਤੱਕ ਕੋਈ ਵੀ ਅਹਿਸਾਸ ਜ਼ਾਹਿਰ ਨਹੀਂ ਕੀਤਾ ਸੀ।ਪਰ ਹੁਣ ਨਾਜ਼ੀਆ ਨੂੰ ਅੰਦਰੋ ਇਕ ਡਰ ਸਤਾਉਣ ਲੱਗ ਗਿਆ ਸੀ ਕੇ ਮੈਂ ਇਸ ਤਰਾਂ ਗੁਰਪ੍ਰੀਤ ਨੂੰ ਆਪਣੇ ਪਿੱਛੇ ਘੁਮਾ ਰਹੀ ਆ, ਕਿਤੇ ਆਉਣ ਵਾਲੇ ਟਾਇਮ ਚ ਗੁਰਪ੍ਰੀਤ ਲਈ ਮੇਰੇ ਬਿਨਾ ਜਿਉਣਾ ਮੁਸ਼ਕਿਲ ਨਾ ਹੋ ਜਾਵੇ।

ਦੋਨਾਂ ਨੂੰ ਇੱਕ ਦੂਜੇ ਦੀ ਆਦਤ ਪੈ ਚੁੱਕੀ ਸੀ,ਗੱਲ ਕੀਤੇ ਬਿਨਾ,ਗੁਰਪ੍ਰੀਤ ਨੂੰ ਵੇਖੇ ਬਿਨਾਂ ਰਹਿ ਨਾਜ਼ੀਆ ਵੀ ਨਹੀਂ ਸਕਦੀ ਸੀ।

ਕਾਲਜ ਪਹਿਲੇ 2 ਲੈਕਚਰ ਫ੍ਰੀ ਸੀ ਨਾਜ਼ੀਆ ਬੈਠੀ ਕਿਸੀ ਸੋਚ ਵਿਚ ਖੁੱਭੀ ਹੋਈ ਸੀ, ਪ੍ਰਭ ਨੇ ਪੁੱਛਿਆ ਕੇ ਨਾਜ਼ੀਆ ਕੀ ਹੋਇਆ,ਨਾਜ਼ੀਆ ਨੇ ਗੁਰਪ੍ਰੀਤ ਵਾਲੀ ਗੱਲ ਅੱਗੇ ਰੱਖ ਦਿੱਤੀ ਤਾਂ ਪ੍ਰਭ ਨੇ ਨਾਜ਼ੀਆ ਨੂੰ ਸਮਝਾਇਆ ਕੇ ਨਾਜ਼ੋ ਤੇਰਾ ਜੌ ਵੀ ਫੈਸਲਾ ਤੂੰ ਗੁਰਪ੍ਰੀਤ ਨੂੰ ਦੱਸ ਦੇ, ਪਿਆਰ ਤੁਸੀ ਦੋਨੋ ਇੱਕ ਦੂਜੇ ਨੂੰ ਕਰਦੇ ਹੋ,ਓਹਨੂੰ ਕਿਸੀ ਝੂਠੀ ਆਸ ਚ ਨਾ ਰੱਖ।ਤੈਨੂੰ ਪਤਾ ਹੀ ਆ ਅੱਜ ਕੱਲ ਮੁੰਡਿਆ ਦਾ ਗੁੱਸੇ ਚ ਕੋਈ ਗਲਤ ਕੰਮ ਕਰਨ ਲੱਗੇ ਸੋਚਦੇ ਵੀ ਨਹੀਂ ਓਹ ਇਕੱਲਾ ਇਕੱਲਾ ਮਾਪਿਆ ਦਾ ਮੁੰਡਾ ਆ ਇਹ ਨਾ ਹੋਏ ਕੱਲ ਨੂੰ ਕੋਈ ਅਣਹੋਣੀ ਵਾਪਰ ਜਾਵੇ।ਇਹਨਾਂ ਗੱਲਾਂ ਨਾਲ ਨਾਜ਼ੀਆ ਦੇ ਦਿਮਾਗ ਤੇ ਬੋਝ ਜਿਹਾ ਬਣ ਗਿਆ,ਓਹ ਬਹੁਤ ਉਦਾਸ ਹੋਗਈ।ਕਾਲਜ ਤੋਂ ਬਾਅਦ ਟਿਊਸ਼ਨ ਵੀ ਨਹੀਂ ਗਈ।ਪਰ ਓਹਨੇ ਹੁਣ ਮੰਨ ਬਣਾ ਲਿਆ ਸੀ ਕੇ ਹੁਣ ਹੌਲੀ ਹੋਲੀ ਗੁਰਪ੍ਰੀਤ ਕੋਲੋ ਦੂਰੀ ਬਣਾ ਲੈਣੀ ਆ।

ਦੂਜੇ ਪਾਸੇ ਗੁਰਪ੍ਰੀਤ ਹਾਂ ਕਰਵਾਉਣ ਦੀਆਂ ਸਕੀਮਾਂ ਲਗਾ ਰਿਹਾ ਸੀ।

ਇੱਕ ਦਿਨ ਪ੍ਰਭ ਇਕੱਲੀ ਹੀ ਟਿਊਸ਼ਨ ਆਈ ਹੋਈ ਸੀ,ਪਹਿਲਾਂ ਤਾਂ ਓਹ ਸੈਡ ਹੋ ਗਿਆ ਕੇ

ਨਾਜ਼ੀਆ ਨਹੀਂ ਆਈ,ਓਹਨੇ ਪ੍ਰਭ ਨੂੰ ਪੁੱਛਿਆ ਕੇ ਨਾਜ਼ੀਆ ਕਿਉਂ ਨਹੀਂ ਆਈ ਤਾਂ ਪ੍ਰਭ ਨੇ ਦੱਸਿਆ ਕੇ ਓਹਨੇ ਆਪਣੀ ਮਾਮੀ ਨਾਲ ਬਾਹਰ ਜਾਣਾ ਸੀ।ਕਲ਼ ਨੂੰ ਆਏਗੀ ਟਿਉਸ਼ਨ।ਗੁਰਪ੍ਰੀਤ ਦੇ ਚੇਹਰੇ ਤੋਂ ਨਾਜ਼ੀਆ ਦੀ ਉਡੀਕ ਤੇ ਫ਼ਿਕਰ ਸਾਫ ਪਤਾ ਚਲ ਰਹੀ ਸੀ।ਪ੍ਰਭ ਦਿਲ ਚ ਹੀ ਸੋਚ ਰਹੀ ਸੀ ਕਿ ਏਨਾ ਪਿਆਰ ਕਰਨ ਵਾਲੇ ਅੱਜਕਲ ਕਿੱਥੇ ਲਭਦੇ ਆ।

ਗੁਰਪ੍ਰੀਤ ਵੈਸੇ ਵੀ ਪ੍ਰਭ ਨੂੰ ਇਕੱਲਿਆਂ ਚ ਮਿਲਣਾ ਚਾਹੁੰਦਾ ਸੀ ਤਾਂ ਅੱਜ ਉਸਨੂੰ ਮੋਕਾ ਮਿਲ ਗਿਆ।ਟਿਉਸ਼ਨ ਖਤਮ ਹੋਣ ਤੋਂ ਬਾਅਦ ਓਹਨੇ ਪ੍ਰਭ ਨੂੰ ਪਾਰਕਿੰਗ ਚ ਰੋਕ ਲਿਆ ਅਤੇ ਆਪਣਾ ਤੇ ਨਾਜ਼ੀਆ ਦਾ ਸਾਰਾ ਕੁਝ ਦੱਸ ਦਿੱਤਾ,ਓਹਨੇ ਪ੍ਰਭ ਨੂੰ ਪੁੱਛਿਆ ਕੇ ਤੁਸੀ ਦੋਵੇਂ ਇੱਕਠਿਆ ਰਹਿੰਦੀਆਂ ਹੋ,ਤੇਰੇ ਨਾਲ ਮੇਰੇ ਬਾਰੇ ਗੱਲ ਕੀਤੀ ਹੀ ਹੁਣੀ ਆ ਨਾਜ਼ੀਆ ਨੇ,ਪ੍ਰਭ ਸੋਚ ਰਹੀ ਸੀ ਕੇ ਮੈਂ ਇਹਨੂੰ ਕੀ ਜਵਾਬ ਦਵਾਂ,ਕੇ ਇਹ ਏਨਾ ਪਾਗ਼ਲ ਹੋਇਆ ਇਹਨੂੰ ਮੈਂ ਕੀ ਦੱਸਾਂ।

ਪ੍ਰਭ ਨੇ ਸਾਰੀ ਗੱਲ ਸੁਣ ਕੇ ਇਕੋ ਜਵਾਬ ਦਿੱਤਾ ਕੇ ਗੁਰਪ੍ਰੀਤ ਮੈਨੂੰ ਤਾਂ ਕੁਝ ਨਹੀਂ ਪਤਾ ਇਸ ਮਾਮਲੇ ਬਾਰੇ,ਅਸੀਂ ਆਪਸ ਚ ਕਦੇ ਏਦਾ ਦੀ ਗੱਲ ਹੀ ਨੀ ਕਰਦੀਆਂ ,ਅਸਲ ਚ ਓਹ ਸੋਚ ਰਹੀ ਸੀ ਕੇ ਇਹ ਦੋਨਾਂ ਦਾ ਮਾਮਲਾ ਆ ਤਾਂ ਆਪਸ ਚ ਹੀ ਨਿਬੇੜਨ,ਅਗਰ ਪ੍ਰਭ ਗੁਰਪ੍ਰੀਤ ਨੂੰ ਸੱਚ ਦੱਸ ਦਿੰਦੀ ਕੇ ਨਾਜ਼ੀਆ ਵੀ ਉਸਨੂੰ ਪਿਆਰ ਕਰਦੀ ਆ ਤਾਂ ਗੁਰਪ੍ਰੀਤ ਦੇ ਦਿਲ ਚ ਜਿਹੜਾ ਭੁਲੇਖਾ ਸੀ ਓਹ ਨਿਕਲ ਜਾਣਾ ਸੀ।ਓਹ ਚਾਹੁੰਦੀ ਸੀ ਕੇ ਅਗਰ ਓਹ ਇੱਕ ਨਾ ਵੀ ਹੋਏ ਤਾਂ ਗੁਰਪ੍ਰੀਤ ਭੁਲੇਖੇ ਚ ਹੀ ਰਹਿ ਜਾਵੇ ।ਓਹਨੂੰ ਨਾਜ਼ੀਆ ਨੇ ਕਿਹਾ ਹੋਇਆ ਸੀ ਕੇ ਪ੍ਰਭ ਇਕ ਤੂੰ ਹੀ ਆ ਜ਼ੋ ਮੇਰੇ ਬਾਰੇ ਜਾਣਦੀ ਆ ਕੇ ਮੇਰੇ ਦਿਲ ਚ ਕਿਆ ਆ ਪਲੀਜ਼ ਕਦੇ ਵੀ ਤੂੰ ਕਿਸੀ ਨੂੰ ਨਾ ਦੱਸੀਂ। ਇਸ ਕਰਕੇ ਓਹ ਚੁੱਪ ਹੀ ਰਹੀ।ਗੁਰਪ੍ਰੀਤ ਥੋੜੀ ਦੇਰ ਲਈ ਪਰੇਸ਼ਾਨ ਹੋ ਗਿਆ ਸੀ।

ਦੂਜੇ ਪਾਸੇ ਨਾਜ਼ੀਆ ਨੇ ਵੀ ਮੰਨ ਬਣਾ ਲਿਆ ਸੀ ਕੇ ਹੁਣ ਗੁਰਪ੍ਰੀਤ ਕੋਲੋ ਦੂਰੀ ਬਣਾ ਲੈਣੀ ਆ,ਅੱਗੇ ਰਾਤ ਨੂੰ ਗੱਲ ਕਰਦੇ ਹੁੰਦੇ ਸੀ,ਨਾਜ਼ੀਆ ਨੇ 10ਮਿੰਟ ਗੱਲ ਕਰਕੇ ਸਿਰ ਦਰਦ ਦਾ

ਬਹਾਨਾ ਬਣਾ ਕੇ ਫੋਨ ਬੰਦ ਕਰ ਦਿੱਤਾ।ਗੁਰਪ੍ਰੀਤ ਇਹੀ ਸੋਚ ਰਿਹਾ ਸੀ ਕੇ ਬਾਹਰ ਗਈ ਸੀ ਤਾਂ ਕਰਕੇ ਸਿਰ ਦਰਦ ਹੁਣਾ,ਓਹ ਵੀ ਸੌਂ ਗਿਆ।ਪਰ ਨਾਜ਼ੀਆ ਨੂੰ ਨੀਂਦ ਨਹੀਂ ਆ ਰਹੀ ਸੀ।ਓਹ ਬਹੁਤ ਹੀ ਫਸੀ ਹੋਈ ਮਹਿਸੂਸ ਕਰ ਰਹੀ ਸੀ,ਓਹ ਗੁਰਪ੍ਰੀਤ ਕੋਲੋ ਦੂਰ ਹੋਣਾ ਨਹੀਂ ਚਾਹੁੰਦੀ ਸੀ।ਪਰ ਆਉਣ ਵਾਲੇ ਹਾਲਾਤਾਂ ਤੋਂ ਡਰ ਰਹੀ ਸੀ।ਓਹ ਖੁਦ ਨੂੰ ਹੀ ਸਮਝਾ ਰਹੀ ਸੀ,ਅਤੇ ਰੱਬ ਅੱਗੇ ਫ਼ਰਿਆਦਾਂ ਕਰ ਰਹੀ ਸੀ ਕੇ ਮੇਰੇ ਲਈ ਜੌ ਚੰਗਾ ਓਹ ਕਰੇ।

ਦੂਜੇ ਦਿਨ ਗੁਰਪ੍ਰੀਤ ਨੇ ਨਾਜ਼ੀਆ ਨੂੰ ਮੈਸੇਜ ਕੀਤਾ।

ਗੁਰਪ੍ਰੀਤ: ਗੁੱਡ ਮੋਰਨਿੰਗ ਮੋਟੋ,ਕਿਵੇਂ ਆ ਹੁਣ ਤਬੀਅਤ ਕਿਦਾਂ।

ਨਾਜ਼ੀਆ:ਇਹ ਮੋਟੋ ਕੌਣ?

ਗੁਰਪ੍ਰੀਤ: ਤੁਸੀਂ ਆ ਮੋਟੋ।

ਨਾਜ਼ੀਆ:ਮੇਰਾ ਨਾਮ ਨਾਜ਼ੀਆ ਆ,ਸੋ ਪਲੀਜ਼ ਮੈਨੂੰ ਨਾਜ਼ੀਆ ਹੀ ਕਹੋ,ਮੈਂ ਕੋਈ ਮੋਟੋ ਨਹੀਂ ਆ।

ਗੁਰਪ੍ਰੀਤ:ਮੈਂ ਤਾਂ ਮੋਟੋ ਕਹੂੰਗਾ।

ਨਾਜ਼ੀਆ:ਮੈਨੂੰ ਨੀ ਕਹਿਣਾ ਹੋਊਗਾ ਪਲੀਜ਼।

ਓਹ ਪਹਿਲਾਂ ਹੀ ਦੂਰੀ ਬਣਾਉਣ ਲਈ ਸੋਚ ਰਹੀ ਸੀ ਇੱਧਰ ਗੁਰਪ੍ਰੀਤ ਜੀ ਪਿਆਰ  ਚ ਨਾਮ ਰੱਖੀ ਬੈਠੇ ਸੀ।

ਨਾਜ਼ੀਆ:ਮੈਂ ਕਾਲਜ ਜਾ ਰਹੀ ਆ ਸ਼ਾਮੀ ਗੱਲ ਕਰਾਂਗੇ।

ਗੁਰਪ੍ਰੀਤ:ਖੈਰ ਆ?ਖਿਜੇ ਲੱਗ ਰਹੇ ਹੋ।

ਨਾਜ਼ੀਆ: ਹਾਂ ਤੁਸੀ ਹੀ ਖਿਝਾਈਆ।

ਨਾਜ਼ੀਆ ਫੋਨ ਬੰਦ ਕਰਕੇ ਚਲੇ ਗਈ।

ਗੁਰਪ੍ਰੀਤ ਨੇ ਸੋਚਿਆ ਮੋਟੋ ਕਹਿਣ ਕਰਕੇ ਹੀ ਖਿਝੀ ਆ ਕੋਈ ਨਾ ਆਪੇ ਮੰਨ ਜਾਵੇਗੀ।

ਨਾਜ਼ੀਆ ਕਾਲਜ ਪਹੁੰਚੀ ਤਾਂ ਅੱਗਿਓਂ ਪ੍ਰਭ ਨੇ ਸਾਰਾ ਕੁਝ ਦੱਸ ਦਿੱਤਾ।ਨਾਜ਼ੀਆ ਨੂੰ ਗੁੱਸਾ ਵੀ ਆ ਰਿਹਾ ਸੀ ਅਤੇ ਫ਼ਿਕਰ ਵੀ ਹੋ ਰਹੀ ਸੀ।ਪਰ ਗੁੱਸਾ ਜਿਆਦਾ ਸੀ।

ਸ਼ਾਮੀ ਟਿਉਸ਼ਨ ਤੇ ਸਾਰੇ ਆਏ ਹੋਏ ਸੀ ਪ੍ਰਭ ਨਾਜ਼ੀਆ ਤੇ ਮਨੀਸ਼ਾ ਇੱਕਠਿਆ ਬੈਠੀਆਂ ਸਨ।ਗੁਰਪ੍ਰੀਤ ਲੇਟ ਆਇਆ ਤੇ ਆਕੇ ਰੋਜ਼ ਵਾਂਗ ਬੁਲਾਇਆ ਪ੍ਰਭ ਤੇ ਮਨੀਸ਼ਾ ਨੇ ਬੁਲਾ ਲਿਆ ਨਾਜ਼ੀਆ ਨਹੀਂ ਬੋਲੀ।ਗੁਰਪ੍ਰੀਤ ਨੇ ਕਿਹਾ ਕੀ ਹੋਇਆ ਮੋਟੋ ਮੂੰਹ ਕਿਉਂ ਮੋਟਾ ਕੀਤਾ।ਨਾਜ਼ੀਆ ਹੋਰ ਖਿਝ ਗਈ।ਫੇਰ ਗੁਰਪ੍ਰੀਤ ਨੂੰ ਨਾਲ ਵੀ ਨਹੀਂ ਬਿਠਾਇਆ ਤੇ ਛੁੱਟੀ ਹੋਣ ਤੱਕ ਚੁੱਪ ਰਹੀ।ਗੁਰਪ੍ਰੀਤ ਸੋਚ ਰਿਹਾ ਸੀ ਕੇ ਲਗਦਾ ਪ੍ਰਭ ਨੇ ਕੱਲ ਵਾਲੀ ਗੱਲ ਦੱਸ ਦਿੱਤੀ ਸ਼ਾਇਦ ਤਾਂ ਏਦਾ ਕਰ ਰਹੀ ਆ ਕੇ ਮੋਟੋ ਕਹਿਣ ਦਾ ਗੁੱਸਾ ਕਰ ਰਹੀ ਆ।ਓਹਨੇ ਵੀ ਪੱਕਾ ਮੰਨ ਬਣਾ ਲਿਆ ਸੀ ਕੇ ਬੁਲਾਣਾ ਹੁਣ ਮੋਟੋ ਕਹਿ ਕੇ ਹੀ ਆ।ਛੁੱਟੀ ਵੇਲੇ ਬੁਲਾਇਆ,ਮੋਟੋ ਹੋਇਆ ਕੀ ਆ।ਨਾਜ਼ੀਆ ਨੇ ਕਿਹਾ ਇਹ ਕੀ ਮੋਟੋ ਮੋਟੋ ਲਗਾਇਆ ਆ ਸਵੇਰੇ ਵੀ ਕਿਹਾ ਸੀ ਮੈਨੂੰ ਇਹ ਨਹੀਂ ਕਹਿਣਾ। ਓਹ ਗੁੱਸੇ ਹੋਕੇ ਚਲੇ ਗਈ।

ਗੁਰਪ੍ਰੀਤ ਨੇ ਸੋਚਿਆ ਏਨੇ ਦਿਨ ਏਨੀਂ ਸੋਹਣੀ ਗੱਲ ਕੀਤੀ ਕੇ ਅੱਜ ਕਿਉਂ ਏਦਾ ਕਰ ਰਹੀ ਆ।

ਓਹਨੇ ਸੋਚਿਆ ਫੋਨ ਤੇ ਪਤਾ ਕਰੂੰਗਾ।ਰਾਤ ਨੂੰ ਕਾਲ ਕੀਤੀ,ਹਾਲ ਚਾਲ ਪੁੱਛਿਆ

।

ਗੁਰਪ੍ਰੀਤ:ਕਿ ਹੋਇਆ ਏਨਾ ਗੁੱਸੇ ਚ ਕਿਉਂ ਆ।

ਨਾਜ਼ੀਆ:ਮੈਂ ਕੀ ਗੁੱਸਾ ਕੀਤਾ?

ਗੁਰਪ੍ਰੀਤ: ਕੱਲ ਰਾਤ ਵੀ ਨਹੀਂ ਗੱਲ ਕੀਤੀ ਅੱਜ ਸੁਬਾਹ ਵੀ ਖਿਝੇ ਸੀ ਸ਼ਾਮੀਂ ਟਿਉਸ਼ਨ ਤੇ ਵੀ ਨੂੰ ਬੁਲਾਇਆ ਤੇ ਛੁੱਟੀ ਵੇਲੇ ਪ੍ਰਭ ਸਾਹਮਣੇ ਬੇਜ਼ਤੀ ਕਰ ਦਿੱਤੀ।

ਨਾਜ਼ੀਆ:ਤੁਸੀਂ ਤਾਂ ਬਹੁਤ ਸੋਹਣਾ ਕੰਮ ਕਰ ਰਹੇ ਓ।ਮੈਂ ਤੈਨੂੰ ਕਲੀਅਰ ਦਸਿਆ ਸੀ ਕਿ ਆਪਾਂ ਚ ਕੁਝ ਵੀ ਨਹੀਂ ਹੋ ਸਕਦਾ ਕੇ ਤੂੰ ਦਿਲ ਚੋ ਕਢ ਦੇ ਇਹ ਸਭ ਗੱਲਾਂ ਨੂੰ ਤੂੰ ਮੈਨੂੰ ਕਹਿਣਾ ਬੰਦ ਕੀਤਾ ਤਾਂ ਮੇਰੀਆ ਸਹੇਲੀਆਂ ਚ ਏਦਾ ਕਹਿਣਾ ਸ਼ੁਰੂ ਕਰ ਦਿੱਤਾ। ਪਹਿਲਾ ਹੀ ਸਾਰੇ ਸ਼ੱਕ ਕਰਦੇ ਸੀ ਕੱਲ ਤੂੰ ਪ੍ਰਭ ਨੂੰ ਪਤਾ ਨਹੀਂ ਕੀ ਕਿਹਾ ਓਹ ਮੈਨੂੰ ਕੱਲ਼ ਦੀ ਤੇਰਾ ਨਾਮ ਲੈਕੇ ਬੁਲਾ ਰਹੀ ਆ।ਹੁਣ ਓਹਨੇ ਸਾਰਿਆਂ ਨੂੰ ਦੱਸਣਾ ਮੈਨੂੰ ਤੂੰ ਕਿਤੇ ਜੋਗੀ ਨੀ ਛੱਡਣਾ।ਤੈਨੂੰ ਕੋਈ ਗੱਲ ਕਰਨੀ ਸੀ ਮੈਨੂੰ ਕਹਿੰਦਾ ਮੇਰੀਆ ਸਹੇਲੀਆਂ ਚ ਕਿਉਂ ਏਦਾ ਕਰ ਰਿਹਾ।

ਲਗਾਤਾਰ ਬੋਲੀ ਜਾ ਰਹੀ ਸੀ।

ਗੁਰਪ੍ਰੀਤ:ਮੋਟੋ ਮੈਂ ਕੁਝ ਵੀ ਨਹੀਂ ਕਿਹਾ ਏਦਾ ਦਾ।

ਨਾਜ਼ੀਆ:ਬਕਵਾਸ ਨਾ ਕਰੋ ਮੇਰੇ ਨਾਲ,ਪ੍ਰਭ ਝੂਠ ਨਹੀਂ ਬੋਲਦੀ।ਮੁੰਡੇ ਹੁੰਦੇ ਹੀ ਸਾਰੇ ਇੱਕੋ ਜਿਹੇ ਆ,ਥੋੜੀ ਜਹੀ ਸਪੇਸ ਦੇਦੋ ਆਪਣੇਂ ਨਾਮ ਹੀ ਲਵਾਉਣ ਨੂੰ ਫਿਰਦੇ।

ਗੁਰਪ੍ਰੀਤ:ਯਾਰ ਗੱਲ ਤਾਂ ਦੱਸ ਪ੍ਰਭ ਨੇ ਤੈਨੂੰ ਦੱਸਿਆ ਕਿ ਆ।

ਨਾਜ਼ੀਆ:ਪਤਾ ਨੀ ਮੈਨੂੰ ਅੱਜ ਤੋਂ ਬਾਅਦ ਕੋਈ ਫੋਨ ਨਾ ਕਰੀ ਤੇ ਟਿਊਸ਼ਨ ਤੇ ਵੀ ਮੇਰੇ ਨੇੜੇ ਨਾ ਆਈਂ ਨਹੀਂ ਤਾਂ ਮੈਂ ਸਰ ਨੂੰ ਕਮਪਲੇਂਟ ਕਰ ਦੇਣੀ।

ਨਾਜ਼ੀਆ ਸੋਚ ਰਹੀ ਸੀ ਕੇ ਇਹਨੂੰ ਮੈਂ ਏਦਾ ਬੋਲ ਕੇ ਹਰਟ ਕਰਦੀ ਹਾਂ ਤਾਂ ਆਪੇ ਪਿੱਛੇ ਹਟ ਜਾਊਗਾ।

ਗੁਰਪ੍ਰੀਤ ਰੋਂ ਰਿਹਾ ਸੀ ਬਹੁਤ ਪਛਤਾ ਰਿਹਾ ਸੀ ਕੇ ਪ੍ਰਭ ਨਾਲ ਗੱਲ ਹੀ ਨੀ ਕਰਨੀ ਚਾਹੀਦੀ ਸੀ।

ਨਾਜ਼ੀਆ ਖੁਦ ਵੀ ਰੋ ਰਹੀ ਸੀ ਓਹਨੂੰ ਇਹ ਸਭ ਬੋਲਕੇ ਬਿਲਕੁਲ ਵੀ ਚੰਗਾ ਨਹੀਂ ਲੱਗ ਰਿਹਾ ਸੀ।

ਗੁਰਪ੍ਰੀਤ ਗੁੱਸਾ ਕਰ ਰਿਹਾ ਸੀ ਕੇ ਮੈਨੂੰ ਦੂਜੇ ਮੁੰਡਿਆ ਨਾਲ ਰਲਾ ਦਿੱਤਾ ਮੈਂ ਹਮੇਸ਼ਾ ਇੱਜਤ ਹੀ ਦਿੱਤੀ।

ਓਹਨੇ ਪ੍ਰਭ ਤੇ ਗੁੱਸਾ ਕੱਢਣਾ ਚਾਹਿਆ,ਪਰ ਫੇਰ ਸੋਚਿਆ ਓਹਦਾ ਤਾਂ ਕੋਈ ਕਸੂਰ ਹੀ ਨਹੀਂ ਆ ਗਲਤੀ ਤਾਂ ਮੇਰੀ ਆ।

ਓਹਨੇ ਨਾਜ਼ੀਆ ਨੂੰ ਬੁਲਾਣਾ ਛੱਡ ਦਿੱਤਾ ਅਤੇ ਬਹੁਤ ਪਰੇਸ਼ਾਨ ਰਹਿਣ ਲੱਗਾ।ਬਸ ਆਪਣੀ ਡਿਊਟੀ ਸਮਝ ਕੇ ਹਰ ਰੋਜ਼ ਗੁੱਡ ਮੋਰਨਿੰਗ ਮੋਟੋ,ਗੁੱਡ ਨਾਈਟ ਮੋਟੋ ਦੇ ਮੈਸਜ ਕਰ ਦਿੰਦਾ ਸੀ ਕਿਉਂਕਿ ਨਾਜ਼ੀਆ ਨੇ ਸ਼ੁਰੂ ਚ ਹੀ ਕਿਹਾ ਹੋਇਆ ਸੀ ਲੜ ਕੇ ਵੀ ਗੁੱਡ ਮੋਰਨਿੰਗ ਨਹੀਂ ਬੰਦ ਨਹੀਂ ਹੋਣੀ ਚਾਹੀਦੀ।ਪਰ ਨਾਜ਼ੀਆ ਮੈਸੇਜ ਦਾ ਖੁਦ ਕੋਈ ਜਵਾਬ ਦਿੰਦੀ ਸੀ।

ਪ੍ਰਭ ਨੇ ਨਾਜ਼ੀਆ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਸੀ ਕੇ ਬੁਲਾਲਾ ਵਿਚਾਰੇ ਨੂੰ ਓਹਦਾ ਕਿ ਕਸੂਰ ਆ, ਪਰ ਨਾਜ਼ੀਆ ਸੋਚ ਰਹੀ ਸੀ ਕੇ ਹੁਣ ਇਕ ਵਾਰ ਪਿੱਛੇ ਹਟਿਆ ਤਾਂ ਹਟਿਆ ਰਹੇਗਾ।ਓਹ ਖੁਦ ਵੀ ਹਰਟ ਹੋ ਰਹੀ ਸੀ।

ਕਾਲਜ ਤੋਂ ਦੀਵਾਲੀ ਦੀਆਂ 3 ਛੁੱਟੀਆਂ ਸੀ ਅਤੇ ਟਿਊਸ਼ਨ ਤੋਂ ਵੀ ਸਾਰਿਆਂ ਨੇ ਰਿਕਵੈਸਟ ਕਰਕੇ ਛੁਟੀਆਂ ਲਈਆਂ ਸਨ।ਗੁਰਪ੍ਰੀਤ ਨੂੰ ਕੋਈ ਚਾਅ ਨਹੀਂ ਸੀ ਓਹਨੇ ਤਾਂ ਸੋਚਿਆ ਸੀ ਕੇ ਦੀਵਾਲੀ ਤੇ ਪ੍ਰਪੋਜ਼ ਕਰਨਾ।ਓਹ ਵੀ ਪਾਣੀ ਚ ਪੈ ਗਿਆ ਸੀ।

ਨਾਜ਼ੀਆ ਖੁਸ਼ ਸੀ ਕੇ ਘਰ ਜਾਣਾ 3 ਦਿਨ ਲਈ।ਓਹ ਦੀਵਾਲੀ ਤਾਂ ਨਹੀਂ ਮਨਾਉਂਦੇ ਪਰ ਛੁਟੀਆਂ ਦਾ ਹੀ ਬਹੁਤ ਚਾਅ ਸੀ।ਦੀਵਾਲੀ ਵਾਲੇ ਦਿਨ ਸਾਰੇ ਇਕ ਦੂਜੇ ਨੂੰ ਹੈਪੀ ਦੀਵਾਲੀ ਦੇ ਮੈਸੇਜ ਕਰ ਰਹੇ ਸੀ।ਨਾਜ਼ੀਆ ਸੋਚ ਰਹੀ ਸੀ ਕੇ ਗੁਰਪ੍ਰੀਤ ਮੈਸੇਜ ਕਰੂਗਾ।ਪਰ ਦੀਵਾਲੀ ਵਾਲੇ ਦਿਨ ਗੁਰਪ੍ਰੀਤ ਨੇ ਗੁੱਡ ਮੋਰਨਿੰਗ ਵੀ ਨਹੀਂ ਭੇਜੀ ਤੇ ਲਾਸ੍ਟ ਸੀਨ ਵੀ ਇਕ ਦਿਨ ਪੁਰਾਣਾ ਸ਼ੋ ਹੋ ਰਿਹਾ ਸੀ।ਨਾਜ਼ੀਆ ਨੂੰ ਫ਼ਿਕਰ ਹੋ ਰਹੀ ਸੀ।ਓਹਨੇ ਥੋੜੀ ਦੇਰ ਉਡੀਕਿਆ ਤੇ ਆਪ ਹੀ ਹੈਪੀ ਦੀਵਾਲੀ ਦਾ ਮੈਸੇਜ ਭੇਜ ਦਿੱਤਾ।ਪਰ ਸ਼ਾਮ ਤਕ ਡਬਲ ਟਿੱਕ ਨਾ ਹੋਇਆ।

ਓਹਨੇ ਸ਼ਾਮ ਨੂੰ ਡਰ ਕੇ ਕਾਲ ਹੀ ਕਰ ਲਈ।ਗੁਰਪ੍ਰੀਤ ਨੇ ਫੋਨ ਨਹੀਂ ਚੁੱਕਿਆ,ਓਹਨੇ ਦੂਜੀ ਵਾਰ ਕਾਲ ਕੀਤੀ ਤਾਂ ਫੋਨ ਚੱਕਿਆ ਗਿਆ।

ਨਾਜ਼ੀਆ: ਹੈਲੋ ਹੈਪੀ ਦੀਵਾਲੀ।

ਗੁਰਪ੍ਰੀਤ: ਸੇਮ ਟੂ ਯੂ

ਨਾਜ਼ੀਆ:ਕਿਵੇਂ ਓ?

ਗੁਰਪ੍ਰੀਤ:ਵਧੀਆ ਆ ਮੈਨੂੰ ਕੀ ਹੁਣਾ?

ਨਾਜ਼ੀਆ: ਰੱਬ ਕਰਕੇ ਵਧੀਆ ਹੀ ਰਹੋ।

ਗੁਰਪ੍ਰੀਤ:ਫੋਨ ਕਿਉਂ ਕੀਤਾ ਸੀ?

ਨਾਜ਼ੀਆ:ਤੁਸੀ ਅੱਜ ਮੈਨੂੰ ਮੋਰਨਿੰਗ ਕਿਉਂ ਨੀ ਭੇਜੀ ਤੇ ਨਾ ਦੀਵਾਲੀ ਵਿਸ਼ ਕੀਤੀ।

ਗੁਰਪ੍ਰੀਤ:ਮੈਂ ਕੀ ਲਗਦਾ ਤੁਹਾਡਾ?

ਨਾਜ਼ੀਆ ਨੇ ਵੇਖਿਆ ਕੇ ਗੁਰਪ੍ਰੀਤ ਕਾਫੀ ਪਰੇਸ਼ਾਨ ਤੇ ਗੁੱਸੇ ਚ ਆ।

ਨਾਜ਼ੀਆ:ਆਪਾਂ ਬੈਸਟ ਫ੍ਰੈਂਡ ਆਂ।

ਗੁਰਪ੍ਰੀਤ: ਰਹਿ ਗਿਆ ਕੁਝ ਹੁਣ?

ਨਾਜ਼ੀਆ: ਯਾਰ ਤੁਹਾਡੀ ਗਲਤੀ ਸੀ ਤੁਸੀ ਕਈ ਪ੍ਰਭ ਨੂੰ ਕਿਹਾ ਸਾਰਾ ਕੁਝ।

ਗੁਰਪ੍ਰੀਤ:ਹਾਂਜੀ ਗਲਤੀ ਕੀਤੀ ਸੀ ਤੇ ਸਜ਼ਾ ਭੁਗਤ ਰਿਹਾ ਹੁਣ।

ਨਾਜ਼ੀਆ:ਅੱਛਾ ਏਨਾ ਗੁੱਸਾ ਮੈਂ ਸੋਰੀ ਬੋਲਦੀ ਆ ਓਹ ਵੀ ਕੰਨ ਪਕੜ ਕੇ।

ਗੁਰਪ੍ਰੀਤ:ਯਾਰ ਰਹਿਣ ਦੇ ਜਦ ਤੇਰਾ ਦਿਲ ਕਰਨਾ ਫੇਰ ਤੂੰ ਲੜ ਪੈਣਾ।ਮੈਂ ਨੂੰ ਬੁਲਾਣਾ ਹੁਣ ਅਲੱਗ ਹੀ ਸਹੀ ਆਂ।

ਗੁਰਪ੍ਰੀਤ ਆਪਣੇ ਵਲੋਂ ਫੈਸਲਾ ਕਰ ਚੁੱਕਾ ਸੀ ਪਰ ਨਾਜ਼ੀਆ ਬੁਲਾਉਣਾ ਚਾਹੁੰਦੀ ਸੀ।

ਨਾਜ਼ੀਆ:ਅੱਛਾ ਜਾਓ ਫੇਰ ਮੁੜਕੇ ਫੋਨ ਨਾ ਕਰਿਓ।

ਗੁਰਪ੍ਰੀਤ:ਮੈਂ ਤਾਂ ਅੱਜ ਵੀ ਨਹੀਂ ਕੀਤਾ।

ਨਾਜ਼ੀਆ: ਹਾਂ ਮੈਂ ਕਹਿ ਰਹੀ ਆਂ ਹੁਣ ਮੈਨੂੰ ਮਨਾਉਣ ਨਾ ਆਈਓ।ਕਹਿ ਕੇ ਫੋਨ ਕੱਟ ਦਿੱਤਾ।

ਗੁਰਪ੍ਰੀਤ ਨੇ ਸੋਚਿਆ ਇਹ ਸਭ ਕੀ ਆ,ਫੋਨ ਵੀ ਆਪੇ ਕੀਤਾ ਆਪੇ ਕੱਟ ਗਈ ਤੇ ਆਪੇ ਕਹਿ ਰਹੀ ਬੁਲਾਉਣ ਨਾ ਆਈਓ।ਓਹਨੇ ਦਵਾਰਾ ਕਾਲ ਲਗਾ ਲਈ।

ਥੋੜਾ ਗੁੱਸਾ ਘਟਾ ਕੇ:

ਗੁਰਪ੍ਰੀਤ: ਅੱਛਾ ਗੱਲ ਦਸੋ ਕੀ ਆ

ਨਾਜ਼ੀਆ:ਕੁਝ ਨੀ ਆ ਮੈਂ ਕਿਹਾ ਸੀ ਮਨਾਉਣ ਨਾ ਆਇਓ ਹੁਣ ਕਿਉਂ ਆਏ ਓ?

ਗੁਰਪ੍ਰੀਤ: ਪਤਾ ਨੀ।

ਨਾਜ਼ੀਆ:ਠੀਕ ਆ ਫੇਰ ਕਹੋ ਸੋਰੀ।

ਗੁਰਪ੍ਰੀਤ:ਕਿਸ ਗਲ ਦੀ ਸੋਰੀ?

ਨਾਜ਼ੀਆ:ਅੱਜ ਜਿਹੜੀ ਆਕੜ ਦਿਖਾ ਕੇ ਮੋਰਨਿੰਗ ਨੀ ਵਿਸ਼ ਕੀਤੀ ਤੇ ਦੀਵਾਲੀ ਨੀ ਵਿਸ਼ ਕੀਤੀ।

ਗੁਰਪ੍ਰੀਤ ਨੇ ਸੋਚਿਆ ਇਹ ਕਿਆ ਆ ਨਾ ਦੂਰ ਜਾਣ ਦਿੰਦੀ ਨਾ ਕੋਲ ਆਉਣ ਦਿੰਦੀ,ਤੇ ਡਰ ਵੀ ਗਿਆ।

ਗੁਰਪ੍ਰੀਤ:ਅੱਛਾ ਸੋਰੀ।

ਨਾਜ਼ੀਆ:ਹੁਣ ਅੱਗੇ ਤੋਂ ਨਾ ਹੋਵੇ ਗਲਤੀ।

ਗੁਰਪ੍ਰੀਤ:ਯਾਰ ਆਪਣੇ ਚ ਹੈਗਾ ਕੁਝ?

ਨਾਜ਼ੀਆ:ਆਪਣੇ ਚ ਸਿਰਫ BF/GF ਵਾਲਾ ਕੁਝ ਨਹੀਂ ਆ ਪਰ ਬਾਕੀ ਸਭ ਕੁਝ ਆ ਮੇਰਾ ਵੀ ਦਿਲ ਨਹੀਂ ਲਗਦਾ ਤੇਰੇ ਬਿਨਾ।ਤੂੰ ਜਦ ਮਰਜੀ ਕਾਲ ਕਰ ਸਕਦਾ ਮੈਨੂੰ ਤੇ ਮੋਟੋ ਵੀ ਕਹਿ ਸਕਦਾ।ਮੈਂ ਲੜੂਗੀ ਵੀ ਨਹੀਂ।ਤੂੰ ਮੈਨੂੰ ਕਿਸੀ ਵੀ ਟਾਇਮ ਮੈਸੇਜ ਕਰ ਸਕਦਾ।

ਗੁਰਪ੍ਰੀਤ ਥੋੜਾ ਪਿਘਲ ਗਿਆ।

ਗੁਰਪ੍ਰੀਤ:ਮਤਲਬ ਤੂੰ ਹਾਂ ਨੀ ਕਰਨੀ?

ਨਾਜ਼ੀਆ:NO NEVER

ਗੁਰਪ੍ਰੀਤ:ਇਹਦਾ ਮਤਲਬ ਕਿਆ ਆ ਫੇਰ?

ਨਾਜ਼ੀਆ: ਪਤਾ ਨਹੀਂ ਬਸ ਜੌ ਕਹਿਣਾ ਸੀ ਕਹਿ ਦਿੱਤਾ।

ਫੇਰ ਨਾਜ਼ੀਆ ਨੇ ਫੋਨ ਕੱਟ ਦਿੱਤਾ।

ਹੁਣ ਗੁਰਪ੍ਰੀਤ ਪਿਆ ਪਿਆ ਸੋਚ ਰਿਹਾ ਸੀ ਕੇ ਇਹ ਸਭ ਚੱਲ ਕਿ ਰਿਹਾ ਤੇ ਸੋਚਦਾ ਸੋਚਦਾ ਸੋ ਗਿਆ।

ਅਜੀਬ ਸੀ ਦੋਨੋ ਜਦੋਂ ਨਾਜ਼ੀਆ ਦੂਰ ਜਾਣਾ ਸੋਚਦੀ ਸੀ ਗੁਰਪ੍ਰੀਤ ਨੀ ਜਾਣ ਦਿੰਦਾ ਸੀ ਜਦੋਂ ਗੁਰਪ੍ਰੀਤ ਜਾਣਾ ਚਾਹੁੰਦਾ ਸੀ ਨਾਜ਼ੀਆ ਨਹੀਂ ਜਾਣ ਦਿੰਦੀ ਸੀ।

ਰਿਸ਼ਤੇ ਦਾ ਨਾਮ ਵੀ ਕੋਈ ਨਹੀਂ ਸੀ।

✿✿✿✿✿✿

## ਭਾਗ -18

ਗੁਰਪ੍ਰੀਤ ਨੂੰ ਪ੍ਰਭ ਦੀ ਮਦਦ ਤੋਂ ਬਿਨਾ ਹੀ ਪਤਾ ਚਲ ਗਿਆ ਸੀ ਕੇ ਨਾਜ਼ੀਆ ਵੀ ਮੈਨੂੰ ਚਾਹੁੰਦੀ ਆ।ਪਰ ਫੇਰ ਵੀ

ਨਾਜ਼ੀਆ ਦੀ ਹਾਂ ਤਾਂ ਜਰੂਰੀ ਸੀ।ਕਿਉਂਕਿ ਗੁਰਪ੍ਰੀਤ ਦੇ ਦਿਲ ਚ ਹਮੇਸ਼ਾ ਹੀ ਡਰ ਰਹਿੰਦਾ ਸੀ ਕੇ ਨਾਜ਼ੀਆ ਨੇ ਪਤਾ ਨੀ ਕਦੋਂ ਬੰਬ ਫੋੜ ਦੇਣਾ।ਜਦੋਂ ਦੀ ਨਾਜ਼ੀਆ ਨੇ ਪ੍ਰਮੀਸ਼ਨ ਦਿੱਤੀ ਸੀ ਕੇ ਤੂੰ ਮੈਨੂੰ ਮੋਟੋ ਕਹਿ ਸਕਦਾਂ ਓਹ ਹੁਣ ਅਕਸਰ ਮੋਟੋ ਕਹਿ ਕੇ ਹੀ ਬੁਲਾਉਂਦਾ ਸੀ।

ਨਾਜ਼ੀਆ ਕੋਈ ਵੀ ਕੰਮ ਕੇਹੰਦੀ ਸੀ ਕੁਝ ਵੀ ਕੇਹੰਦੀ ਸੀ ਤਾਂ ਗੁਰਪ੍ਰੀਤ ਦੀ ਇੱਕੋ ਗੱਲ ਹੁੰਦੀ ਸੀ, ਹਾਂ ਕਰਦੇ ,ਹਾਂ ਕਰਦੇ।ਹਰ ਗੱਲ ਚ ਹਾਂ ਕਰਦੇ  ਕਹਿੰਦਾ ਰਹਿੰਦਾ ਸੀ।ਓਹ ਓਹਨੂੰ ਮਜਾਕ ਚ ਛੇੜਦੀ ਰਹਿੰਦੀ ਸੀ ਕੇ ਤੈਨੂੰ ਸ਼ਰਮ ਨੀ ਆਉਂਦੀ ਏਨੀ ਦੇਰ ਦਾ ਇਕੋ ਕੁੜੀ ਪਿੱਛੇ ਪਿਆ ਹੋਇਆ ਆ ਕਿ ਗੱਲ ਤੈਨੂੰ ਕੋਈ ਹੋਰ ਕੁੜੀ ਨੀ ਲੱਭਦੀ ਓਹ ਇਕੋ ਗੱਲ ਕਹਿੰਦਾ ਹਾਂਜੀ ਨਹੀਂ ਲਭਦੀ ਹੋਰ ਕੋਈ ਵੇਖਦੀ ਵੀ ਨੀ ਮੇਰੇ ਵੱਲ,ਮੇਰੇ ਲਈ ਬਸ ਇੱਕ ਤੂੰ ਹੀ ਬਣੀ ਆ ਓਹ ਅੱਗਿਓਂ ਕੇਹੰਦੀ ਤੂੰ ਬੜਾ ਬੇਸ਼ਰਮ ਆ,ਗੁਰਪ੍ਰੀਤ ਦਾ ਨਾਮ ਹੀ ਬੇਸ਼ਰਮ ਰੱਖ ਦਿੱਤਾ ਸੀ।ਇਹ ਨਾਮ ਸੁਣਕੇ ਗੁਰਪ੍ਰੀਤ ਬੜਾ ਖੁਸ਼ ਹੁੰਦਾ ਸੀ।ਓਹ ਨਾਜ਼ੀਆ ਨੂੰ ਕਹਿੰਦਾ ਸੀ ਤੇਰੇ ਵਿਚ ਆਕੜ ਬਹੁਤ ਆ ਤੂੰ ਆਕੜੂ ਆ।ਓਹ ਅੱਗਿਓਂ ਕੇਹੰਦੀ ਹਾਂ ਹੈਗੀ ਆ ਆਕੜ,ਜਾ ਕੇ ਲੱਭ ਲਾ ਬਿਨਾ ਆਕੜ ਵਾਲੀ,ਅੱਗਿਓਂ ਹੱਸ ਕੇ ਕਹਿੰਦਾ ਨਾ ਬਈ ਹੁਣ ਹਿੰਮਤ ਨੀ ਕਿਸੀ ਹੋਰ ਪਿੱਛੇ ਟਾਇਮ ਖਰਾਬ ਕਰਾਂ ਤੇ ਮਿੰਨਤਾ ਕਰਾਂ ਏਨੇ ਚ ਹੀ ਨਾਜ਼ੀਆ ਖਿਝ ਕੇ  ਕੇਹੰਦੀ ਮੈਂ ਤਾਂ ਨਹੀਂ ਕਿਹਾ ਕੇ ਮੇਰੀਆ ਮਿੰਨਤਾ ਕਰੋ ਜਾਂ ਪਿੱਛੇ ਘੁੰਮੋ,ਓਹ ਖਿਝੀ ਹੋਈ ਨੂੰ ਹੋਰ ਖਿਜਾਉਣ ਲੱਗ ਜਾਂਦਾ।

ਪ੍ਰਭ ਹੁਣ ਅਕਸਰ ਗੁਰਪ੍ਰੀਤ ਨੂੰ ਕੇਹੰਦੀ ਰਹਿੰਦੀ ਸੀ,ਚਲਦੇ ਚਲੋ ਮੰਜ਼ਿਲ ਨੇੜੇ ਹੀ ਆ ਓਹ ਹਮੇਸ਼ਾ ਉਸਨੂੰ ਮੋਟੀਵੇਟ ਕਰਦੀ ਸੀ।ਦੂਜੇ ਪਾਸੇ ਨਾਜ਼ੀਆ ਨੂੰ ਵੀ ਅਕਸਰ ਕੇਹੰਦੀ ਰਹਿੰਦੀ ਸੀ ਕੇ ਹੁਣ ਬਾਹਲੀ ਚੋੜ ਨਾ ਕਰ, ਹਾਂ ਬੋਲਦੇ ਮੁੰਡਾ ਚੰਗਾ ਆ ਐਵੇਂ ਕੋਈ ਹੋਰ ਨਾ ਬਾਜ਼ੀ ਮਾਰ

ਜਾਵੇ।ਅੱਗਿਓਂ ਨਾਜ਼ੀਆ ਹੱਸ ਕੇ ਕਹਿ ਦਿੰਦੀ ਬਾਹਲਾ ਨੀ ਬੋਲੀ ਦਾ।

ਟਿਊਸ਼ਨ ਤੇ ਬੈਠੇ ਸਾਰੇ ਗੱਲਾਂ ਕਰ ਰਹੇ ਸੀ ਕੇ ਹੁਣ 12ਵੀ ਤੋਂ ਬਾਅਦ ਅੱਗੇ ਕੀ ਕਰਨਾ।ਗੁਰਪ੍ਰੀਤ ਕਹਿੰਦਾ ਮੈਂ bsc ਕਰਨੀ ਪ੍ਰਭ ਕੇਹੰਦੀ ਮੈਂ ਆਈਲੈਟਸ ਕਰਨੀ।ਨਾਜ਼ੀਆ ਕੇਹੰਦੀ ਮੈਂ ਹਜੇ jee ਦੀ ਤਿਆਰੀ ਕਰ ਰਹੀ ਹਾਂ,ਅੱਗੇ ਕਿਸੀ ਵਧੀਆ ਕਾਲਜ ਚ ਏਡਮਿਸ਼ਨ ਲੈਕੇ ਕੰਪਿਊਟਰ ਇੰਜੀਨੀਅਰਿੰਗ btech ਕਰਨੀ ਤਾਂ ਪ੍ਰਭ ਹੁਣੀ ਪੁੱਛਿਆ ਕਿਹੜੇ ਕਾਲਜ ਲੱਗਣਾ ਨਾਜ਼ੀਆ ਕੇਹੰਦੀ ਸੋਚਿਆ ਤਾਂ IIT ਦਿੱਲੀ ਦਾ ਆ ਬਾਕੀ ਰੈਂਕ ਦੇ ਹਿਸਾਬ ਨਾਲ ਹੀ ਪਤਾ ਲੱਗੇਗਾ।ਪਰ ਘਰਦੇ ਕਹਿੰਦੇ ਬਸ 12 ਕਰਕੇ ਕਿਸੀ ਨੇੜੇ ਦੇ ਹੀ ਕਾਲਜ ਜਾਂ ਯੂਨੀਵਰਸਿਟੀ ਲੱਗਣਾ ਅਸੀਂ ਦੂਰ ਨਹੀਂ ਭੇਜਣਾ।ਬਾਕੀ ਵੇਖੋ ਜੌ ਅੱਲਾਹ ਨੂੰ ਮਨਜੂਰ,ਗੁਰਪ੍ਰੀਤ ਓਸੇ ਟਾਇਮ ਬੋਲਿਆ ਮੈਂ ਵੀ BTECH ਦਾ ਹੀ ਸੋਚ ਰਿਹਾ BSC ਪੱਕਾ ਨਹੀਂ ਆ,ਪ੍ਰਭ ਨੇ ਨਾਜ਼ੀਆ ਵੱਲ ਵੇਖ ਕੇ ਸਮਾਈਲ ਦਿੱਤੀ।

ਹੁਣ ਕਾਲਜ ਟਿਉਸ਼ਨ ਪੂਰੀ ਤਰ੍ਹਾਂ ਡਟ ਕੇ ਪੜ ਰਹੇ ਸੀ ਨਾਜ਼ੀਆ ਨੇ ਵੀ ਸੋਚਿਆ ਸੀ ਕੇ ਫਾਈਨਲ ਪੇਪਰਾਂ ਤੱਕ ਗੁਰਪ੍ਰੀਤ ਨਾਲ ਲੜਣਾ ਨਹੀਂ ਆ।ਬਿਨਾ ਲੜਾਈ ਤੋਂ ਥੋੜੇ ਦਿਨ ਹੀ ਗੁਜ਼ਰੇ ਸੀ ਗੁਰਪ੍ਰੀਤ ਸਮਝ ਰਿਹਾ ਸੀ।ਲਗਦਾ ਕੁੜੀ ਸਿਆਣੀ ਹੋਗੀ।ਪਰ ਕਿੱਥੇ ਟਲਣ ਵਾਲੇ ਸੀ ਛੋਟੀ ਛੋਟੀ ਗੱਲ ਤੇ ਨੋਕ ਝੋਕ ਤਾਂ ਹੁੰਦੀ ਹੀ ਰਹਿੰਦੀ ਸੀ।

ਸ਼ੁਕਰਵਾਰ ਸ਼ਾਮ ਨੂੰ ਟਿਓਸ਼ਨ ਖਤਮ ਕਰਕੇ ਨਾਜ਼ੀਆ ਆਪਣੇ ਪਿੰਡ ਚਲੇ ਗਈ।ਓਹ ਘਰ ਜਾ ਕੇ ਗੁਰਪ੍ਰੀਤ ਨਾਲ ਸਿਰਫ ਚੈਟ ਤੇ ਹੀ ਗੱਲ ਕਰਦੀ ਸੀ।ਘਰ ਜਾ ਕੇ ਨਾਜ਼ੀਆ ਬੀਜੀ ਹੋਗੀ।ਰਾਤ ਨੂੰ ਗੁਰਪ੍ਰੀਤ ਦੇ ਕਾਫੀ ਮੈਸੇਜ ਆਏ ਹੋਏ ਸੀ।ਘਰ ਮਹਿਮਾਨ ਆਏ ਹੋਏ ਸੀ ਤਾਂ ਨਾਜ਼ੀਆ ਨੂੰ ਟਾਇਮ ਨਹੀਂ ਮਿਲਿਆ।ਰਾਤ ਨੂੰ ਫ੍ਰੀ ਹੋਕੇ ਗੁਰਪ੍ਰੀਤ ਨੂੰ ਮੈਸੇਜ ਕੀਤਾ ਤਾਂ ਗੁਰਪ੍ਰੀਤ ਔਫ਼ਲਾਇਨ ਸੀ,ਥੋੜੀ ਦੇਰ ਵੇਟ ਕੀਤੀ ਪਰ ਗੁਰਪ੍ਰੀਤ ਨਹੀਂ ਆਨ ਹੋਇਆਂ ਤਾਂ ਗੁੱਡ ਨਾਈਟ ਬੋਲ ਕੇ ਸੌਂ ਗਈ।ਸੁਬਾਹ ਉੱਠ ਕੇ ਵੇਖਿਆ ਗੁਰਪ੍ਰੀਤ ਫੇਰ ਵੀ ਆਨਲਾਈਨ ਨਹੀਂ ਹੋਇਆ ਸੀ।ਓਹਨੇ ਸੋਚਿਆ ਕੇ ਛੁੱਟੀ ਆ ਸੁੱਤਾ ਹੋਏਗਾ।ਪਰ ਦੁਪਿਹਰ ਤਕ ਗੁਰਪ੍ਰੀਤ ਨਹੀਂ ਆਨ ਹੋਇਆ। ਫ਼ੇਰ ਓਹਨੇ ਕਾਲ ਕਰਕੇ ਵੇਖੀ ਤਾਂ ਵੀ ਕੋਈ ਜਵਾਬ ਨਾ ਆਇਆ।

ਸ਼ਾਮ ਤੱਕ ਵੇਟ ਕਰਦੀ ਰਹੀ ਗੁਰਪ੍ਰੀਤ ਨਾ ਹੀ ਵਟਸਐਪ ਤੇ ਆਨ ਹੋਇਆ ਨਾ ਹੀ ਫੋਨ ਚੱਕਿਆ।ਰਾਤ ਨੂੰ ਦਵਾਰਾ ਫੋਨ ਕੀਤਾ ਤਾਂ ਫੋਨ ਸਵਿੱਚ ਆਫ ਆ ਰਿਹਾ ਸੀ।ਜਿਸ ਨਾਲ ਨਾਜ਼ੀਆ ਨੂੰ ਹੋਰ ਵੀ ਫ਼ਿਕਰ ਹੋ ਗਈ।ਓਹਦੇ ਕੋਲ ਓਹਦੀ ਫੈਮਿਲੀ ਦਾ ਵੀ ਨੰਬਰ ਨਹੀਂ ਸੀ,ਜਿਸ ਨਾਲ ਓਹ ਰਾਬਤਾ ਕਰ ਸਕਦੀ।ਫ਼ਿਕਰ ਨਾਲ ਉਸਦਾ ਰੋਣ ਵਾਲਾ ਹਾਲ ਹੋਇਆ ਸੀ।ਓਹਨੇ ਪ੍ਰਭ ਨੂੰ ਫੋਨ ਕੀਤਾ ਤਾਂ ਪ੍ਰਭ ਨੂੰ ਦੱਸਿਆ ਪ੍ਰਭ ਨੇ ਉਸਨੂੰ ਹੌਸਲਾ ਦਿੱਤਾ ਕੇ ਓਹ ਬੀਜੀ ਹੁਣਾ ਜਾਂ ਕਿਤੇ ਬਾਹਰ ਗਈ ਹੁਣਾ,ਫੋਨ ਘਰ ਭੁੱਲ ਗਿਆ ਹੁਣਾ ਫ਼ਿਕਰ ਨਾ ਕਰ ਕਲ ਤਕ ਆਨ ਹੋ ਜਾਏਗਾ।ਫ਼ਿਕਰ ਕਰਦੀ ਕਰਦੀ ਹੀ ਸੌਂ ਗਈ।ਸੁਬਾਹ ਉੱਠ ਕੇ ਵੇਖਿਆ ਤਾਂ ਗੁਰਪ੍ਰੀਤ ਦੇ ਮੈਸੇਜ ਆਏ ਹੋਏ ਸੀ।ਜਲਦੀ ਜਲਦੀ ਉੱਠ ਕੇ ਮੈਸੇਜ ਵੇਖੇ ਗੁਰਪ੍ਰੀਤ ਨੇ ਲਿਖਿਆ ਹੋਇਆ ਸੀ "ਸੋਰੀ ਨਾਜ਼ੀਆ ਮੇਰੇ ਕੋਲੋ ਤੇਰੇ ਨਾਲ ਰਾਬਤਾ ਨਹੀਂ ਕਰ ਹੋਇਆ ਮੈਂ ਬਹੁਤ ਜਿਆਦਾ ਪਰੇਸ਼ਾਨ ਸੀ ਤੇ ਮੈਂ ਘਰ ਵੀ ਨਹੀਂ ਸੀ"।

ਨਾਜ਼ੀਆ ਨੇ ਕਾਲ ਕਰਲੀ:-

ਨਾਜ਼ੀਆ: ਕੀ ਹੋਇਆ ਸਿਹਤ ਤਾਂ ਠੀਕ ਆ??ਘਰ ਸਭ ਠੀਕ ਆ??

ਗੁਰਪ੍ਰੀਤ ਦੀ ਆਵਾਜ਼ ਹੌਲੀ ਆ ਰਹੀ ਸੀ।

ਗੁਰਪ੍ਰੀਤ:ਕੁਝ ਠੀਕ ਨੀ ਯਾਰ ਬਹੁਤ ਗਲਤ ਹੋ ਗਿਆ।ਸਾਡਾ ਸਾਰਾ ਕੁਝ ਲੁੱਟ ਗਿਆ।

ਨਾਜ਼ੀਆ: ਕੀ ਹੋਇਆ?

ਗੁਰਪ੍ਰੀਤ:ਸਾਡੀ ਫੈਕਟਰੀ ਨੂੰ ਅੱਗ ਲੱਗ ਗਈ।ਸਾਰੀ ਫੈਕਟਰੀ ਜਲ ਗਈ।ਕੁਝ ਵੀ ਨਹੀਂ ਬਚਿਆ।

ਉੱਚੀ ਉੱਚੀ ਰੋ ਰਿਹਾ ਸੀ।

ਨਾਜ਼ੀਆ:ਓਹ ਮਾਈ ਗੋਡ!ਇਹ ਸਭ ਕਿਵੇਂ ਹੋਇਆ??

ਗੁਰਪ੍ਰੀਤ:ਪਰਸੋਂ ਰਾਤ ਨੂੰ ਸਾਨੂੰ ਸਾਡੇ ਗਾਰਡ ਨੇ ਫੋਨ ਕਰਕੇ ਦਸਿਆ ਕੇ ਫੈਕਟਰੀ ਨੂੰ ਅੱਗ

ਲੱਗ ਗਈ।ਅਸੀਂ ਉਸ ਵਕਤ ਜਾ ਕੇ ਵੇਖਿਆ ਤਾਂ ਸਾਡੇ ਪੁੱਜਣ ਤਕ ਸਾਰਾ ਕੁੱਝ ਸਵਾਹ ਹੋ ਚੁੱਕਾ ਸੀ।ਮੈਂ ਸਿਰਫ ਦੱਸਣ ਲਈ ਕਾਲ ਕੀਤੀ ਸੀ।ਮੈਂ ਤੇਰੇ ਨਾਲ ਫੇਰ ਗੱਲ ਕਰੂੰਗਾ।

ਨਾਜ਼ੀਆ:ਯਾਰ ਜੋਂ ਵੀ ਕਰਦਾ ਰੱਬ ਹੀ ਕਰਦਾ, ਤੁਸੀਂ ਫ਼ਿਕਰ ਨਾ ਕਰਿਓ ਤੇ ਆਪਣਾ ਖਿਆਲ ਰੱਖਿਓ।

ਬਾਏ ਬੋਲ ਕੇ ਫੋਨ ਕੱਟ ਦਿੱਤਾ।

ਗੁਰਪ੍ਰੀਤ ਹੁਣਾ ਦੀ ਜਨਰੇਟਰਾਂ ਦੀ ਫੈਕਟਰੀ ਸੀ ਓਹ ਇੰਪੋਰਟ ਐਕਸਪੋਰਟ ਦਾ ਕੰਮ ਕਰਦੇ ਸੀ।ਓਹਨਾ ਦਾ ਸਾਰਾ ਮਾਲ ਸਾਊਦੀ ਅਰਬ ਜਾਂਦਾ ਸੀ।ਓਹਨਾ ਨੂੰ ਦੋ ਵੱਡੇ ਆਰਡਰ ਮਿਲੇ ਹੋਏ ਸਨ,ਓਹਨਾ ਨੇ ਸਾਰਾ ਕੰਮ ਰੇਡੀ ਕੀਤਾ ਹੋਇਆ ਸੀ ਦੂਜੇ ਦਿਨ ਬਸ ਡਿਲੀਵਰੀ ਹੋਣੀ ਸੀ ਤੇ ਇਕ ਦਿਨ ਪਹਿਲਾਂ ਰਾਤ ਨੂੰ ਇਹ ਭਾਣਾ ਵਾਪਰ ਗਿਆ ਸੀ।

ਫੇਰ ਅਗਲੇ ਕਈ ਦਿਨ ਓਹ ਨਾ ਹੀ ਟਿਉਸ਼ਨ ਗਿਆ ਅਤੇ ਨਾ ਹੀ ਸਕੂਲ ਗਿਆ ਸੀ।ਫੋਨ ਤੇ ਕਦੇ ਕਦੇ ਨਾਜ਼ੀਆ ਨਾਲ ਗੱਲ ਕਰ ਲੈਂਦਾ ਸੀ।ਦਸੰਬਰ ਦੇ ਪੇਪਰਾਂ ਵਿਚੋਂ ਵੀ ਮਸੀਂ ਪਾਸ ਹੋਇਆ ਸੀ।

ਜਿਹੜੇ ਓਹਨਾ ਨੂੰ ਵੱਡੇ ਆਰਡਰ ਮਿਲੇ ਸੀ ਸਾਰੇ ਪੈਸੇ ਪੱਲਿਉਂ ਲਾਏ ਹੋਏ ਸੀ ਓਹ ਵੀ ਸਿਰ ਚੜ ਗਏ ਉਪਰੋਂ ਗਾਹਕਾਂ ਨੇ 25% ਦਿੱਤਾ ਸੀ ਓਹ ਵੀ ਤੰਗ ਕਰਨ ਲੱਗ ਗਏ ਸੀ।ਓਹਨਾ ਕੋਲ ਲੁਧਿਆਣੇ ਮਾਡਲ ਟਾਊਨ ਦੋ ਪਲਾਟ ਸੀ ਓਹ ਪਲਾਟ ਵੇਚ ਕੇ ਓਹਨਾ ਨੇ ਪੈਸੇ ਉਤਾਰੇ।ਜਿੰਨੀ ਕ ਸੇਵਿੰਗ ਕੀਤੀ ਸੀ ਓਹ ਵੀ ਸਾਰੀ ਚਲ ਗਈ ਸੀ।ਦਿਨ ਪਰ ਦਿਨ ਥੱਲੇ ਜਾ ਰਹੇ ਸੀ।ਕਰਜ਼ੇ ਵਾਲੇ ਲੋਕ ਵੀ ਤੰਗ ਕਰਨ ਲੱਗ ਗਏ ਸੀ।ਓਹਨਾ ਕੋਲ ਜਿੰਨਾ ਗੋਲਡ ਸੀ ਸਾਰਾ ਵੇਚ ਦਿੱਤਾ ਸੀ।ਥੋੜੇ ਦਿਨਾਂ ਚ ਹੀ ਬੁਰੇ ਹਾਲ ਹੋਗੇ ਸੀ।ਹੁਣ ਓਹਨਾ ਕੋਲ ਬਸ ਇਕ ਘਰ ਹੀ ਆਪਣਾ ਸੀ।

ਗੁਰਪ੍ਰੀਤ ਨੇ ਜਨਵਰੀ ਵਿਚ ਦੁਬਾਰਾ ਟਿਉਸ਼ਨ ਆਉਣਾ ਸ਼ੁਰੂ ਕਰ ਦਿੱਤਾ ਸੀ।ਓਹ ਹੁਣ ਬੜਾ ਹੀ ਪਰੇਸ਼ਾਨ ਜਿਹਾ ਰਹਿੰਦਾ ਸੀ।ਪਹਿਲਾ ਵਾਲੀਆ ਸ਼ਰਾਰਤਾਂ ਸਾਰਾ ਕੁਝ ਹੀ ਉਸਨੇ ਛੱਡ ਦਿੱਤਾ ਸੀ।ਨਾਜ਼ੀਆ ਵਲੋ ਪਹਿਲਾਂ ਹੀ ਉਸਨੂੰ ਏਨੀ ਉਮੀਦ ਨਹੀਂ ਸੀ ਇਹ ਸਭ ਹੋਣ ਤੋਂ

ਬਾਅਦ ਤਾਂ ਓਹ ਬਿਲਕੁਲ ਹੀ ਆਸ ਛੱਡ ਗਿਆ ਸੀ।ਓਹ ਹੁਣ ਨਾਜ਼ੀਆ ਨੂੰ ਪਹਿਲਾਂ ਵਾਂਗ ਹਾਂ ਕਰਦੇ ਹਾਂ ਕਰਦੇ ਵੀ ਨਹੀਂ ਕਰਦਾ ਸੀ।ਸਮੇਂ ਨੇ ਉਸਨੂੰ ਬਦਲ ਕੇ ਹੀ ਰੱਖ ਦਿੱਤਾ ਸੀ।

✿✿✿✿✿✿

## ਭਾਗ-19

ਜਦੋਂ ਬੰਦੇ ਨੂੰ ਕਿਸੇ ਪਾਸਿਓਂ ਕੋਈ ਉਮੀਦ ਨਾ ਦਿਖਦੀ ਹੋਵੇ ਤਾਂ ਓਹ ਆਪਣੇ ਦਿਮਾਗ ਦੀ ਨੇਗਟੀਵਿਟੀ ਚ ਹੀ ਡੁੱਬਦਾ ਰਹਿੰਦਾ ਓਹਨੂੰ ਆਪਾ ਕਿੰਨਾ ਵੀ ਹੌਸਲਾ ਕਿਉਂ ਨਾ ਦੇ ਦਈਏ ਬੰਦੇ ਉਪਰ ਕੋਈ ਅਸਰ ਨਹੀਂ ਹੁੰਦਾ।

ਗੁਰਪ੍ਰੀਤ ਬਹੁਤ ਹੀ ਟੁੱਟ ਗਿਆ ਸੀ,ਓਹਦੀ ਜ਼ਿੰਦਗੀ ਚ ਇਹ ਸਭ ਹੋਏਗਾ ਓਹਨੇ ਤਾਂ ਸੋਚਿਆ ਵੀ ਨਹੀਂ ਸੀ।ਸਿਹਤ ਪੱਖੋਂ ਵੀ ਦਿਨੋ ਦਿਨੀਂ ਝੜਦਾ ਜਾ ਰਿਹਾ ਸੀ।ਪੜਾਈ ਦਾ ਵੀ ਬਹੁਤ ਜ਼ੋਰ ਸੀ ਓਹਨੂੰ ਉਮੀਦ ਨਹੀਂ ਸੀ ਕੇ ਉਹ ਪਾਸ ਵੀ ਹੋਏਗਾ ਓਹਨੂੰ ਕਿਸੀ ਪਾਸਿਉ ਉਮੀਦ ਨਹੀਂ ਸੀ।ਓਹਨੇ ਜਿਉਣ ਦੀ ਵੀ ਆਸ ਸ਼ੱਡ ਦਿੱਤੀ ਸੀ।ਪਹਿਲਾਂ ਓਹ ਖੁੱਲ੍ਹੇ ਖਰਚੇ ਕਰਦੇ ਸੀ ਹੁਣ ਓਹਨਾ ਨੂੰ ਹੱਥ ਤੰਗ ਕਰਕੇ ਗੁਜ਼ਾਰਾ ਕਰਨਾ ਪੈ ਰਿਹਾ ਸੀ।ਓਹਦੇ ਚਾਚੇ ਤਾਇਆਂ ਨੇ ਵੀ ਸਾਥ ਛੱਡ ਦਿੱਤਾ ਸੀ।ਓਹਨੂੰ ਹੌਸਲੇ ਦੀ ਬਹੁਤ ਹੀ ਲੋੜ ਸੀ।

ਨਾਜ਼ੀਆ ਦੋਸਤ ਹੋਣ ਦੇ ਨਾਤੇ ਗੁਰਪ੍ਰੀਤ ਦਾ ਪੂਰਾ ਸਾਥ ਦੇ ਰਹੀ ਸੀ।ਓਹ ਹਮੇਸ਼ਾ ਉਸਨੂੰ ਹੌਸਲਾ ਦਿੰਦੀ ਰਹਿੰਦੀ ਸੀ।

ਓਹ ਕਿਸੀ ਅੱਗੇ ਵੀ ਆਪਣੇ ਦਿਲ ਦੀ ਗੱਲ ਨਹੀਂ ਕਰਦਾ ਸੀ ਅਤੇ ਚੇਹਰੇ ਤੇ ਹਮੇਸ਼ਾ ਮੁਸਕਾਨ ਰੱਖਦਾ ਸੀ।ਓਹਦੇ ਘਰ ਚ ਮੰਮੀ ਪਾਪਾ ਤੇ ਦਾਦਾ ਜੀ ਸਨ ਸੀ।ਓਹ ਤਿੰਨੋ ਇਕ ਦੂਜੇ ਨੂੰ ਹੌਸਲਾ ਦਿੰਦੇ ਰਹਿੰਦੇ ਸੀ ਕਦੇਂ ਇਕ ਦੂਜੇ ਦੇ ਸਾਹਮਣੇ ਰੋਂਦੇ ਵੀ ਨਹੀਂ ਸੀ।ਇਕ ਦੂਜੇ ਤੋਂ ਚੋਰੀ ਲੁਕ ਲੁਕ ਕੇ ਰੋਂਦੇ ਸੀ।ਗੁਰਪ੍ਰੀਤ ਕਿਸੀ ਨਾਲ ਆਪਣੇ ਦਿਲ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ ਓਹ ਫੁੱਟ ਕੇ ਰੋਣਾ ਚਾਹੁੰਦਾ ਸੀ, ਪਰ ਉਸਨੂੰ ਕੋਈ ਐਸਾ ਬੰਦਾ ਨਹੀਂ ਮਿਲਦਾ ਸੀ ਜਿਸ ਕੋਲ ਓਹ ਆਪਣੇ ਦਿਲ ਦੀ ਗੱਲ ਕਰ ਸਕੇ,ਜਦਕਿ ਨਾਜ਼ੀਆ ਨੇ ਬਹੁਤ ਵਾਰ ਕੋਸ਼ਿਸ਼ ਕੀਤੀ ਸੀ ਕੇ ਉਹ ਗੁਰਪ੍ਰੀਤ ਦੇ ਦਿਲ ਦਾ ਹਾਲ ਜਾਣ ਸਕੇ ਪਰ ਗੁਰਪ੍ਰੀਤ ਨੇ ਕਦੇ ਆਪਣਾ ਮੂੰਹ

ਨਹੀਂ ਖੋਲ੍ਹਿਆ ਸੀ। ਓਹ ਸੋਚਦਾ ਸੀ ਕੇ ਪਤਾ ਨੀ ਨਾਜ਼ੀਆ ਕਿਵੇਂ ਦਾ ਮਹਿਸੂਸ ਕਰੇਗੀ।

ਨਾਜ਼ੀਆ ਦਾ ਜਨਮ ਦਿਨ ਆਉਣ ਵਾਲਾ ਸੀ,ਗੁਰਪ੍ਰੀਤ ਕੋਲ ਪੈਸੇ ਨਹੀਂ ਸੀ ਕੇ ਓਹ ਗਿਫ਼ਟ ਦੇ ਸਕਦਾ।ਓਹ ਬਹੁਤ ਅਜੀਬ ਮਹਿਸੂਸ ਕਰ ਰਿਹਾ ਸੀ।ਉਪਰੋਂ ਨਾਜ਼ੀਆ ਨੇ ਹਫਤਾ ਪਹਿਲਾ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ,ਕਿ ਇਸ ਵਾਰ ਕੋਈ ਵਧੀਆ ਗਿਫ਼ਟ ਲੈਣਾ ਮੈਂ ਕੋਈ ਕਿਤਾਬ ਨਹੀਂ ਲੈਣੀ ਮੈਨੂੰ ਸੋਹਣਾ ਜਿਹਾ ਕੀਮਤੀ ਗਿਫ਼ਟ ਚਾਹੀਦਾ।ਗੁਰਪ੍ਰੀਤ ਬਹੁਤ ਪਰੇਸ਼ਾਨ ਸੀ ਕੇ ਓਹ ਹੁਣ ਕੀ ਗਿਫ਼ਟ ਕਰੇ ਇਸਨੂੰ ਓਹ ਮਨਾ ਵੀ ਨੀ ਕਰ ਸਕਦਾ ਸੀ,ਘਰੋਂ ਵੀ ਪੈਸੇ ਨਹੀਂ ਮੰਗ ਸਕਦਾ ਸੀ,ਦੂਜਾ ਓਹਨਾ ਕਦੇ ਕਿਸੀ ਕੋਲੋ ਉਧਾਰ ਪੈਸੇ ਨਹੀਂ ਲਏ ਸੀ।ਓਹਨੇ ਕਈ ਵਾਰ ਨਾਜ਼ੀਆ ਕੋਲੋਂ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਨਾਜ਼ੀਆ ਕੇਹੰਦੀ ਮੈਂ ਮੋਕੇ ਤੇ ਹੀ ਦਸਣਾ।ਗੁਰਪ੍ਰੀਤ ਪਹਿਲਾਂ ਹੀ ਪਰੇਸ਼ਾਨ ਸੀ ਰਹਿੰਦਾ ਨਜ਼ਿਆਂ ਦੇ ਜਨਮ ਦਿਨ ਵਾਲੀ ਗੱਲ ਨੇ ਪਰੇਸ਼ਾਨ ਕਰ ਦਿੱਤਾ ਸੀ।

ਜਨਮ ਦਿਨ ਤੋਂ ਇਕ ਦਿਨ ਪਹਿਲਾਂ ਗੁਰਪ੍ਰੀਤ ਨੇ ਨਾਜ਼ੀਆ ਨੂੰ ਕਿਹਾ ਕਿ ਦੱਸ ਕਿ ਲੈਣਾ,ਮੈਂ ਕੁਝ ਵੀ ਨੀ ਲੈਕੇ ਦੇ ਸਕਦਾ।

ਨਾਜ਼ੀਆ ਕੇਹੰਦੀ ਨਹੀਂ ਮੈਨੂੰ ਗਿਫ਼ਟ ਮੇਰੀ ਮਰਜ਼ੀ ਦਾ ਹੀ ਚਾਹੀਦਾ।

2 ਤਰੀਕ ਰਾਤ ਨੂੰ 12 ਵਜੇ ਨਾਜ਼ੀਆ ਨੇ ਗੁਰਪ੍ਰੀਤ ਨੂੰ ਫੋਨ ਕਰਕੇ ਜਨਮ ਦਿਨ ਦੀਆ ਮੁਬਾਰਕਾ ਦਿੱਤੀਆਂ।ਬੇਹਤਰ ਜ਼ਿੰਦਗੀ ਦੀਆਂ ਦੁਆਵਾਂ ਦਿੱਤੀਆਂ।ਗੁਰਪ੍ਰੀਤ ਵਿਚਾਰਾ ਟੈਂਸ਼ਨ ਚ ਸੀ ਕੇ ਪਤਾ ਨੀ ਇਹਨੇ ਕਲ ਨੂੰ ਕੀ ਮੰਗ ਲੈਣਾ।ਓਹ ਸਾਰੀ ਰਾਤ ਸੌਂ ਨਾ ਪਾਇਆ।ਸੁਬਾਹ ਉਠਕੇ ਸਕੂਲ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਨਾਜ਼ੀਆ ਨੇ ਮੈਸਜ ਕੀਤਾ ਅੱਜ ਸਕੂਲ ਤੋਂ ਬਾਅਦ ਟਿਊਸ਼ਨ ਲਈ 3 ਵਜੇ ਘਰ ਤੋਂ ਆ ਜਾਇਓ। ਆਪਾਂ ਰੱਖ ਬਾਗ਼ ਮਿਲਣਾ ਆ,ਵੱਡਾ ਸਾਰਾ ਦਿਲ ਕਰਕੇ ਆਈਓ।

ਸਰਦੀਆਂ ਦੇ ਦਿਨ ਸੀ ਦੁਪਹਿਰ ਤਕ ਧੁੰਦ ਪਈ ਹੋਈ ਸੀ।

ਗੁਰਪ੍ਰੀਤ ਸਾਰਾ ਦਿਨ ਫ਼ਿਕਰ ਚ ਰਿਹਾ ਕੇ ਪਤਾ ਨੀ ਕੀ ਮੰਗੁਗੀ।ਸ਼ਾਮ ਨੂੰ ਤਿਆਰ ਹੋਕੇ ਘਰੋਂ ਚਲਾ ਗਿਆ ਜਦੋਂ ਗਿਆ ਤਾਂ ਨਾਜ਼ੀਆ ਹਜੇ ਆਈ ਨੀ ਸੀ।ਓਹਨੂੰ ਥੋੜੀ ਦੇਰ ਓਥੇ ਉਡੀਕ ਕਰਨੀ ਪਈ।ਓਹ ਨਾਜ਼ੀਆ ਨੂੰ ਵਾਰ ਵਾਰ ਫੋਨ ਕਰ ਰਿਹਾ ਸੀ।ਜਦੋਂ ਨਾਜ਼ੀਆ ਆਈ ਤਾਂ ਓਹਨੇ ਲੇਟ ਆਉਣ ਦਾ ਕਾਰਨ ਪੁੱਛਿਆ ਤਾਂ ਨਾਜ਼ੀਆ ਨੇ ਅੱਗੋਂ ਕਿਹਾ ਕੁੜੀਆਂ ਹਮੇਸ਼ਾ ਲੇਟ ਆਉਂਦਿਆਂ ਹੁੰਦੀਆ ਤੇ ਓਦਾਂ ਤੂੰ ਮੇਰੀ ਏਨੇ ਮਹੀਨੇ ਉਡੀਕ ਕੀਤੀ ਅੱਜ ਅੱਧੇ ਘੰਟੇ ਨਾਲ ਹੀ ਏਦਾ ਕਰ ਰਿਹਾਂ।

ਗੁਰਪ੍ਰੀਤ ਕੋਲੋ ਰਿਹਾ ਨਾ ਗਿਆ ਓਹ ਰੋ ਪਿਆ ਕਹਿੰਦਾ ਨਾਜ਼ੀਆ ਤੈਨੂੰ ਦੇਣ ਲਈ ਮੇਰੇ ਕੋਲ ਕੁਝ ਵੀ ਨੀ ਹੈਗਾ।ਮਾਫ਼ ਕਰੀਂ ਮੈਂ ਤੈਨੂੰ ਕੋਈ ਗਿਫ਼ਟ ਨੀ ਦੇ ਸਕਦਾ।ਨਾਜ਼ੀਆ ਨੇ ਉਸਦਾ ਹੱਥ ਆਪਣੇ ਹੱਥਾਂ ਵਿਚ ਫੜ ਲਿਆ ਤੇ ਆਪਣੇ ਦੁਪੱਟੇ ਨਾਲ ਗੁਰਪ੍ਰੀਤ ਦੇ ਹੰਝੂਆ ਨੂੰ ਸਾਫ ਕੀਤਾ।ਗੁਰਪ੍ਰੀਤ ਤਾਂ ਫੁੱਟ ਫੁੱਟ ਕੇ ਰੋਣ ਲੱਗ ਗਿਆ ਜਿਵੇਂ ਬਹੁਤ ਚਿਰਾਂ ਤੋਂ ਹੰਝੂਆ ਦਾ ਹੜ ਰੋਕ ਕੇ ਬੈਠਾ ਹੁੰਦਾ।ਨਾਜ਼ੀਆ ਨੇ ਉਸਨੂੰ ਬਿਲਕੁਲ ਨਹੀਂ ਰੋਕਿਆ ਓਹ ਲਗਾਤਾਰ ਰੋਂਦਾ ਗਿਆ।

ਫੇਰ ਨਾਜ਼ੀਆ ਬੋਲੀ ਅੱਛਾ ਬਸ ਕਰ ਹੁਣ ਬਹੁਤ ਹੋ ਗਿਆ ਐਵੇਂ ਨਾ ਕੁੜੀਆਂ ਵਾਂਗ ਰੋਈ ਚੱਲ।

ਹੁਣ ਮੈਂ ਗਿਫ਼ਟ ਮੰਗਣਾ ਮੈਨੂੰ ਚੁੱਪ ਚਾਪ ਦੇ ਦਈਂ।

ਗੁਰਪ੍ਰੀਤ: ਜਾਨ ਦੇਣ ਤੋਂ ਇਲਾਵਾ ਕੱਖ ਨੀ ਮੇਰੇ ਕੋਲ।

ਨਾਜ਼ੀਆ:ਮੈਂ ਤੇਰੀ ਜਾਨ ਕੀ ਲੈਣੀ,ਜਿਉਂਦਾ ਹੀ ਮੈਨੂੰ ਚਿੰਬੜਿਆ ਮਰ ਕੇ ਤਾਂ ਮੈਨੂੰ ਵੀ ਨਾਲ ਹੀ ਲੇਜੁਗਾਂ।

ਗੁਰਪ੍ਰੀਤ:ਹਾਸਾ ਨੀ ਆਇਆ।

ਨਾਜ਼ੀਆ: ਵਾਅਦਾ ਕਰ ਕੇ ਜਿੰਨੇ ਦਿਨ ਵੀ ਹੈਗੇ ਆ,ਦਿਲ ਲਗਾ ਕੇ ਪੜ੍ਹਾਈ ਕਰੇਂਗਾ, ਅਤੇ ਵਧੀਆ ਨੰਬਰ ਲੈਕੇ ਪਾਸ ਹੋਏਗਾ।

ਗੁਰਪ੍ਰੀਤ: ਅੱਛਾ ਵਾਅਦਾ ਅੱਜ ਤੋਂ ਹੀ ਪੜ੍ਹਨਾ ਸ਼ੁਰੂ ਕਰਦਾ।

ਨਾਜ਼ੀਆ:ਕਦੇ ਵੀ ਖਾਣਾ ਨਹੀਂ ਸਕਿਪ ਕਰੂੰਗਾ ਪੂਰੇ ਟਾਇਮ ਤੇ ਖਾਣਾ ਖਾਉਂਗਾ।

ਗੁਰਪ੍ਰੀਤ:ਯਾਰ ਆਹ ਗੱਲਾਂ ਲਈ ਬੁਲਾਇਆ ਏਥੇ?

ਨਾਜ਼ੀਆ: ਪਹਿਲਾਂ ਕਹਿ ਖਾਣਾ ਟਾਈਮ ਤੇ ਖਾਉਂਗਾ।

ਨਾਜ਼ੀਆ:ਹੁਣ ਵਾਅਦਾ  ਤੇਰੇ ਨਾਲ ਦਿਲ ਦੀ ਹਰ ਗੱਲ ਕਰੂੰਗਾ।

ਗੁਰਪ੍ਰੀਤ: ਹਾਂ ਜੋ ਕਹੂੰਗੀ ਓਹੀ ਕਰੂੰਗਾ।

ਨਾਜ਼ੀਆ:ਇੱਕ ਗੱਲ ਹੋਰ ਕਹਿ ਕੇ ਮੈਂ ਕਦੇ ਸੈਡ ਨਹੀਂ ਹੋਵੇਗਾ ਅਤੇ ਨਾ ਹੀ ਤੈਨੂੰ ਕਦੇ ਸੈਡ ਕਰੂੰਗਾ।

ਗੁਰਪ੍ਰੀਤ: ਅੱਛਾ ਓਹ ਕਿਦਾਂ?

ਨਾਜ਼ੀਆ:ਬਸ ਇਹ ਕਹਿ ਕੇ ਤੈਨੂੰ ਕਦੇ ਸੈਡ ਨੀ ਕਰੂੰਗਾ ਤੇ ਨਾ ਕਦੇ ਸੈਡ ਹੋਊਗਾ।

ਗੁਰਪ੍ਰੀਤ: ਨਾਜ਼ੀਆ ਯਾਰ ਮੈਂ ਤੇਰੇ ਲਈ ਕੁਝ ਨੀ ਕਰ ਸਕਦਾ।ਮੇਰੇ ਤੋਂ ਇਹ ਸਭ ਕਿਉਂ ਕਰਵਾ ਰਹੀਂ ਆ।

ਨਾਜ਼ੀਆ:ਮੈਨੂੰ ਚੋਕਲੇਟ ਲੈਕੇ ਦਿੰਦਾ ਰਹੇਗਾ ਤੇ ਹਮੇਸ਼ਾ ਮੇਰੀਆ ਮਿੰਨਤਾ ਕਰਦਾ ਰਹੇਗਾ,ਜਿੱਦਾਂ ਪਹਿਲਾ ਕਰਦਾ ਸੀ ਸਾਰਾ ਕੁਝ ਓਦਾਂ ਹੀ ਕਰੂਗਾ।

ਗੁਰਪ੍ਰੀਤ: ਹਾਂ ਯਾਰ ਸਾਰਾ ਕੁਝ ਕਰੂੰਗਾ।

ਨਾਜ਼ੀਆ: ਹੁਣ ਇਕ ਆਖਰੀ ਗੱਲ ਕਿਦਾਂ ਦੇ ਵੀ ਹਲਾਤ ਹੋਣ ਮੈਨੂੰ ਕਦੀ ਛੱਡ ਕੇ ਨੀ ਜਾਵੇਂਗਾ ਤੇ ਮੇਰੇ ਹੁੰਦੇ ਖੁਦ ਨੂੰ ਕਦੀ ਇਕੱਲਾ ਨਹੀਂ ਮਹਿਸੂਸ ਕਰੇਗਾ।

ਗੁਰਪ੍ਰੀਤ:ਮਤਲਬ?

ਨਾਜ਼ੀਆ:ਬੁਧੂਆ ਹਜੇ ਵੀ ਸਮਝ ਨੀ ਆ ਰਹੀ,ਤੈਨੂੰ ਪਿਆਰ ਕਰਦੀ ਹਾਂ।

ਪਹਿਲਾਂ ਤੂੰ ਹਾਂ ਕਰਨ ਨੂੰ ਕਹਿੰਦਾ ਸੀ ਹੁਣ ਮੈਂ ਕੇਹੰਦੀ ਆਂ ਕੇ ਤੂੰ ਮੈਨੂੰ ਹਾਂ ਕਰਦੇ।

ਗੁਰਪ੍ਰੀਤ ਫੇਰ ਰੋ ਪਿਆ,ਨਾਜ਼ੀਆ ਯਾਰ ਮੈ ਤੇਰੇ ਕਾਬਿਲ ਨਹੀਂ ਆ।

ਨਾਜ਼ੀਆ: ਹਾਂ ਹੁਣ ਆਹ ਸਤਸੰਗ ਬੰਦ ਕਰ ਤੇ ਹਾਂ ਕਰ ਤੇ ਮੈਨੂੰ ਇਕ ਚੋਕਲੇਟ ਲੈਕੇ ਦੇਹ,ਮੈਂ ਟਿਉਸ਼ਨ ਵੀ ਜਾਣਾ ਆ।ਗੁਰਪ੍ਰੀਤ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਮੈਂ ਰੋਵਾਂ ਜਾਂ ਹੱਸਾਂ।ਓਹਦਾ ਜ਼ਮੀਨ ਪਰ ਤੇ ਨਹੀਂ ਲੱਗ ਰਿਹਾ ਸੀ।ਓਸੇ ਦਿਨ ਤੋਂ ਓਹਨੂੰ ਏਦਾ ਦਾ ਹੌਸਲਾ ਮਿਲਿਆ ਕੇ ਓਹਨੇ ਸਭ ਕੁਝ ਸੋਚਣਾ ਛੱਡ ਦਿੱਤਾ ਅਤੇ ਪੜ੍ਹਨਾ ਸ਼ੁਰੂ ਕਰ ਦਿੱਤਾ।ਨਾਜ਼ੀਆ ਦੇ ਨਖਰੇ ਵੱਧ ਗਏ ਸੀ

ਗੁਰਪ੍ਰੀਤ ਨਾਜ਼ੀਆ ਨਾਲ ਖੁਸ਼ ਤਾਂ ਬਹੁਤ ਸੀ ਪਰ ਓਹ ਸੋਚਦਾ ਕੇ ਜੇਕਰ ਫੈਕਟਰੀ ਨਾ ਜਲਦੀ ਤਾਂ ਅੱਜ ਗੱਲ ਹੋਰ ਹੀ ਹੁਣੀ ਸੀ।

ਗੁਰਪ੍ਰੀਤ ਹੁਣ ਨਾਜ਼ੀਆ ਦਾ ਬਹੁਤ ਖਿਆਲ ਰਖਦਾ ਸੀ ਤੇ ਹਮੇਸ਼ਾ ਡਰਦਾ ਰਹਿੰਦਾ ਸੀ।ਨਾਜ਼ੀਆ ਓਹਨੂੰ ਕਦੇ ਡੋਲਣ ਨੀ ਦਿੰਦੀ ਸੀ।

ਜਦੋਂ ਸਭ ਸਾਥ ਸ਼ੱਡ ਗਏ ਸੀ ਨਾਜ਼ੀਆ ਕੰਧ ਬਣ ਕੇ ਨਾਲ ਖੜ ਗਈ ਸੀ।ਗੁਰਪ੍ਰੀਤ ਨੇ ਸੋਚਿਆ ਨੀ ਸੀ ਕਦੇ ਏਦਾ ਦਾ ਗਿਫ਼ਟ ਮਿਲੁ ਜਨਮ ਦਿਨ ਤੇ।ਬਹੁਤ ਸਪੈਸ਼ਲ ਜਨਮ ਦਿਨ ਸੀ।

ਓਹਨੇ ਏਨੀ ਮਿਹਨਤ ਕੀਤੀ ਕੇ 12ਵੀਂ ਵਿਚੋਂ ਦੂਜੇ ਨੰਬਰ ਤੇ ਆਇਆ।ਨਾਜ਼ੀਆ ਤਾਂ ਹੈਗੀ ਹੀ ਟੋਪਰ ਸੀ ਓਹ ਪੂਰੇ ਲੁਧਿਆਣੇ ਜ਼ਿਲੇ ਵਿੱਚੋਂ ਪਹਿਲੇ ਨੰਬਰ ਤੇ ਆਈ।ਨਾਜ਼ੀਆ ਨੇ ਅੱਗੇ JEE ਦੇ ਪੇਪਰ ਦੀ ਤਿਆਰੀ ਕੀਤੀ ਸੀ।ਓਹਦਾ JEE ਦਾ ਰਿਜਲਟ ਬਹੁਤ ਵਧੀਆ ਆਇਆ ਸੀ ਓਹਨੂੰ ਜਲੰਧਰ NIT ਕਾਲਜ ਚ ਦਾਖਲਾ ਮਿਲ ਗਿਆ ਸੀ।ਗੁਰਪ੍ਰੀਤ ਨੇ 12 ਤਾਂ ਕਰ ਲਈਆਂ ਸੀ ਪਰ ਘਰਦੇ ਹਲਾਤ ਪਹਿਲਾਂ ਨਾਲੋਂ ਵੀ ਨਾਜ਼ੁਕ ਹੁੰਦੇ ਜਾ ਰਹੇ ਸੀ,ਜਿਸ ਨਾਲ ਓਹ ਬਹੁਤ ਟੈਂਸ਼ਨ ਚ ਰਹਿੰਦਾ ਸੀ।

✿✿✿✿✿✿

## ਭਾਗ -20

ਬੰਦਾ ਜਦੋਂ ਬੁਰੇ ਵਕਤ ਚ ਫਸ ਜਾਂਦਾ ਓਹਦੇ ਆਪਣੇ ਸਕੇ - ਸਬੰਧੀ ਸਭ ਨਾਤਾ ਤੋੜ ਲੈਂਦੇ ਆ।ਹਰ ਪਾਸਿਓਂ ਮਾੜੇ ਸਮੇਂ ਦੀਆਂ ਮਾਰਾ ਪੈਂਦੀਆਂ ਨੇ।ਰਿਸ਼ਤੇਦਾਰ ਯਾਰ ਮਿੱਤਰ ਹਾਲ ਚਾਲ ਪੁੱਛਣ ਲਈ ਵੀ ਫੋਨ ਨੀ ਕਰਦੇ ਤੇ ਨਾ ਕੀਤਾ ਚਕਦੇ। ਸਗੋਂ ਸੋਚਦੇ ਹਨ ਕੇ ਕੁਝ ਮੰਗਣ ਲਈ ਹੀ ਫੋਨ ਕੀਤਾ ਹੋਣਾ।ਬੰਦਾ ਸੋਚਦਾ ਕੇ ਮੇਰਾ ਹੁਣ ਜਿਊਣ ਦਾ ਕੋਈ ਫਾਇਦਾ ਨਹੀਂ ਆ,ਕੋਈ ਜਿਊਣ ਦੀ ਵਜਾਹ ਨਹੀਂ ਆ।ਬੰਦਾ ਬਸ ਮਰਨ ਬਾਰੇ ਹੀ ਸੋਚਦਾ ਤੇ ਨਾ ਹੀ ਆਤਮ ਹੱਤਿਆ ਤੋਂ ਇਲਾਵਾ ਕੋਈ ਰਾਹ ਦਿਖਦਾ।

ਪਰ ਗੁਰਪ੍ਰੀਤ ਨੂੰ ਜਿਊਣ ਦੀ ਵਜਾਹ ਮਿਲ ਗਈ ਸੀ। ਨਾਜ਼ੀਆ ਨੇ ਗੁਰਪ੍ਰੀਤ ਵਿੱਚ ਏਨੀਂ ਜਿਆਦਾ ਪਾਜ਼ਿਟਿਵ ਸੋਚ ਭਰ ਦਿੱਤੀ ਸੀ ਕੇ ਗੁਰਪ੍ਰੀਤ ਨੇ ਹੁਣ ਮਾੜਾ ਸੋਚਣਾ ਛੱਡ ਦਿੱਤਾ ਸੀ।ਅਗਰ ਕਦੇ ਗੁਰਪ੍ਰੀਤ ਆਪਣੇ ਪਾਸਟ ਬਾਰੇ ਸੋਚਦਾ ਸੀ ਤਾਂ ਨਾਜ਼ੀਆ ਕਿਸੀ ਨਾ ਕਿਸੀਂ ਗੱਲ ਤੇ ਲੜ ਪੈਂਦੀ ਸੀ ਤੇ ਉਸਦਾ ਧਿਆਨ ਆਪਣੀਆਂ ਗੱਲਾਂ ਵਿਚ ਲਗਾ ਲੈਂਦੀ ਸੀ।ਗੁਰਪ੍ਰੀਤ ਅਕਸਰ ਸੋਚਦਾ ਸੀ ਕੇ ਇਹ ਅਜੀਬ ਕੁੜੀ ਆ ਮੈਂ ਘਰ ਦੀਆਂ ਫ਼ਿਕਰਾਂ ਚ ਆ ਤੇ ਇਹਨੂੰ ਆਪਣੀਆਂ ਲੜਾਈਆਂ ਦਾ ਪਿਆ।

ਪਰ ਨਾਜ਼ੀਆ ਇਹ ਸਭ ਉਸਦਾ ਦਿਮਾਗ divert ਕਰਨ ਲਈ ਕਰਦੀ ਸੀ।

ਗੁਰਪ੍ਰੀਤ ਦੀ ਫੈਮਿਲੀ ਨੇ ਬਹੁਤ ਹੀ ਐਸ਼ ਦੀ ਜ਼ਿੰਦਗੀ ਵੇਖੀ ਹੋਈ ਸੀ,ਹਮੇਸ਼ਾ ਲੋਕਾਂ ਦੀ ਮਦਦ ਕੀਤੀ ਹੀ ਸੀ,ਕਦੇ ਕਿਸੀ ਕੋਲੋ ਰੁਪਈਆ ਵੀ ਨਹੀਂ ਮੰਗਿਆ ਸੀ।ਹੁਣ ਓਹਨਾ ਨੂੰ ਕਿਸੀ ਕੋਲੋ ਹੈਲਪ ਮੰਗਣ ਚ ਵੀ ਸ਼ਰਮ ਆਉਂਦੀ ਸੀ,ਗੁਰਪ੍ਰੀਤ ਦੇ ਪਾਪਾ ਨੇ ਤਾਂ ਸਾਫ ਹੀ ਕਹਿ ਦਿੱਤਾ ਸੀ ਕੇ ਮੈਂ ਮਰ ਜਾਣਾ ਪਰ ਕਿਸੀ ਕੋਲੋ ਹੈਲਪ ਨਹੀਂ ਮੰਗਣੀ।ਹੁਣ ਨੁਕਸਾਨ ਵੀ

ਬਹੁਤ ਜਿਆਦਾ ਸੀ, ਜੌ ਕੇ ਹਜਾਰ ਜਾਂ ਲੱਖ ਨਾਲ ਭਰ ਨਹੀਂ ਸਕਦਾ ਸੀ।ਓਹਨਾ ਕੋਲ ਜੌ ਕੁਝ ਵੀ ਪੈਸਾ ਪ੍ਰਾਪਰਟੀ ਜਾਂ ਗੋਲਡ ਸੀ ਸਭ ਕੁਝ ਵੇਚ ਕੇ ਜਿਨ੍ਹਾਂ ਲੋਕਾਂ ਦੇ ਪੈਸੇ ਦੇਣ ਵਾਲੇ ਸਨ ਕਲੀਅਰ ਕਰ ਦਿੱਤੇ।ਹੁਣ ਜੌ ਕੁਝ ਓਹਨਾ ਕੋਲ ਬਚਿਆ ਸੀ, ਹੌਲੀ ਹੌਲੀ ਓਹ ਵੀ ਖਰਚ ਹੋਕੇ ਖਤਮ ਹੋ ਰਿਹਾ ਸੀ।ਓਹਨਾਂ ਕੋਲ ਇੱਕ ਗੁਰਪ੍ਰੀਤ ਦੇ ਨਾਮ ਦੀ FD ਸੀ।ਓਹ ਓਹਨਾ ਨੇ ਨਹੀਂ ਤੁੜਵਾਈ।ਓਹ ਕਹਿੰਦੇ ਸੀ ਕੀ ਗੁਰਪ੍ਰੀਤ ਦੇ ਫਿਊਚਰ ਲਈ ਕੁਝ ਤਾਂ ਹੋਣਾ ਚਾਹੀਦਾ।

ਆਸਮਾਨ ਤੋਂ ਜ਼ਮੀਨ ਤੇ ਡਿੱਗ ਗਏ ਸੀ।ਹੁਣ ਓਹਨਾ ਕੋਲ ਕੋਈ ਕੰਮ ਨੀ ਸੀ ਤੇ ਨਾ ਹੀ ਨਵਾ ਖੋਲ ਸਕਦੇ ਸੀ।

ਗੁਰਪ੍ਰੀਤ ਦੇ ਦਾਦਾ ਜੀ ਦੀ ਗਿੱਲ ਚੌਂਕ ਚ ਜਨਰੇਟਰ ਦੇ ਪੁਰਜਿਆਂ ਦੀ ਦੁਕਾਨ ਹੁੰਦੀ ਸੀ।ਓਥੋਂ ਹੀ ਮੇਹਨਤ ਕਰ ਕਰ ਕਰ ਕੇ ਓਹਨਾਂ ਨੇ ਫੈਕਟਰੀ ਬਣਾਈ ਸੀ ਜੌ ਕੇ ਹੁਣ ਕਰੋੜਾਂ ਚ ਸੀ।ਗੁਰਪ੍ਰੀਤ ਦੇ ਦਾਦਾ ਜੀ ਨੇ ਕਿਹਾ ਕਿਹਾ ਕੇ ਆਪਾਂ ਫੈਕਟਰੀ ਤਾਂ ਨਹੀਂ ਖੋਲ ਸਕਦੇ ਪਰ ਇਕ ਦੁਕਾਨ ਤਾਂ ਖੋਲ ਸਕਦੇ ਆ ਤੇ ਪੈਸੇ ਲਈ ਆਪਾਂ ਘਰ ਤੇ ਲੋਨ ਕਰਾ ਲੈਂਦੇ ਆ,ਸਭ ਨੂੰ ਓਹਨਾ ਦੀ ਸਲਾਹ ਵਧੀਆ ਲੱਗੀ ਪਰ ਗੁਰਪ੍ਰੀਤ ਦੇ ਮੰਮੀ ਨੇ ਕਿਹਾ ਅਗਰ ਦੁਕਾਨ ਨਾ ਚੱਲੀ ਘਰ ਦੀਆਂ ਕਿਸ਼ਤਾਂ ਕਿੱਥੋਂ ਦਵਾਂਗੇ,ਹੁਣ ਤਾਂ ਸਿਰ ਤੇ ਛੱਤ ਹੈਗੀ ਆ ਫੇਰ ਇਹਦੇ ਕੋਲੋ ਵੀ ਜਾਵਾਂਗੇ।ਓਹਨਾ ਕਿਹਾ ਕਿ ਅਗਰ ਕਰਨਾ ਹੀ ਆ ਜਿਹੜੀ ਗੋਪੀ ਦੀ FD ਆ ਓਹ ਕੈਸ਼ ਕਰਵਾ ਲੈਨੇ ਆ ਕੋਈ ਨੁਕਸਾਨ ਹੋ ਵੀ ਗਿਆ ਤਾਂ ਪੈਸੇ ਤਾਂ ਆਪਣੇ ਹੋਣਗੇ।ਸਭ ਨੂੰ ਗੱਲ ਵਧੀਆ ਲੱਗੀ ਤੇ ਓਹਨਾ ਨੇ FD ਕੈਸ਼ ਕਰਵਾ ਲਈ ਤੇ ਦਵਾਰਾ ਤੋਂ ਇੱਕ ਜਨਰੇਟਰਾਂ ਦੇ ਪਾਰਟਸ ਦੀ ਦੁਕਾਨ ਬਣਾ ਲਈ,ਪਹਿਲਾਂ ਤਾਂ ਓਹਨਾ ਨੂੰ ਸ਼ਰਮ ਆਉਂਦੀ ਸੀ ਪਰ ਹੋਲੀ ਹੋਲੀ ਓਹਨਾ ਨੂ ਆਦਤ ਹੋਗੀ ਦੁਕਾਨ ਤੇ ਖਰਚਾ ਜਿਆਦਾ ਹੋਇਆ ਸੀ ਪਰ ਕੰਮ ਏਨਾ ਨਹੀਂ ਸੀ।ਓਹਦੇ ਨਾਲ ਘਰ ਦਾ ਗੁਜ਼ਾਰਾ ਚਲ ਰਿਹਾ ਸੀ।

ਗੁਰਪ੍ਰੀਤ ਨੂੰ ਵੀ 12 ਤੋਂ ਬਾਅਦ ਅੱਗੇ ਕਾਲਜ ਨਹੀਂ ਲਗਾਇਆ ਕਹਿੰਦੇ 1 ਸਾਲ ਦਾ ਗੇਪ ਪਾ ਲੈਂਦੇ ਆ ਅਗਲੇ ਸਾਲ ਤਕ ਹਲਾਤ ਠੀਕ ਹੋ ਜਾਣਗੇ ਤਾਂ ਤੈਨੂੰ ਪੜ੍ਹਨ ਲਗਾ ਦਵਾਂਗੇ।ਗੁਰਪ੍ਰੀਤ ਦਾ ਦਿਲ ਤਾਂ ਬਹੁਤ ਟੁੱਟਿਆ ਸੀ ਪਰ ਓਹ ਕੁਝ ਵੀ ਕਰ ਨਹੀਂ ਸਕਦਾ

ਸੀ।ਨਾਜ਼ੀਆ ਨੇ ਹੌਂਸਲਾ ਦਿੱਤਾ ਕੇ ਕੋਈ ਗੱਲ ਨੀ ਤੂੰ ਫ਼ਿਕਰ ਨਾ ਕਰ ਅੱਲਾਹ ਸਭ ਠੀਕ ਕਰੇਗਾ।ਗੁਰਪ੍ਰੀਤ ਵੀ ਹੁਣ ਦੁਕਾਨ ਤੇ ਚਲਾ ਜਾਂਦਾ ਸੀ ਓਹਨਾ ਨੇ ਇਕੋ ਹੇਲਪਰ ਰਖਿਆ ਸੀ,ਬਾਕੀ ਕੰਮ ਖੁਦ ਕਰਦੇ ਸੀ।

ਉਧਰ ਨਾਜ਼ੀਆ ਦਾ ਕਾਲਜ ਸਟਾਰਟ ਹੋ ਗਿਆ ਸੀ,ਪਰ ਗੁਰਪ੍ਰੀਤ ਤੇ ਨਾਜ਼ੀਆ ਦਾ ਪਿਆਰ ਦਿਨੋ ਦਿਨ ਵੱਧਦਾ ਜਾਂਦਾ ਸੀ।ਨਾਜ਼ੀਆ ਗੁਰਪ੍ਰੀਤ ਨੂੰ ਆਪਣੇ ਕੋਲੋ ਖਰਚਾ ਦੇ ਦਿੰਦੀ ਸੀ।ਕਾਲਜ ਚ ਪੜ੍ਹਾਈ ਦਾ ਬਹੁਤ ਜ਼ੋਰ ਸੀ ਨਾਜ਼ੀਆ ਕੋਲ ਗੁਰਪ੍ਰੀਤ ਨਾਲ ਗੱਲ ਕਰਨ ਲਈ ਏਨਾ ਟਾਇਮ ਨੀ ਸੀ ਹੁੰਦਾ।

ਗੁਰਪ੍ਰੀਤ ਵਿਹਲਾ ਰਹਿ ਕੇ ਫੇਰ ਤੋਂ ਮਰਨ ਵਾਲੇ  ਓਹੀ ਗਲਤ ਖਿਆਲ ਦਿਮਾਗ ਚ ਲਿਆਉਣ ਲੱਗ ਪਿਆ ਸੀ।

ਫੇਰ ਓਹਨੂੰ ਓਹਦੇ ਕਿਸੀ ਦੋਸਤ ਨੇ ਕਿਹਾ ਕਿ ਤੂੰ ਵਿਹਲਾ ਰਹਿਣ ਨਾਲੋ ਚੰਗਾ ਕੋਈ ਕੰਮ ਦੇਖਲਾ ਤਾਂ ਕੰਮ ਓਹਨੂੰ ਕੋਈ ਆਉਂਦਾ ਨਹੀਂ ਸੀ।ਫੇਰ ਓਹਨੇ ਕੰਮ ਲੱਭਣਾ ਸੁਰੂ ਕਰ ਦਿੱਤਾ।ਓਹਦੇ ਘਰਦੇ ਕਦੇ ਵੀ ਨਹੀਂ ਚਾਹੁੰਦੇ ਸੀ ਕੇ ਗੁਰਪ੍ਰੀਤ ਬਾਹਰ ਕਿਤੇ ਕੰਮ ਕਰੇ ਪਰ ਗੁਰਪ੍ਰੀਤ ਧੱਕੇ ਨਾਲ ਕੰਮ ਤੇ ਲੱਗ ਗਿਆ ਸੀ।ਓਹਨੂੰ ਇਕ ਕੱਪੜੇ ਦੀ ਦੁਕਾਨ ਤੇ ਹੈਲਪਰ ਦਾ ਕੰਮ ਮਿਲ ਗਿਆ, ਇਕ ਉਪਰ ਨਿਆਣੀ ਸੀ ਕੰਮ ਦੀ ਤਾਂ ਸਮਝ ਹੀ ਨਹੀਂ ਸੀ।ਦੂਜਾ ਕਿਸੀ ਦੀ ਕਦੇ ਗੱਲ ਨਹੀਂ ਸੁਣੀ ਸੀ।ਉਸ ਦੁਕਾਨ ਤੇ ਕੰਮ ਭਾਰਾ ਸੀ ਦੂਜਾ ਨਿਆਣਾ ਦੇਖ ਕੇ ਸਾਰੇ ਗੁਰਪ੍ਰੀਤ ਕੋਲੋ ਕੰਮ ਜਿਆਦਾ ਲੈਂਦੇ ਸਨ।ਗਰਮੀ ਦੇ ਦਿਨ ਸਨ ਓਥੋਂ ਬਿਮਾਰ ਹੋਕੇ ਫੇਰ ਹਟ ਗਿਆ।

ਨਾਜ਼ੀਆ ਨੂੰ ਨਹੀਂ ਪਤਾ ਸੀ ਕਿ ਗੁਰਪ੍ਰੀਤ ਕੰਮ ਤੇ ਵੀ ਜਾਂਦਾ ਆ।

ਨਾਜ਼ੀਆ ਕਈ ਦਿਨਾਂ ਤੋਂ ਵੇਖ ਰਹੀ ਸੀ ਕੇ ਗੁਰਪ੍ਰੀਤ ਦਾ ਲਾਸ੍ਟ ਸੀਨ ਸੁਬਾਹ 8 ਵਜੇ ਤੋਂ ਪਹਿਲਾਂ ਹੁੰਦਾ ਤੇ ਦੁਪਹਿਰੇ ਇਕ ਵਜੇ ਹੁੰਦਾ 1 ਤੇ 2 ਵਜੇ ਹੁੰਦਾ ਤੇ ਸ਼ਾਮੀ 5 ਤੋਂ ਬਾਅਦ ਆਨ ਹੁੰਦਾ ਓਦੇ ਦਿਲ ਚ ਸ਼ੱਕ ਆ ਗਿਆ ਕੇ ਇਹ ਕਿਤੇ ਕੋਈ ਹੋਰ ਚੱਕਰ ਨਾ ਚਲਾ ਕੇ ਬੈਠਾ ਹੋਵੇ ਕਿ ਮੈਂ ਤਾਂ ਕਾਲਜ ਹੁੰਦੀ ਆ।

ਓਹਨੇ ਪਹਿਲਾਂ ਤਾਂ ਕੁਝ ਨਹੀਂ ਕਿਹਾ ਜਦ ਲਗਾਤਾਰ ਇਹੀ ਕੰਮ ਚਲਦਾ ਰਿਹਾ ਤਾਂ ਓਹਦੇ ਕੋਲੋ ਰਿਹਾ ਨਾ ਗਿਆ ਓਹਨੇ ਕਾਲ ਕਰਕੇ ਪੁੱਛਿਆ ਤਾਂ ਗੁਰਪ੍ਰੀਤ ਨੇ ਕਿਹਾ ਕ ਮੈਂ ਬੀਜੀ ਹੁੰਦਾ ਝੂਠ ਹੀ ਕਹਿ ਦਿੱਤਾ ਕੇ ਦੁਕਾਨ ਤੇ ਹੁੰਦਾ ਪਰ ਨਾਜ਼ੀਆ ਵੀ ਗੱਲ ਦੇ ਅਖੀਰ ਤੱਕ ਜਾਂਦੀ ਸੀ।ਓਹਨੇ ਸੋਚਿਆ ਦੁਕਾਨ ਤੇ ਤਾਂ ਪਹਿਲਾਂ ਵੀ ਜਾਂਦਾ ਸੀ ਏਦਾ ਨੀ ਕਰਦਾ ਸੀ।ਓਹਨੇ ਦਿਨ ਵੇਲੇ ਫੋਨ ਕਰਨਾ ਸ਼ੁਰੂ ਕਰ ਦਿੱਤਾ ਅੱਗਿਓਂ ਗੁਰਪ੍ਰੀਤ ਫੋਨ ਨਹੀਂ ਚਕਦਾ ਸੀ।ਫੇਰ ਇਕ ਦਿਨ ਬਹੁਤ ਲੜਾਈ ਹੋਈ ਇਸੇ ਗੱਲ ਤੇ ਤਾਂ ਗੁਰਪ੍ਰੀਤ ਨੇ ਦੱਸਿਆ ਕ ਮੈਂ ਮਿਸਤਰੀਆਂ ਨਾਲ ਲੇਬਰ ਦਾ ਕੰਮ ਕਰਨ ਲਈ ਦਿਹਾੜੀ ਜਾਂਦਾ ਹਾਂ ਆਪਣੇ ਖਰਚੇ ਲਈ ਮੈ ਅੱਗੇ ਪੜ੍ਹਨ ਲਈ ਪੈਸੇ ਜੋੜਨਾ ਚਾਹੁੰਦਾ ਆ।ਹੋਰ ਕੋਈ ਕੰਮ ਵੀ ਨਹੀਂ ਆਉਂਦਾ ਤੇ ਨਾ ਹੀ ਮੈਨੂੰ ਕੋਈ ਦੁਕਾਨ ਵਾਲਾ ਵੱਧ ਪੈਸੇ ਦਿੰਦਾ ਸੋ ਮੈਂ ਇਹ ਕੰਮ ਕਰਨਾ ਸ਼ੁਰੂ ਕੀਤਾ ਆ,ਨਾਜ਼ੀਆ ਤਾਂ ਸੁਣਕੇ ਮਰਨ ਵਾਲੀ ਹੋ ਗਈ।ਨਾਜ਼ੀਆ ਨੇ ਕਿਹਾ ਕਿ ਇਹ ਕੰਮ ਨਹੀ ਕਰਨਾਂ ਤੈਨੂੰ ਖਰਚਾ ਚਾਹੀਦਾ ਓਹ ਤੈਨੂੰ ਮੈਂ ਹਰ ਹਫ਼ਤੇ ਦਵਾਂਗੀ ਪਰ ਤੂੰ ਇਹ ਕੰਮ ਨਹੀਂ ਕਰਨਾ।ਗੁਰਪ੍ਰੀਤ ਅੱਗਿਓਂ ਕਹਿੰਦਾ ਜੇਬ ਖਰਚਾ ਤੂੰ ਦੇਦੇਗੀ ਪਰ ਪੜਾਈ ਦਾ ਖਰਚਾ ਨਹੀ ਦੇ ਸਕਦੀ ਨਾ ਮੈ ਤੇਰੇ ਤੇ ਬੋਝ ਬਣਨਾ ਚਾਹੁੰਦਾ।ਮੈਂ ਅੱਗੇ ਪੜ੍ਹਨਾ ਚਾਹੁੰਦਾ ਹਾਂ ਗੱਲਾਂ ਕਰਦਾ ਕਰਦਾ ਓਹ ਰੋ ਪਿਆ।

ਨਾਜ਼ੀਆ ਨੇ ਆਪਣੇ ਪਿੰਡ ਮਿਸਤਰੀਆਂ ਨੂੰ ਕੰਮ ਕਰਦੇ ਵੇਖਿਆ ਸੀ।ਕੇ ਓਹ ਕਿਵੇਂ ਏਨੀਂ ਗਰਮੀ ਵਿਚ ਕੰਮ ਕਰਦੇ,ਓਹਨਾ ਦਾ ਕੰਮ ਕਿੰਨਾ ਭਾਰਾ ਹੁੰਦਾ ਤੇ ਘਰ ਵਾਲੇ ਦਿਹਾੜੀਦਾਰਾਂ ਨੂੰ ਕਿੰਨਾ ਬੋਲਦੇ ਹੁੰਦੇ ਆ।ਓਹਨੇ ਗੁਰਪ੍ਰੀਤ ਨੂੰ ਕਿਹਾ ਮੈਂ ਮਿਲਣਾ ਆ ਤੈਨੂੰ, ਕੱਲ ਫਗਵਾੜੇ ਆ ਮੈਨੂੰ ਮਿਲਣ ਲਈ।

ਗੁਰਪ੍ਰੀਤ ਨੇ ਕਿਹਾ ਮੈਂ ਕੰਮ ਤੇ ਜਾਣਾ ਪਰਸੋ ਨੂੰ ਆਜੁਗਾ।ਜਦੋਂ ਓਹ ਨਾਜ਼ੀਆ ਨੂੰ ਮਿਲਣ ਗਿਆ ਤਾਂ ਇੱਕ ਛੋਟੀ ਜਹੀ ਚਾਕਲੇਟ ਲੈਕੇ ਗਿਆ।ਨਾਜ਼ੀਆ ਨੇ ਜਦੋਂ ਗੁਰਪ੍ਰੀਤ ਦੀ ਹਾਲਤ ਵੇਖੀ ਤਾਂ ਓਹ ਰੋ ਪਈ।ਗੁਰਪ੍ਰੀਤ ਦਾ ਰੰਗ ਕਾਲਾ ਹੋਇਆ ਪਿਆ ਸੀ,ਕਮਜ਼ੋਰ ਵੀ ਹੋਇਆ ਸੀ ਪਹਿਲਾਂ ਨਾਲੋਂ ਦੂਜਾ ਓਹਦੇ ਹਥਾ ਤੇ ਸ਼ਾਲੇ ਹੋਏ ਸੀ।ਨਾਜ਼ੀਆ ਕੋਲੋ ਉਸਦੀ ਹਾਲਤ ਵੇਖੀ ਨਹੀਂ ਜਾਂਦੀ ਸੀ।ਓਹ ਓਹਦੇ ਹੱਥਾਂ ਨੂੰ ਹੀ ਵੇਖਦੀ ਰਹੀ।ਗੁਰਪ੍ਰੀਤ ਨੇ ਨਾਜ਼ੀਆ ਨੂੰ ਕਿਹਾ ਯਾਰ ਮੇਰੇ ਘਰਦਿਆਂ ਨੇ ਮੈਨੂੰ ਪੜਨੋ ਹਟਾ ਲਿਆ,ਪਰ ਮੈਂ ਪੜ੍ਹਨਾ ਚਾਹੁੰਦਾ ਕੁਝ ਬਣਨਾ ਚਾਹੁੰਦਾ ਤਾਂ ਹੀ ਤੇਰੇ ਅੱਬੂ ਕੋਲੋ ਤੈਨੂੰ ਮੰਗੁਗਾ।ਨਾਜ਼ੀਆ ਬਸ ਰੋਈ ਜਾ ਰਹੀ ਸੀ।ਨਾਜ਼ੀਆ ਨੇ ਜਾਣ ਲੱਗੇ

ਗੁਰਪ੍ਰੀਤ ਨੂੰ 2 ਹਜਾਰ ਰੁਪਿਆ ਦਿੱਤਾ ਤੇ ਕਿਹਾ ਹਰ ਰੋਜ਼ ਜੂਸ ਪੀਆ ਕਰ।ਗੁਰਪ੍ਰੀਤ ਲਗਾਤਾਰ ਓਹੀ ਦਿਹਾੜੀਦਾਰਾਂ ਦਾ ਕੰਮ ਕਰ ਰਿਹਾ ਸੀ।ਹੁਣ ਓਹ ਆਦੀ ਬਣ ਗਿਆ ਸੀ,ਓਹ ਭੁੱਲ ਗਿਆ ਸੀ ਕੇ ਕਿਸੀ ਟਾਇਮ ਓਹ ਅਮੀਰ ਹੁੰਦੇ ਸੀ ਘਰ ਦਾ ਖਰਚਾ ਓਹਦੇ ਪਾਪਾ ਚਲਾ ਰੇ ਸੀ ਓਹ ਆਪਣੇ ਪੈਸੇ ਜੋੜ ਰਿਹਾ ਸੀ।

ਓਹਨੂੰ ਕਿਤੇ ਵੀ ਕੰਮ ਮਿਲਦਾ ਸੀ ਓਹ ਚਲਾ ਜਾਂਦਾ ਸੀ।ਇਕ ਵਾਰ ਪ੍ਰਭ ਕਿਸੀ ਵਿਆਹ ਗਈ ਹੋਈ ਸੀ ਤਾਂ ਓਥੇ ਗੁਰਪ੍ਰੀਤ ਵੀ ਗਿਆ ਹੋਇਆ ਸੀ,ਪ੍ਰਭ ਨੇ ਪਹਿਲਾਂ ਤਾਂ ਉਸਨੂੰ ਪਹਿਚਾਣਿਆ ਨਹੀਂ,ਜਦੋਂ ਧਿਆਨ ਨਾਲ ਵੇਖਿਆ ਤਾਂ ਗੁਰਪ੍ਰੀਤ ਹੀ ਸੀ ਜੋਂ ਕਿ ਖਾਣੇ ਵਾਲੇ ਟੇਬਲਾਂ ਤੇ ਪਲੇਟਾਂ ਸਜ਼ਾ ਕੇ ਰੱਖ ਰਿਹਾ ਸੀ ਤੇ ਵੇਟਰ ਦਾ ਕੰਮ ਕਰ ਰਿਹਾ ਸੀ।ਪ੍ਰਭ ਨੂੰ ਨਾਜ਼ੀਆ ਨੇ ਗੁਰਪਰੀਤ ਦੇ ਹਲਾਤਾਂ ਬਾਰੇ ਸਭ ਕੁਝ ਤਾਂ ਦਸਿਆ ਹੀ ਸੀ।ਗੁਰਪ੍ਰੀਤ ਨੂੰ ਏਦਾ ਕੰਮ ਕਰਦੇ ਵੇਖ ਬਹੁਤ ਤਰਸ ਆ ਰਿਹਾ ਸੀ ਤੇ ਮਾਣ ਵੀ ਮਹਿਸੂਸ ਹੋ ਰਿਹਾ ਸੀ ਕੇ ਮੁੰਡਾ ਮੇਹਨਤ ਕਰ ਰਿਹਾ।ਓਹ ਜਿੰਨੀ ਦੇਰ ਵੀ ਓਥੇ ਵਿਆਹ ਚ ਰਹੀ ਗੁਰਪ੍ਰੀਤ ਦੇ ਸਾਹਮਣੇ ਨਹੀਂ ਗਈ ਓਹ ਨਹੀਂ ਚਾਹੁੰਦੀ ਸੀ ਕੇ ਗੁਰਪ੍ਰੀਤ ਸ਼ਰਮ ਮਹਿਸੂਸ ਕਰੇ।ਓਹਨੇ ਘਰ ਆ ਕੇ ਸਾਰੀ ਗੱਲ ਨਾਜ਼ੀਆ ਨੂੰ ਦੱਸੀਂ ਨਾਜ਼ੀਆ ਇਹ ਸੁਣ ਕੇ ਬਹੁਤ ਰੋਈ।

ਨਾਜ਼ੀਆ ਨੇ ਗੁਰਪ੍ਰੀਤ ਨੂੰ ਕੁਝ ਨਹੀਂ ਦਸਿਆ ਕੇ ਉਸਨੂੰ ਪ੍ਰਭ ਨੇ ਕੁਝ ਦਸਿਆ ਜਾਂ ਵੇਖਿਆ।ਓਹ ਓਹਦੇ ਬਾਰੇ ਪੁੱਛਦੀ ਸਗੋਂ ਕੰਮ ਦੀਆਂ ਗੱਲਾਂ ਪੁੱਛਦੀ ਤੇ ਹੌਸਲਾ ਦਿੰਦੀ।ਕਿਉਂਕਿ ਨਾਜ਼ੀਆ ਸਮਝ ਗਈ ਸੀ ਕੇ ਮੈਂ ਕੋਈ ਗਲਤ ਮੁੰਡਾ ਨਹੀਂ ਚੁਣਿਆ।ਅਗਰ ਵਿਆਹ ਤੋਂ ਬਾਅਦ ਕਦੇ ਮਾੜੇ ਦਿਨ ਆ ਗਏ ਤਾਂ ਗੁਰਪ੍ਰੀਤ ਮੈਨੂੰ ਭੁੱਖੀ ਨਹੀਂ ਮਾਰੂਗਾ।

✿✿✿✿✿✿

# ਭਾਗ-21

ਗੁਰਪ੍ਰੀਤ ਦੇ ਮੰਮਾ ਨੇ BSC ਨਰਸਿੰਗ ਕੀਤੀ ਹੋਈ ਸੀ। ਪਰ ਵਿਆਹ ਤੋਂ ਬਾਅਦ ਉਸਦੇ ਪਾਪਾ ਨੇ ਓਹਨਾ ਨੂ ਕੰਮ ਨਹੀਂ ਕਰਨ ਦਿੱਤਾ ਸੀ ਕਿਉਂਕਿ ਰੱਬ ਦਾ ਦਿੱਤਾ ਸਭ ਕੁਝ ਸੀ।ਓਹਨਾ ਨੂ ਕੰਮ ਕਰਨ ਦੀ ਲੋੜ ਨਹੀਂ ਸੀ।ਇਹਨਾਂ ਮਾੜੇ ਦਿਨਾਂ ਨੂੰ ਕੱਢਣ ਲਈ ਗੁਰਪ੍ਰੀਤ ਦੇ ਮੰਮਾ ਨੇ ਵੀ ਨਰਸ ਦੀ ਜੌਬ ਦਾ ਵੇਖਣਾ ਸ਼ੁਰੂ ਕਰ ਦਿੱਤਾ ਸੀ ਤੇ ਓਹਨਾ ਨੂੰ ਗੁਰੂ ਤੇਗ ਬਹਾਦੁਰ ਹੌਸਪੀਟਲ ਚ ਨੌਕਰੀ ਮਿਲ ਗਈ ਸੀ।ਗੁਰਪ੍ਰੀਤ ਦੇ ਪਾਪਾ ਦੀ ਦੁਕਾਨ ਵੀ ਹੁਣ ਵਧੀਆ ਚਲ ਪਈ ਸੀ,ਥੋੜੇ ਥੋੜੇ ਹਲਾਤ ਬਦਲ ਰਹੇ ਸਨ।ਗੁਰਪ੍ਰੀਤ ਵੀ ਲਗਾਤਾਰ ਕੰਮ ਤੇ ਜਾ ਰਿਹਾ ਸੀ।ਘਰ ਵਲੋ ਓਹ ਬੇਫ਼ਿਕਰ ਹੋ ਗਏ ਸੀ।ਓਹਦੇ  ਮਮੀ ਪਾਪਾ ਨੇ ਗੁਰਪ੍ਰੀਤ ਨੂੰ ਮਨਾ ਕੀਤਾ ਕੰਮ ਕਰਨ ਤੋਂ ਤਾਂ ਓਹ 15 ਦਿਨ ਬਾਅਦ ਕੰਮ ਤੋਂ ਹੱਟ ਗਿਆ,ਤੇ ਓਹ ਪੜ੍ਹਨਾ ਤਾਂ ਚਾਹੁੰਦਾ ਸੀ ਹਜੇ ਕਾਲਜਾਂ ਚ ਏਡਮਿਸ਼ਨ ਹੋ ਰਹੀਆਂ ਸੀ ਤੇ ਓਹਦੇ ਕੋਲ ਟਾਈਮ ਹੈਗਾ ਸੀ। ਫੇਰ ਓਹਨੇ ਲੁਧਿਆਣਾ ਪੋਲੀਟੈਕਨੀਕਲ ਕਾਲਜ ਚ ਇਲੈਕਟਰੀਕਲ ਇੰਜੀਨੀਅਰ ਡਿਪਲੋਮਾ  ਕਰਨ ਲਈ ਦਾਖਲਾ ਕਰਵਾ ਲਿਆ।ਓਹਨੇ ਨਾਨ ਮੈਡੀਕਲ ਕੀਤਾ ਹੋਇਆ ਸੀ ਤਾਂ ਓਹਨੂੰ ਡਾਇਰੈਕਟ ਤੀਜੇ ਸਮੈਸਟਰ ਚ ਦਾਖਲਾ ਮਿਲ ਗਿਆ।ਓਹ ਵੀ ਹੁਣ ਕਾਲਜ ਜਾਣ ਲੱਗ ਪਿਆ ਸੀ।ਸੁਪਨਾ ਤਾਂ ਓਹਨੇ ਵੀ ਲਿਆ ਸੀ ਕੇ ਨਾਜ਼ੀਆ ਦੇ ਨਾਲ ਹੀ ਲੱਗੇਗਾ ਪਰ ਹਲਾਤਾਂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਓਹ ਬਹੁਤ ਹੀ ਦਿਲ ਲਗਾ ਕੇ ਪੜਾਈ ਕਰਦਾ ਸੀ।

ਨਾਜ਼ੀਆ ਵੀ ਬਹੁਤ ਖੁਸ਼ ਸੀ ਕੇ ਗੁਰਪ੍ਰੀਤ ਨੇ ਦੁਬਾਰਾ ਪੜਾਈ ਸ਼ੁਰੂ ਕਰ ਲਈ ਆ।ਓਹ ਹੁਣ ਅਕਸਰ ਮਿਲਦੇ ਰਹਿੰਦੇ ਸਨ।ਓਹ ਹੁਣ ਆਪਣੇ ਵਿਆਹ ਦੀਆਂ ਗੱਲਾਂ ਕਰਦੇ ਸਨ।ਗੁਰਪ੍ਰੀਤ ਵਿਆਹ ਦੀ ਗੱਲ ਤੋਂ ਡਰ ਜਾਂਦਾ ਸੀ।ਇੱਕ ਮਜ਼੍ਹਬ ਵਾਲਾ ਡਰ ਤਾਂ ਪਹਿਲਾਂ ਹੀ ਸੀਂ ਦੂਜਾ ਹੁਣ ਓਹ ਗਰੀਬ ਬਹੁਤ ਹੋ ਗਏ ਸਨ।ਨਾਜ਼ੀਆ ਦੇ ਘਰਦਿਆਂ ਨੇ ਕਦੇ ਵੀ ਓਹਨਾ ਦਾ ਵਿਆਹ ਨਹੀਂ ਹੋਣ ਦੇਣਾ ਸੀ ਤੇ ਨਾਜ਼ੀਆ ਨੇ ਘਰਦਿਆਂ ਦੀ ਮਰਜ਼ੀ ਦੇ ਖਿਲਾਫ ਜਾਣਾ ਨਹੀਂ ਸੀ।ਇਹਨਾਂ ਗੱਲਾਂ ਨੂੰ ਕਰਦੇ ਕਰਦੇ ਅਕਸਰ ਸੈਡ ਹੋ ਜਾਂਦੇ ਸੀ।

ਗੁਰਪ੍ਰੀਤ ਹੁਣ ਮੇਹਨਤ ਨਾਲ ਪੜ੍ਹਾਈ ਕਰਕੇ ਵਧੀਆ ਜਾਬ ਕਰਨੀ ਚਾਹੁੰਦਾ ਸੀ।ਕਾਲਜ ਦੇ ਨਾਲ ਨਾਲ ਛੁੱਟੀ ਵਾਲੇ ਦਿਨ ਓਹ ਫੇਰ ਕੰਮ ਤੇ ਚਲਾ ਜਾਂਦਾ ਸੀ।ਨਾਜ਼ੀਆ ਨਾਲ ਮਿਲਣਾ ਵੀ ਕਾਫੀ ਵਧ ਗਿਆ ਸੀ।ਇਕ ਇਕ ਕਰਕੇ 4 ਸਮੈਸਟਰ ਹੀ ਪਾਸ ਕਰ ਗਿਆ ਅਤੇ ਓਥੇ ਹੀ ਇਕ ਦੁਕਾਨ ਤੇ ਬਿਜਲੀ ਦਾ ਕੰਮ ਸਿੱਖਣ ਲੱਗ ਗਿਆ,ਓਹਨੂੰ ਕਿਤੇ ਵਧੀਆ ਜੌਬ ਕਰਨ ਲਈ ਤਜ਼ਰਬਾ ਚਾਹੀਦਾ ਸੀ।ਹੁਣ ਨਾਜ਼ੀਆ ਉਸਦੇ ਹਲਾਤਾਂ ਨੂੰ ਵੇਖ ਕੇ ਡਰ ਜਾਂਦੀ ਸੀ ਓਹ ਸੋਚਦੀ ਸੀ ਕੇ ਮੇਰੇ ਅੱਬੂ ਡਾਕਟਰ ਨੇ ਤੇ ਗੁਰਪ੍ਰੀਤ ਇੱਕ ਬਿਜਲੀ ਵਾਲਾ ਆ ਓਹ ਕਿਵੇਂ ਸਾਡਾ ਰਿਸ਼ਤਾ ਮਨਜ਼ੂਰ ਕਰਨਗੇ।

ਹੁਣ ਜਦੋਂ ਵੀ ਨਾਜ਼ੀਆ ਗੁਰਪ੍ਰੀਤ ਨੂੰ ਕਵਿਤਾ ਸੁਣਾਉਣ ਲਈ ਕੇਹੰਦੀ ਸੀ ਤਾਂ ਗੁਰਪ੍ਰੀਤ ਅੱਗਿਓਂ ਚੁੱਪ ਹੋ ਜਾਂਦਾ ਸੀ ਤੇ ਫੋਨ ਕੱਟ ਦਿੰਦਾ ਸੀ। ਓਹਨੇ ਕਵਿਤਾਵਾਂ ਲਿਖਣੀਆਂ ਬੰਦ ਕਰ ਦਿੱਤੀਆਂ ਸੀ।ਓਹਨੂੰ ਕੋਈ ਆਸ ਨਹੀਂ ਦਿਖਦੀ ਸੀ ਕੇ ਨਜ਼ਾਇਆ ਨਾਲ ਵਿਆਹ ਹੋਵੇਗਾ।

ਜਿੱਥੇ ਬਿਜਲੀ ਦਾ ਕੰਮ ਸਿੱਖ ਰਿਹਾ ਸੀ ਓਥੇ ਵੀ ਉਸਦੀ ਲੜਾਈ ਹੋ ਗਈ ਤਾਂ ਮਾਲਕ ਨੇ ਉਸਨੂੰ ਹਟਾ ਦਿੱਤਾ ਸੀ।ਅੱਗੇ ਕਿਤੇ ਕੰਮ ਨਹੀਂ ਮਿਲ ਰਿਹਾ ਸੀ ਹੁਣ ਘਰ ਵਿਹਲਾ ਹੀ ਰਹਿੰਦਾ ਸੀ ਨਾਜ਼ੀਆ ਅਕਸਰ ਉਸਨੂੰ ਵਧੀਆ ਜੌਬ ਲੱਭਣ ਲਈ ਕੇਹੰਦੀ ਸੀ ਤਾਂ ਓਹਨਾ ਚ ਲੜਾਈ ਹੋ ਜਾਂਦੀ ਸੀ।

ਗੁਰਪ੍ਰੀਤ ਕੰਮ ਕਰਨ ਦੀ ਬਹੁਤ ਕੋਸ਼ਿਸ਼ ਕਰਦਾ ਸੀ ਪਰ ਫੇਲ ਹੋ ਜਾਂਦਾ ਸੀ।ਹੁਣ ਨਾਜ਼ੀਆ ਨੂੰ ਆਪਣੇ ਫਿਊਚਰ ਦਾ ਡਰ ਸਤਾ ਰਿਹਾ ਸੀ। ਓਹਦੀ ਵੀ ਡਿਗਰੀ ਹੋਣ ਵਾਲੀ ਸੀ ਓਹਦੇ ਘਰਦਿਆਂ ਨੇ ਕਿਹਾ ਹੋਇਆ ਸੀ ਕੇ ਡਿਗਰੀ ਪੂਰੀ ਹੁੰਦਿਆਂ ਹੀ ਤੇਰਾ ਵਿਆਹ ਕਰ ਦੇਣਾ।ਨਾਜ਼ੀਆ ਗੁਰਪ੍ਰੀਤ ਬਾਰੇ ਆਪਣੇ ਘਰ ਦਸਣਾ ਚਾਹੁੰਦੀ ਸੀ ਪਰ ਡਰ ਜਾਂਦੀ ਸੀ।ਓਹ ਗੱਲ ਕਰ ਤਾਂ ਸਕਦੀ ਸੀ ਪਰ ਗੁਰਪ੍ਰੀਤ ਕੋਲ ਕੋਈ ਜੌਬ ਨਹੀਂ ਸੀ।ਦੂਜਾ ਗੁਰਪ੍ਰੀਤ ਘਰ ਵਲੋਂ

ਵੀ ਬਹੁਤ ਨਾਜ਼ੁਕ ਸੀ।

ਗੁਰਪ੍ਰੀਤ ਸੋਚ ਰਿਹਾ ਸੀ ਕੇ ਮੈਂ ਨਾਜ਼ੀਆ ਦੇ ਲਾਇਕ ਨਹੀਂ ਹਾਂ,ਮੇਰੇ ਨਾਲ ਰਹਿ ਕੇ ਓਹਦੀ ਜ਼ਿੰਦਗੀ ਖਰਾਬ ਹੋ ਜਾਵੇਗੀ,ਓਹਨੇ ਨਾਜ਼ੀਆ ਨੂੰ 1-2 ਵਾਰ ਕਿਹਾ ਤਾਂ ਨਾਜ਼ੀਆ ਨੇ ਅੱਗਿਓਂ ਲੜਾਈ ਕੀਤੀ।ਫੇਰ ਗੁਰਪ੍ਰੀਤ ਨੇ ਸੋਚਿਆ ਕਿ ਏਨੇ ਮਾੜੇ ਹਲਾਤਾਂ ਚ ਮੇਰਾ ਸਾਥ ਨਹੀਂ ਛੱਡਿਆ ਹੁਣ ਕਿਵੇਂ ਛੱਡੇਗੀ।

ਨਾਜ਼ੀਆ ਦੀ ਪੜ੍ਹਾਈ ਦਾ ਆਖਰੀ ਸਾਲ ਰਹਿੰਦਾ ਸੀ।ਹੁਣ ਓਹਨਾ ਕੋਲ ਸਿਰਫ ਇੱਕ ਸਾਲ ਸੀ,ਨਾਜ਼ੀਆ ਨੇ ਗੁਰਪ੍ਰੀਤ ਤੋਂ ਆਸ ਹੀ ਛੱਡ ਦਿੱਤੀ ਸੀ ਕੇ ਇਹ ਕੁਝ ਕਰੇਗਾ ਓਹ ਸੋਚਦੀਂ ਸੀ ਹੁਣ ਤਕ ਕੁਝ ਨਹੀਂ ਹੋਇਆ ਅੱਗੇ ਕਿ ਕੇ ਲਵੇਗਾ।ਓਹਨੇ ਬਸ ਇਕੋ ਗੱਲ ਸੋਚੀ ਸੀਂ ਕੇ ਰੱਬ ਜੌ ਵੀ ਕਰੇਗਾ ਬੇਹਤਰ ਹੀ ਕਰੇਗਾ।

ਗੁਰਪ੍ਰੀਤ ਬਹੁਤ ਜਗਾ ਤੇ ਜੌਬ ਲੱਭ ਚੁੱਕਾ ਸੀ ਕਿਤੇ ਗੱਲ ਨਹੀਂ ਬਣਦੀ ਸੀ।ਨਾਜ਼ੀਆ ਨੇ ਵੀ ਕਹਿ ਦਿੱਤਾ ਸੀ ਕੇ ਜੇਕਰ ਤੈਨੂੰ ਕਿਤੇ ਚੱਜਦੀ ਜੌਬ ਨਾ ਲੱਭੀ ਤਾਂ ਫੇਰ ਮੇਰੇ ਤੋਂ ਕੋਈ ਉਮੀਦ ਨਾ ਰੱਖੀ।ਓਹ ਬਹੁਤ ਜਿਆਦਾ ਟੁੱਟ ਗਿਆ ਸੀ।ਨਾਜ਼ੀਆ ਨੂੰ ਖੋਣ ਦਾ ਡਰ ਉਸਨੂੰ ਬਹੁਤ ਜਿਆਦਾ ਸੀ।

ਫੇਰ ਗੁਰਪ੍ਰੀਤ ਨੇ ਆਪਣੇ ਘਰਦਿਆਂ ਨੂੰ ਕਿਹਾ ਕਿ ਮੈਨੂੰ ਕੈਨੇਡਾ ਭੇਜ ਦੋ,ਕੈਨੇਡਾ ਜਾਣ ਜੋਗੇ ਓਨਾ ਕੋਲ ਪੈਸੇ ਨਹੀਂ ਸਨ।ਜੌਬ ਵੀ ਨਹੀਂ ਸੀ ਨਾਜ਼ੀਆ ਵਲੋ ਵੀ ਉਮੀਦ ਨਹੀਂ ਸੀ ਕੈਨੇਡਾ ਵੀ ਨਈ ਜਾ ਸਕਦਾ ਸੀ ਦੂਜਾ ਘਰ ਵਲੋ ਤਾਂ ਪਹਿਲਾਂ ਹੀ ਦੁਖੀ ਸੀ,ਏਨਾ ਜ਼ਿਆਦਾ ਪਰੇਸ਼ਾਨ ਹੋ ਗਿਆ ਸੀ ਕੇ ਸ਼ਰਾਬ ਪੀਣ ਲੱਗ ਪਿਆ ਸੀ।ਇਕ ਵਾਰ ਰਾਤ ਨੂੰ ਸ਼ਰਾਬ ਪੀ ਕੇ ਆਇਆ ਤਾਂ ਓਹਦੇ ਮੰਮੀ ਨੂੰ ਪਤਾ ਚਲ ਗਿਆ।ਓਹਦੀ ਮੰਮੀ ਨੇ ਉਸਨੂੰ ਬਹੁਤ ਸਮਝਾਇਆ,ਤੇ ਘਰ ਚ ਕਲੇਸ਼ ਦੇ ਡਰ ਤੋਂ ਉਸਦੇ ਪਾਪਾ ਨੂੰ ਨਹੀਂ ਦੱਸਿਆ।

ਗੁਰਪ੍ਰੀਤ ਦੇ ਇਕ ਦੋਸਤ ਨੇ ਉਸਨੂੰ ਇੱਕ ਫੈਕਟਰੀ ਬਾਰੇ ਦੱਸਿਆ ਕਿ HIRING ਹੋ ਰਹੀ ਆ।ਗੁਰਪ੍ਰੀਤ ਦੱਸੇ ਪਤੇ ਤੇ ਦੂਜੇ ਦਿਨ ਹੀ ਆਪਣੇ ਡਾਕੂਮੈਂਟ ਲੈਕੇ ਚਲਾ ਗਿਆ।ਓਹਨਾ ਨੇ ਗੁਰਪ੍ਰੀਤ ਦੀ ਇੰਟਰਵਿਊ ਲਈ ਤਾਂ ਓਹ ਸਲੈਕਟ ਹੋ ਗਿਆ।ਉਸਨੂੰ ਆਨ ਸਾਈਟ ਟੈਕਨੀਸ਼ੀਅਨ ਦੀ ਨੌਕਰੀ ਮਿਲ ਗਈ। ਸੇਲੈਰੀ ਵੀ ਵਧੀਆ ਸੀ।ਜਦੋਂ ਘਰ ਆ ਕੇ ਦੱਸਿਆ ਤਾਂ ਘਰਦੇ ਬਹੁਤ ਹੀ ਖੁਸ਼ ਹੋਏ।ਸ਼ਾਮ ਨੂੰ ਨਾਜ਼ੀਆ ਨੂੰ ਫੋਨ ਕਰਕੇ ਦਸਿਆ ਨਾਜ਼ੀਆ ਵੀ ਬਹੁਤ ਖੁਸ਼ ਹੋਈ।

ਨਾਜ਼ੀਆ ਨੇ ਗੁਰਪ੍ਰੀਤ ਕੋਲੋ ਇਸ ਗੱਲ ਦੀ ਪਾਰਟੀ ਮੰਗੀ ਤਾਂ ਦੂਜੇ ਦਿਨ ਹੀ ਗੁਰਪ੍ਰੀਤ ਫਗਵਾੜੇ ਚਲਾ ਗਿਆ।ਓਹਨਾ ਨੇ ਓਥੇ ਪਹਿਲਾਂ ਨਾਸ਼ਤਾ ਕੀਤਾ ਅਤੇ ਫੇਰ ਫਿਲਮ ਵੇਖਣ ਲਈ ਜਲੰਧਰ pvr mall ਚਲੇ ਗਏ।ਪੂਰਾ ਦਿਨ ਇਕਠੇ ਘੁੰਮੇ ਤੇ ਸ਼ਾਮ ਨੂੰ ਵਾਪਸ ਆਏ।ਹੁਣ ਨਾਜ਼ੀਆ ਨੂੰ ਮਹਿਸੂਸ ਹੋ ਰਿਹਾ ਸੀ ਕੇ ਗੁਰਪ੍ਰੀਤ ਅੱਗੇ ਕੁਝ ਕਰ ਲਏਗਾ।ਫੇਰ ਤੋਂ ਇਕ ਆਸ ਦੀ ਕਿਰਨ ਦਿਖਾਈ ਦੇ ਰਹੀ ਸੀ।

ਹੁਣ ਗੁਰਪ੍ਰੀਤ ਨੇ ਹਰ ਰੋਜ਼ ਕੰਮ ਤੇ ਜਾਣਾ ਸ਼ੁਰੂ ਕਰ ਦਿੱਤਾ ਸੀ,ਗੁਰਪ੍ਰੀਤ ਬਹੁਤ ਹੀ ਦਿਲ ਲਗਾ ਕੇ ਕੰਮ ਕਰਦਾ ਸੀ।ਘਰ ਵੀ ਖਰਚਾ ਦੇਣ ਲੱਗ ਗਿਆ ਸੀ।ਹੌਲੀ ਹੌਲੀ ਗੁਰਪ੍ਰੀਤ ਨੇ ਮਾਲਕਾ ਨਾਲ ਬਹੁਤ ਬਣਾ ਲਈ ਸੀ।ਓਹਨਾ ਨੇ ਉਸਨੂੰ ਆਉਣ ਜਾਣ ਲਈ ਬਾਈਕ ਦਿੱਤੀ ਹੋਈ ਸੀ। ਉਸਦੀ ਪ੍ਰਮੋਸ਼ਨ ਕਰਕੇ ਓਹਨੂੰ ਸੁਪਰਵਾਈਜ਼ਰ ਦੀ ਜੌਬ ਦੇ ਦਿੱਤੀ ਸੀ।ਗੁਰਪ੍ਰੀਤ ਦੇ ਘਰ ਦੇ ਹਾਲਾਤ ਵੀ ਸੁਧਰ ਗਏ ਸੀ।ਮਾਲਕ ਉਸਤੇ ਭਰੋਸਾ ਬਹੁਤ ਕਰਦੇ ਸੀ।ਬੈਂਕ ਦੇ ਕੰਮ ਪੈਸਿਆਂ ਦਾ ਲੈਣ ਦੇਣ ਸਭ ਕੁਝ ਗੁਰਪ੍ਰੀਤ ਦੇ ਹੱਥ ਸੀ।ਇਕ ਗੱਲ ਸੀ ਓਹ ਕਦੇ ਮਾਲਕਾ ਦੇ ਘਰ ਨੀ ਗਿਆ ਸੀ।ਇਕ ਦਿਨ ਮਾਲਕ ਦੀ ਤਬੀਅਤ ਖਰਾਬ ਹੋ ਗਈ ਤਾਂ ਇਕ ਗਾਹਕ ਨੂੰ ਬਹੁਤ ਜਰੂਰੀ ਪੈਮੇਂਟ ਕਰਨੀ ਸੀ,ਮਾਲਕ ਘਰ ਹੀ ਸੀ।ਗੁਰਪ੍ਰੀਤ ਨੇ ਫੋਨ ਕੀਤਾ ਕੇ ਸਰ ਮਿਸਟਰ ਬੰਗਾ ਪੈਮੇਂਟ ਲਈ  ਆਏ ਹੋਏ ਨੇ ਓਹਨਾ ਨੂੰ ਆਪਾਂ ਅੱਜ ਦਾ ਟਾਇਮ ਦਿੱਤਾ ਸੀ।ਹੁਣ ਚੈੱਕ ਤੇ ਸਾਈਨ ਚਾਹੀਦੇ ਹਨ ਤਾਂ ਮਾਲਕ ਨੇ ਕਿਹਾ ਮੈਂ ਨਹੀਂ ਆ ਸਕਦਾ ਤੂੰ ਘਰ

ਆਜਾ,ਗੁਰਪ੍ਰੀਤ ਨੇ ਘਰ ਦੀ location ਮੰਗਵਾ ਲਈ ਤੇ ਦਿੱਤੇ ਪਤੇ ਤੇ ਪੁੱਜ ਗਿਆ ਓਹ ਜਾਂਦਾ ਜਾਂਦਾ ਵੇਖ ਰਿਹਾ ਸੀ ਕੇ ਇਹ ਤਾਂ ਨਾਜ਼ੀਆ ਦੇ ਮਾਮੇ ਦੇ ਘਰ ਵੱਲ ਨੂੰ ਰਾਹ ਜਾਂਦਾ,ਓਹ ਸਿੱਧਾ ਨਾਜ਼ੀਆ ਦੇ ਮਾਮੇ ਦੇ ਘਰ ਹੀ ਪੁੱਜਿਆ।ਓਹ ਹੈਰਾਨ ਸੀ ਕੇ ਇਹ ਕਿਵੇਂ ਹੋ ਸਕਦਾ।ਓਹਨੇ ਘਰ ਦੇ ਬਾਹਰ ਖੜ ਕੇ ਡਰਦੇ ਡਰਦੇ ਕਾਲ ਕੀਤੀ ਸਰ ਮੈਂ ਬਾਹਰ ਖੜਾ ਤਾਂ ਨਾਜ਼ੀਆ ਦੇ ਮਾਮੇ ਦਾ ਲੜਕਾ ਓਹਨੂੰ ਲੈਣ ਅੰਦਰ ਆਇਆ।ਓਹ ਅੰਦਰ ਜਾਂਦਾ ਜਾਂਦਾ ਸੋਚ ਰਿਹਾ ਸੀ ਰੱਬਾ ਅੱਜ ਇਸ ਘਰ ਦਾ ਰਸਤਾ ਦਿਖਾਇਆ ਜਦ ਨਾਜ਼ੀਆ ਇਥੋਂ ਚਲੇ ਗਈ।ਓਹ ਅੰਦਰ ਗਿਆ ਸਾਈਨ ਕਰਵਾਏ ਚਾਹ ਪੀਕੇ ਵਾਪਸ ਆ ਗਿਆ।ਘਰ ਆ ਕੇ ਨਾਜ਼ੀਆ ਨੂੰ ਦਸਿਆ ਕਿ ਯਾਰ ਅੱਜ ਮੈਂ ਤੇਰੇ ਮਾਮੇ ਦੇ ਘਰ ਗਿਆ ਸੀ,ਮੈਨੂੰ ਤਾਂ ਪਤਾ ਹੀ ਨਹੀਂ ਕਹਿ ਮੈਂ ਏਨੇ ਟਾਇਮ ਤੋਂ ਓਹਨਾ ਕੋਲ ਕੰਮ ਕਰ ਰਿਹਾ।ਯਾਰ ਓਹ ਬਹੁਤ ਵਧੀਆ ਇਨਸਾਨ ਆ।ਨਾਜ਼ੀਆ ਖੁਸ਼ ਸੀ ਕੇ ਮਾਮਾ ਜੀ ਕੋਲ ਨੌਕਰੀ ਕਰਦਾ ਗੁਰਪ੍ਰੀਤ।ਪਰ ਡਰ ਵੀ ਰਹੀ ਸੀ ਕਿ ਕਿਤੇ ਉਣਾਂਦੀ ਮੁਹੱਬਤ ਬਾਰੇ ਪਤਾ ਨਾ ਚੱਲ ਜਾਵੇ।

ਦੂਜੇ ਪਾਸੇ ਗੁਰਪ੍ਰੀਤ ਹੁਣ ਓਹਨਾ ਦੇ ਦਿਲ ਚ ਜਗ੍ਹਾ ਬਣਾ ਰਿਹਾ ਸੀ ਕੇ ਮੈਂ ਇਹਨਾਂ ਦੀ ਨਜ਼ਰ ਚ ਜਚ ਜਾਵਾਂ ਤਾਂ ਇਹ ਸਾਡਾ ਵਿਆਹ ਕਰਾਉਣ ਚ ਮਦਦ ਕਰ ਦੇਣਗੇ।ਉਸ ਦਿਨ ਤੋਂ ਗੁਰਪ੍ਰੀਤ  ਮਾਲਕ ਦੀਆਂ ਨਜ਼ਰਾਂ ਚ ਵਧੀਆ ਬਣਨ ਲਈ ਡਬਲ ਮਿਹਨਤ ਕਰ ਰਿਹਾ ਸੀ।

✿✿✿✿✿✿

## ਭਾਗ -22

ਗੁਰਪ੍ਰੀਤ ਨੂੰ ਜਦੋਂ ਦਾ ਪਤਾ ਚੱਲਿਆ ਸੀ ਕੇ ਓਹ ਨਾਜ਼ੀਆ ਦੇ ਮਾਮੇ ਦੀ ਫੈਕਟਰੀ ਚ ਨੌਕਰੀ ਕਰਦਾ ਆ ਤਾਂ ਉਸਨੇ ਉਸੇ ਦਿਨ ਤੋਂ ਸੋਚ ਲਿਆ ਸੀ ਕੇ ਮਾਮੇ ਦੇ ਦਿਲ ਚ ਕਿਸੀ ਤਰੀਕੇ ਜਗ੍ਹਾ ਬਣਾਉਣੀ ਆ।ਹੁਣ ਓਹ ਮਾਮੇ ਦੇ ਦਿਲ ਚ ਜਾਣ ਵਾਲੀ ਪੌੜੀ ਬਾਰੇ ਸੋਚਣ ਲੱਗਾ ਸੀ।ਓਹਨੇ ਸੁਣਿਆ ਹੋਇਆ ਸੀ ਕੇ ਵੱਡੇ ਬੰਦਿਆਂ ਦਾ ਦਿਲ ਜਿੱਤਣ ਲਈ ਓਹਨਾ ਦੀ ਜੀ ਹਜ਼ੂਰੀ ਤਾਂ ਕਰਨੀ ਹੀ ਪੈਂਦੀ ਆ।ਓਹਨੇ ਸਾਰਾ ਕੁਝ ਨਾਜ਼ੀਆ ਤੋਂ ਪਤਾ ਕਰ ਲਿਆ ਸੀ ਕੇ ਮਾਮੇ ਨੂੰ ਕੀ ਪਸੰਦ ਆ ਜਾਂ ਕੀ ਨਹੀਂ, ਹਰ ਚੀਜ਼ ਪਤਾ ਕਰ ਲਈ ਸੀ।

ਪਹਿਲਾਂ ਓਹ ਇਕੱਲਾ ਆਪਣੇ ਕੰਮ ਤੇ ਹੀ ਧਿਆਨ ਦਿੰਦਾ ਸੀ,ਪਰ ਹੁਣ ਮਾਮੇ ਦੀਆਂ ਨਜ਼ਰਾ ਚ ਆਉਣ ਲਈ ਉਸਨੇ ਬਾਕੀ ਕੰਮ ਵੀ ਵੇਖਣੇ ਸ਼ੁਰੂ ਕਰ ਦਿੱਤੇ ਸੀ।

ਨਾਜ਼ੀਆ ਦੇ ਮਾਮੇ ਦੀਆਂ ਦੀ ਦੋ ਫੈਕਟਰੀਆਂ ਚਲਦੀਆ ਸੀ,ਇਕ ਪੁਰਾਣੀ ਸੀ ਤੇ ਜਿੱਥੇ ਗੁਰਪ੍ਰੀਤ ਕੰਮ ਕਰਦਾ ਸੀ ਓਹ ਨਵੀਂ ਤੇ ਥੋੜੀ ਦੇਰ ਪਹਿਲਾਂ ਹੀ ਬਣਾਈ ਸੀ।ਇਹ ਨਵੀਂ ਫੈਕਟਰੀ ਚ ਹਜੇ ਵਰਕਰ ਘੱਟ ਹੀ ਸੀ।ਜਦੋਂ ਮਾਮੇ ਨੇ ਵੇਖਿਆ ਕਿ ਗੁਰਪ੍ਰੀਤ ਸਾਰਾ ਕੰਮ ਵਧੀਆ ਕਰ ਰਿਹਾ ਤਾਂ ਮਾਮਾ ਫੈਕਟਰੀ ਬਹੁਤ ਘੱਟ ਜਾਂਦਾ ਸੀ।ਸਾਰਾ ਕੰਮ ਗੁਰਪ੍ਰੀਤ ਵੇਖ ਰਿਹਾ ਸੀ।ਯਕੀਨ ਤਾਂ ਮਾਲਕਾ ਦਾ ਬਣਿਆ ਹੀ ਸੀ।ਸਾਰੇ ਬੰਦੇ ਗੁਰਪ੍ਰੀਤ ਦੇ ਅੰਡਰ ਹੀ ਕੰਮ ਕਰਦੇ ਸੀ।

ਗੁਰਪ੍ਰੀਤ ਨੂੰ ਪਤਾ ਸੀ ਕਿ ਫੈਕਟਰੀ ਚ ਅਕਾਊਂਟ ਵਾਲਾ ਬੰਦਾ ਕੁੰਡੀ ਲਾਉਂਦਾ ਆ,ਓਹਨੇ ਪਹਿਲਾਂ ਭੇਦ ਕੱਢਿਆ। ਓਹ ਵਾਕਿਆ ਹੀ ਹੇਰਾ ਫੇਰੀ ਕਰਦਾ ਸੀ।ਗੁਰਪ੍ਰੀਤ ਨੇ ਪੂਰੇ ਪਰੂਫ ਇਕਠੇ ਕੀਤੇ ਹੋਏ ਸੀ।ਓਹਨੇ ਸਾਰੇ ਪਰੂਫ ਇਕਠੇ ਕਰਕੇ ਮਾਲਕਾ ਨੂੰ ਪੇਸ਼ ਕਰ ਦਿੱਤੇ ਸੀ ਜਦੋਂ ਮਾਲਕਾ ਨੂੰ ਪਤਾ ਲੱਗਿਆ ਤਾਂ ਵੇਖਿਆ ਕੇ ਓਹਨੇ ਹਰ ਮਹੀਨੇ ਦੇ ਬਜਟ ਚ 45-50 ਹਜਾਰ ਦਾ ਘਪਲਾ ਕੀਤਾ ਹੋਇਆ ਸੀ।ਮਾਲਕਾ ਨੇ ਉਸੇ ਵਕਤ ਬੰਦੇ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਅਤੇ ਗੁਰਪ੍ਰੀਤ ਨੂੰ ਸ਼ਾਬਸ਼ੀ ਦਿੱਤੀ ਅਤੇ ਮਾਲਕ ਗੁਰਪ੍ਰੀਤ ਦੇ ਕੰਮ ਤੋਂ ਬਹੁਤ ਖੁਸ਼ ਹੋਏ।ਓਹਨਾ ਨੇ ਵੇਖਿਆ ਕਿ ਇਹ ਬੰਦਾ ਬਹੁਤ ਕੰਮ ਦਾ ਆ।ਓਹਨਾ ਨੇ ਸਾਰਾ ਕੰਮ ਹੀ

ਗੁਰਪ੍ਰੀਤ ਨੂੰ ਦੇ ਦਿੱਤਾ।ਹੁਣ ਅਕਾਊਂਟ ਦਾ ਕੰਮ ਵੀ ਗੁਰਪ੍ਰੀਤ ਹੀ ਵੇਖਦਾ ਸੀ।

ਹੁਣ ਨਾਜ਼ੀਆ ਦਾ ਮਾਮਾ ਗੁਰਪ੍ਰੀਤ ਤੇ ਬਹੁਤ ਯਕੀਨ ਕਰਦਾ ਸੀ,ਹਮੇਸ਼ਾ ਨਾਲ ਹੀ ਰੱਖਦਾ ਸੀ।ਇਕ ਤਾਂ ਗੁਰਪ੍ਰੀਤ ਵੇਖਣ ਚ ਨਿਆਣਾ ਸੀ ਦੂਜਾ ਓਹ ਸ਼ਕਲੋਂ ਸ਼ਰੀਫ਼ ਸੀ।ਕੋਈ ਵੀ ਓਹਦੇ ਤੇ ਸ਼ੱਕ ਨਹੀਂ ਕਰ ਸਕਦਾ ਸੀ।ਗੁਰਪ੍ਰੀਤ ਅਕਸਰ ਮਾਮੇ ਦੇ ਘਰ ਵੀ ਆ ਜਾਂਦਾ ਸੀ।ਨਾਜ਼ੀਆ ਦੇ ਮਾਮੀ ਨੇ ਕਿਤੇ ਜਾਣਾ ਹੁੰਦਾ ਸੀ ਤਾਂ ਓਹ ਅਕਸਰ ਗੁਰਪ੍ਰੀਤ ਦੇ ਨਾਲ ਚਲੇ ਜਾਂਦੇ ਸੀ।ਗੁਰਪ੍ਰੀਤ ਘਰ ਆ ਕੇ ਸਾਰੀਆਂ ਗੱਲਾਂ ਨਾਜ਼ੀਆ ਨੂੰ ਦੱਸਦਾ ਹੁੰਦਾ ਸੀ।ਨਾਜ਼ੀਆ ਸੁਣ ਕੇ ਖੁਸ਼ ਹੁੰਦੀ ਸੀ ਓਹਨਾ ਨੂੰ ਪੂਰੀ ਆਸ ਸੀ ਕਿ ਜਦੋਂ ਵਿਆਹ ਦੀ ਗੱਲ ਚਲੇਗੀ ਤਾਂ ਮਾਮਾ ਜੀ ਜਰੂਰ ਹੈਲਪ ਕਰਨਗੇ।ਪਰ ਅੱਗੇ ਕਿ ਹੋਣਾ ਦੋਨੋ ਅਣਜਾਣ ਸੀ।

ਗੁਰਪ੍ਰੀਤ ਨਾਜ਼ੀਆ ਦੋਨੋ ਬਹੁਤ ਹੀ ਖੁਸ਼ ਸੀ ਕੇ ਚਲੋ ਜੀ ਸਾਨੂੰ ਮਾਮਾ ਜੀ ਵਲੋਂ ਸਪੋਰਟ ਮਿਲ ਜਾਣੀ ਆ।ਨਿਆਣਾ ਦਿਮਾਗ ਸੀ ਬਸ ਇਹੀ ਸੋਚ ਰਹੇ ਸੀ ਕੇ ਗੁਰਪ੍ਰੀਤ ਮਾਮੇ ਦੇ ਏਨਾ ਕਲੋਜ਼ ਆ ਤਾਂ ਮਾਮਾ ਓਹਦੀ ਗੱਲ ਨਹੀਂ ਮੋੜੇਗਾ। ਪਰ ਓਹ ਭੁੱਲ ਗਏ ਸੀ ਕੇ ਕੰਮ ਤਾਂ ਓਹਨਾ ਦੇ ਅੰਡਰ ਹੀ ਕਰਦਾ ਸੀ।

ਫੈਕਟਰੀ ਵਿਚ ਕਈ ਬੰਦੇ ਗੁਰਪ੍ਰੀਤ ਨਾਲ ਖਾਰ ਖਾਣ ਲੱਗ ਗਏ ਸੀ ਅਤੇ ਮਾਲਕ ਕੋਲ ਗੁਰਪ੍ਰੀਤ ਦੀਆਂ ਸ਼ਿਕਾਇਤਾਂ ਕਰਦੇ ਰਹਿੰਦੇ ਸਨ ਕੇ ਇਹ ਫੋਨ ਤੇ ਲੱਗਾ ਰਹਿੰਦਾ ਕੰਮ ਨਹੀਂ ਵੇਖਦਾ ਕਾਫੀ ਕੁਝ ਦਸਦੇ ਰਹਿੰਦੇ ਸੀ ਪਰ ਮਾਲਕਾਂ ਨੂੰ ਪੂਰਾ ਯਕੀਨ ਸੀ ਓਹ ਜਦੋਂ ਵੀ ਗੁਰਪ੍ਰੀਤ ਨੂੰ ਕੋਈ ਕੰਮ ਦਿੰਦੇ ਸੀ ਓਹ ਪੂਰੇ ਟਾਇਮ ਤੇ ਕਰ ਦਿੰਦਾ ਸੀ।ਓਹ ਗੁਰਪ੍ਰੀਤ ਨੂੰ ਕੁਝ ਨਹੀਂ ਕਹਿੰਦੇ ਸੀ।

ਗੁਰਪ੍ਰੀਤ ਘਰ ਵਲੋਂ ਵੀ ਸੌਖਾ ਹੋ ਗਿਆ ਸੀ, ਦੂਜਾ ਮਾਲਕਾ ਨੇ ਬਾਈਕ ਦਿੱਤੀ ਹੋਈ ਸੀ ਓਹ ਹੁਣ ਥੋੜਾ ਹਵਾ ਚ ਆ ਗਿਆ ਸੀ।

ਨਾਜ਼ੀਆ ਦੀ ਪੜਾਈ ਵੀ ਪੂਰੀ ਹੋ ਗਈ ਸੀ ਹੁਣ ਵੇਹਲੀ ਹੀ ਸੀ।ਘਰਦੇ ਉਸਨੂੰ ਵਿਆਹ ਦਾ ਕਹਿਣ ਲੱਗ ਗਏ ਸੀ।ਨਾਜ਼ੀਆ ਨੇ ਕਿਸੀ ਤਰਾਂ ਕਹਿ ਕੇ ਮਨਾ ਲਿਆ ਸੀ ਕੇ 25ਸਾਲ ਤਕ ਵਿਆਹ ਨਾ ਕਰਿਓ ।25 ਤੋਂ ਬਾਦ ਚਾਹੇ ਅਗਲੇ ਦਿਨ ਮੇਰਾ ਵਿਆਹ ਕਰ ਦਿਓ।ਘਰਦਿਆਂ ਨੇ ਓਹਦੀ ਗੱਲ ਮੰਨ ਲਈ ਸੀ।

ਪਰ ਨਾਜ਼ੀਆ ਦੇ ਘਰਦੇ ਅਕਸਰ ਗੱਲਾਂ ਕਰਦੇ ਰਹਿੰਦੇ ਸੀ ਕੇ ਅਸੀਂ ਨਾਜ਼ੀਆ ਲਈ ਕੋਈ ਵਧੀਆ ਨੌਕਰੀ ਵਾਲਾ ਮੁੰਡਾ ਲੱਭਣਾ।ਕਦੇ ਕਹਿੰਦੇ ਕੇ ਡਾਕਟਰ ਮੁੰਡਾ ਲੱਭਣਾ ਕਦੇ ਕਹਿੰਦੇ ਆਪਣੇ ਬਿਜਨੇਸ ਵਾਲਾ ਮੁੰਡਾ ਲੱਭਣਾ।ਜਦੋਂ ਨਾਜ਼ੀਆ ਅਕਸਰ ਇਹ ਗੱਲਾਂ ਸੁਣਦੀ ਤਾਂ ਗੁਰਪ੍ਰੀਤ ਨੂੰ ਇਹਨਾਂ ਗੱਲਾਂ ਨਾਲ ਤੋਲ ਕੇ ਵੇਖਦੀ ਤਾਂ ਗੁਰਪ੍ਰੀਤ ਕਿਤੇ ਵੀ ਪੂਰਾ ਨਹੀਂ ਆਉਂਦਾ ਸੀ।ਓਹ ਇਹ ਸੋਚ ਕੇ ਡਰ ਜਾਂਦੀ ਸੀ।ਓਹ ਆਪਣੇ ਘਰ ਚ ਗੁਰਪ੍ਰੀਤ ਬਾਰੇ ਗੱਲ ਕਰਨਾ ਚਾਹੁੰਦੀ ਸੀ ਪਰ ਡਰ ਜਾਂਦੀ ਸੀ।ਓਹ ਗੁਰਪ੍ਰੀਤ ਅੱਗੇ ਕੋਈ ਵੀ ਇਸ ਤਰਾਂ ਦੀ ਗੱਲ ਨਹੀਂ ਕਰਦੀ ਸੀ,ਕਿਤੇ ਗੁਰਪ੍ਰੀਤ ਟੈਂਸ਼ਨ ਨਾ ਲਵੇ।ਪਰ ਅੰਦਰੋ ਅੰਦਰੀ ਡਰਦੀ ਰਹਿੰਦੀ ਸੀ।ਗੁਰਪ੍ਰੀਤ ਨੇ ਤਾਂ ਪੂਰਾ ਮੰਨ ਬਣਾਇਆ ਹੋਇਆ ਸੀ ਕੇ ਡੁੱਬਦੀ ਬੇੜੀ ਨੂੰ ਮਾਮਾ ਜੀ ਪਾਰ ਲਗਾ ਦੇਣਗੇ।ਓਹ ਬੇਫ਼ਿਕਰ ਹੋਕੇ ਜ਼ਿੰਦਗੀ ਜੀ ਰਿਹਾ ਸੀ।

ਪਹਿਲਾਂ ਜਦੋਂ ਗੁਰਪਰੀਤ ਹੁਣਾ ਦੀ ਫੈਕਟਰੀ ਜਲ ਗਈ ਸੀ ਬਹੁਤ ਮਾੜੇ ਦਿਨ ਆ ਗਏ ਸੀ ਤਾਂ ਓਹਨੇ ਗੁਰੂ ਘਰ ਜਾਣਾ ਛੱਡ ਦਿੱਤਾ ਸੀ ਪਾਠ ਵੀ ਕਰਨਾ ਛੱਡ ਦਿੱਤਾ ਸੀ।ਨਾਜ਼ੀਆ ਅਕਸਰ ਕੇਹੰਦੀ ਹੁੰਦੀ ਸੀ ਕੇ ਰੱਬ ਦਾ ਨਾਮ ਲਿਆ ਕਰੋ ਤਾਂ ਕੇਹੰਦਾ ਹੁੰਦਾ ਸੀ ਔਖੇ ਵੇਲੇ ਤਾਂ ਰੱਬ ਨੇ ਵੀ ਪੱਲਾ ਨਹੀਂ ਫੜਿਆ ਰਿਸ਼ਤੇਦਾਰਾਂ ਨੇ ਤਾਂ ਛੱਡਿਆ ਹੀ ਸੀ।ਰੱਬ ਤਾਂ ਦੁਨੀਆ ਤੇ ਹੈ ਹੀ ਨਹੀਂ।ਅਗਰ ਤੁਸੀਂ ਕਹਿੰਦੇ ਹੋ ਕੇ ਸਾਰੀ ਦੁਨੀਆ ਨੂੰ ਰੱਬ ਨੇ ਬਣਾਇਆ ਹੋਇਆ ਹੈ ਅਤੇ ਓਹ ਕਣ ਕਣ ,ਚ ਵਸਦਾ ਹੈ।ਓਹਦੇ ਲਈ ਤਾਂ ਰੱਬ ਮਰ ਹੀ ਚੁੱਕਾ ਸੀ।

ਪਰ ਹੁਣ ਜਦੋਂ ਸਾਰਾ ਕੁਝ ਠੀਕ ਹੋ ਗਿਆ ਸੀ ਘਰੋਂ ਵੀ ਠੀਕ ਹੋ ਗਿਆ ਸੀ ਤਾਂ ਓਹ ਨਾਜ਼ੀਆ ਨੂੰ ਕੇਹੰਦਾ ਸੀ ਕੇ ਤੂੰ ਸਾਰਾ ਕੁਝ ਠੀਕ ਕੇਹੰਦੀ ਸੀ ਕੇ ਸਾਰਾ ਕੁਝ ਰੱਬ ਹੀ ਕਰਵਾਉਂਦਾ ਹੈ ਚੰਗੇ ਮਾੜੇ ਵਕਤਾਂ ਵਿਚ ਬੰਦਿਆਂ ਨੂੰ ਪਰਖਣ ਲਈ ਹੀ ਪਾਉਂਦਾ ਹੈ।ਮੈਂ ਹੀ ਗਲਤੀ ਸੀ ਜੌ ਰੱਬ ਨੂੰ ਮਾੜਾ ਬੋਲਣ ਲੱਗ ਜਾਂਦਾ ਸੀ।ਹੁਣ ਦੁਬਾਰਾ ਤੋਂ ਪਾਠ ਕਰਨ ਲੱਗ ਗਿਆ ਸੀ ਤੇ ਗੁਰੂ ਘਰ ਜਾਣ ਲੱਗ ਗਿਆ ਸੀ।ਉੱਧਰ ਨਾਜ਼ੀਆ ਤਾਂ ਪਹਿਲਾਂ ਹੀ ਗੁਰਪ੍ਰੀਤ ਦੀ ਖ਼ੈਰ ਖੈਰੀਅਤ ਲਈ ਨਮਾਜ਼ਾਂ ਪੜਦੀ ਸੀ।

ਬਹੁਤ ਦੇਰ ਬਾਅਦ ਗੁਰਪ੍ਰੀਤ ਨੇ ਨਾਜ਼ੀਆ ਨੂੰ ਇੱਕ ਕਵਿਤਾ ਲਿਖ ਕੇ ਭੇਜੀ ਸੀ।

ਓਹ ਕਰੇ ਦੁਆਵਾ ਮੇਰੇ ਲਈ,

ਮੈਂ ਪਾਠ ਓਹਦੇ ਲਈ ਕੀਤੇ ਨੇ।।

ਓਹ ਪਾਕ ਸਾਫ਼ ਏ ਨੀਰ ਜਿਹੀ,

ਓਹਨੂੰ ਤੱਕਦਾ ਨਿੱਤ ਮਸੀਤੇ ਮੈਂ।।

ਓਹਦੇ ਲਈ ਮੱਥੇ ਟੇਕੇ  ਮੈਂ,

ਓਹਨੇ ਸਜਦੇ ਕੀਤੇ ਮੇਰੇ ਲਈ।।

ਮੈਂ ਦੁਨੀਆਂ ਦੇ ਨਾਲ ਲੜ ਸਕਦਾ,

ਓਹਦੇ ਖਿੜੇ ਫੁੱਲਾਂ ਜਿਹੇ ਚਿਹਰੇ ਲਈ।।

ਮੇਰੀ ਅਰਦਾਸ ਤੇ ਦੁਆ ਓਹਦੀ ਵਿੱਚ ,

ਇੱਕ ਦੂਜੇ ਦਾ ਨਾਮ ਹੁੰਦਾ।।

ਓਹਨੂੰ ਮੈਨੂੰ ਤੱਕ ਸਕੂਨ ਮਿਲੇ,

ਮੇਰਾ ਦੇਖ ਓਹਨੂੰ ਆਰਾਮ ਹੁੰਦਾ।।

ਓਹ ਗੱਲਾਂ ਕਰਦੀ ਜੀ ਭਰ ਕੇ,

ਓਹਨੂੰ ਤੱਕਦਾ ਚੁੱਪ ਚੁਪੀਤੇ ਮੈਂ।।

ਓਹ ਕਰੇ ਦੁਆਵਾ ਮੇਰੇ ਲਈ,

ਮੈਂ ਪਾਠ ਓਹਦੇ ਲਈ ਕੀਤੇ ਨੇ।।

ਨਾਜ਼ੀਆ ਨੇ ਬਹੁਤ ਦਿਨਾ ਬਾਅਦ ਗੁਰਪ੍ਰੀਤ ਦੀ ਲਿਖੀ ਹੋਈ ਕਵਿਤਾ ਪੜੀ ਸੀ ਤੇ ਰੱਬ ਦਾ ਸ਼ੁਕਰ ਮਨਾ ਰਹੀ ਸੀ ਕੇ ਸ਼ੁਕਰ ਆ ਅੱਲ੍ਹਾ ਜੀ ਤੁਸੀ ਗੁਰਪ੍ਰੀਤ ਨੂੰ ਸਮਝ ਦਿੱਤੀ ਤੇ ਦੁਬਾਰਾ ਸਹੀ ਰਸਤੇ ਤੇ ਲੈਕੇ ਆਏ ੳ।

ਦੋਨਾਂ ਚ ਪਿਆਰ ਵੀ ਏਨਾ ਸੀਂ ਕੇ ਇਕ ਦੂਜੇ ਬਿਨਾ ਸਾਹ ਨਹੀਂ ਲੈਂਦੇ ਸੀ ਤੇ ਲੜਦੇ ਵੀ ਏਨਾ ਸੀ ਕੇ ਅਗਰ ਕੋਈ ਬੰਦਾ ਵੇਖੇ ਤਾਂ ਕਹੇ ਕੇ ਇਹਨਾਂ ਦਾ ਤਾਂ ਕੁਝ ਹੋ ਨਹੀਂ ਸਕਦਾ,ਇਕਠੇ ਰਹਿ ਹੀ ਨੀ ਸਕਦੇ। ।ਗੁਰਪ੍ਰੀਤ ਨਾਜ਼ੀਆ ਨੂੰ ਨਾਜ਼ੋ ਜਾਂ ਮੋਟੋ ਹੀ ਜਿਆਦਾ ਕਹਿੰਦਾ ਸੀ,ਨਾਜ਼ੀਆ ਵੀ ੳਹਨੂੰ ਗੋਪੂ ਜਾਂ ਪਾਗ਼ਲ ਕਹਿ ਕੇ ਬੁਲਾਉਂਦੀ ਸੀ।ਗੁਰਪ੍ਰੀਤ ਕਈ ਵਾਰ ਨਾਜ਼ੀਆ ਨੂੰ ਕਹਿੰਦਾ ਕੇ ਤੂੰ ਮੈਨੂੰ ਆਹ ਪਾਗ਼ਲ ਤਾਂ ਨਾ ਕਿਹਾ ਕਰ ਤਾਂ ੳਹ ਅੱਗਿਓਂ ਹੱਸ ਕੇ ਕੇਹੰਦੀ ਹੁਣ ਜੌ ਬੰਦਾ ਹੈਗਾ ੳਹੀ ਕਹਾਂਗੇ।ਗੁਰਪ੍ਰੀਤ ਕਈ ਵਾਰ ਜ਼ਿਦ ਕਰਨ ਲੱਗ ਜਾਂਦਾ ਸੀ ਕੇ ਮੈਨੂੰ ਸ਼ੋਨਾ ਬੁੱਗੇ ਮਿੱਠਾ ਏਦਾ ਦੇ ਨਾਮ ਨਾਲ ਬੁਲਾਇਆ ਕਰ ਕਦੇ ਪਿਆਰ ਦਿਖਾਇਆ ਕਰ ਨਾਜ਼ੀਆ ਨੇ ਕਦੇ ਵੀ ਆਹ ਨਾਮ ਨਹੀਂ ਵਰਤੇ ਸੀ ਸਗੋਂ ਕੇ ਕਦੇ ਗੁਰਪ੍ਰੀਤ ਏਦਾਂ ਦੇ ਨਾਮ ਲੈਂਦਾ ਸੀ ਤਾਂ ੳਹਨੂੰ ਵੀ ਟੋਕ ਦਿੰਦੀ ਸੀ ਤੇ ਕੇਹੰਦੀ ਸੀ ਇਹ ਤਾਂ ਹਰ ਕੋਈ ਲੈਂਦਾ ਮੈਨੂੰ ਨੀ ਪਸੰਦ ਇਸ ਤੋਂ ਚੰਗਾ ਮੈਨੂੰ ਬਿਨਾ ਨਾਮ ਤੋਂ ਹੀ ਬੁਲਾਇਆ ਕਰ।ਅਸਲ ਚ ਆਹ ਜਾਨ ਬੱਗਾ,ਖੰਡ ਮਿਸ਼ਰੀ ਤੋਂ ਬਹੁਤ ਅੱਗੇ ਨਿਕਲ ਗਏ ਸੀ।ਦੋਵਾਂ ਦੀ ਇਕ ਗੱਲ ਬਹੁਤ ਵਧੀਆ ਸੀ ਭਾਂਵੇ ਦੋਨਾਂ ਦੀ ਉਮਰ ਸੇਮ ਸੀ ਪਰ ਇਕ ਦੂਜੇ ਨੂੰ ਕਹਿੰਦੇ ਹਮੇਸ਼ਾ "ਤੁਸੀ" ਹੀ ਸੀ। ਇੱਕ ਵਾਰ ਗੁਰਪ੍ਰੀਤ ਨੇ ਨਾਜ਼ੀਆ ਨਾਲ ਲੜਕੇ ਗਾਲ ਕੱਢ ਦਿੱਤੀ ਸੀ ਤਾਂ ਨਾਜ਼ੀਆ ਨੇ ਇਕ ਹਫਤੇ ਤੱਕ ਬੁਲਾਇਆ ਨਹੀਂ ਸੀ ਤੇ ਹਰ ਪਾਸਿਓਂ ਬਲੋਕ ਮਾਰਤਾ ਸੀ।ਬਹੁਤ ਮਿੰਨਤਾ ਕਰ ਕੇ ਨਾਜ਼ੀਆ ਨੂੰ ਮਨਾਇਆ ਸੀ।

✿✿✿✿✿✿

## ਭਾਗ -23

ਨਾਜ਼ੀਆ ਘਰ ਫ੍ਰੀ ਸੀ, ਓਹਨੇ ਮਾਮੇ ਕੇ ਰਹਿਣ ਜਾਣ ਦਾ ਪਲੈਨ ਬਣਾਇਆ ਹੋਇਆ ਸੀ।ਘਰਦਿਆਂ ਨੇ ਵੀ ਮਨਾ ਨਹੀਂ ਕੀਤਾ। ਮਾਮੇ ਕੇ ਜਾਣਾ ਤਾਂ ਬਹਾਨਾ ਸੀ ਮਿਲਣਾ ਤਾਂ ਗੁਰਪ੍ਰੀਤ ਨੂੰ ਸੀ।ਗੁਰਪ੍ਰੀਤ ਮਿਲਣ ਜਾਣ ਤੋਂ ਪਹਿਲਾਂ ਨਾਜ਼ੀਆ ਨਾਲ ਫੋਨ ਤੇ ਗੱਲ ਕਰ ਰਿਹਾ ਸੀ। ਓਹਨਾ ਨੇ ਰੱਖ ਬਾਗ਼ ਮਿਲਣ ਦਾ ਪਲੈਨ ਬਣਾਇਆ ਸੀ,ਪਰ ਗੁਰਪ੍ਰੀਤ ਨੂੰ ਪਤਾ ਨਹੀਂ ਸੀ ਕੇ ਕੋਈ ਬੰਦਾ ਉਸਦਾ ਪਿੱਛਾ ਕਰ ਰਿਹਾ ਆ।

ਫੈਕਟਰੀ ਦਾ ਕੈਸ਼ੀਅਰ ਵੀ ਗੁਰਪ੍ਰੀਤ ਨਾਲ ਖਾਰ ਖਾਂਦਾ ਸੀ ਓਹਨੇ ਗੁਰਪ੍ਰੀਤ ਨੂੰ ਫੋਨ ਤੇ ਗੱਲਾਂ ਕਰਦੇ ਹੋਏ ਸੁਣ ਲਿਆ ਸੀ ਜਦੋਂ ਓਹ ਮਿਲਣ ਲਈ ਰੱਖ ਬਾਗ਼ ਗਏ ਤਾਂ ਓਹਨੇ ਮਾਲਕਾ ਨੂੰ ਫੋਨ ਕਰ ਦਿੱਤਾ ਕਿ ਗੁਰਪਰੀਤ ਤੁਹਾਡੀ ਗੱਡੀ ਦੀ ਗਲਤ ਵਰਤੋਂ ਕਰਦਾ ਅਤੇ ਕੰਮ ਤੋਂ ਵੀ ਚਲਾ ਜਾਂਦਾ ਆ।ਓਹਨੇ ਪਹਿਲਾਂ ਵੀ ਇਹ ਮਾਲਕਾ ਨੂੰ ਦਸਿਆ ਸੀ ਪਰ ਓਹਨਾ ਨੇ ਕਦੇ ਯਕੀਨ ਨਹੀਂ ਕੀਤਾ ਸੀ।ਅੱਜ ਜਦੋਂ ਦਸਿਆ ਤਾਂ ਓਹਨੇ ਨਾਲ ਇਹ ਵੀ ਦੱਸ ਦਿੱਤਾ ਕੇ ਗੁਰਪ੍ਰੀਤ ਨੇ ਦੁਪਹਿਰੇ ਇੱਕ ਵਜੇ ਜਾਣਾ ਰੱਖ ਬਾਗ਼ ਤੁਸੀ ਖੁਦ ਜਾ ਕੇ ਵੇਖ ਸਕਦੇ ਓ।ਕੈਸ਼ੀਅਰ ਵੀ ਪੁਰਾਣਾ ਬੰਦਾ ਸੀ,ਨਾਜ਼ੀਆ ਦੇ ਮਾਮੇ ਨੇ ਸੋਚਿਆ ਕਿ ਅੱਗੇ ਵੀ ਇਹਦੇ ਬਾਰੇ ਏਦਾ ਬੋਲਦੇ ਰਹਿੰਦੇ ਆ ਇੱਕ ਵਾਰ ਜਾ ਕੇ ਵੇਖ ਲੈਂਦਾ।ਓਦਾ ਵੀ ਗੁਰਪ੍ਰੀਤ ਨਿਆਣਾ ਆ ਕਿਆ ਪਤਾ ਗੱਲ ਸੱਚੀ ਹੋਵੇ।

ਨਾਜ਼ੀਆ ਦਾ ਮਾਮਾ ਠੀਕ ਦੱਸੇ ਹੋਏ ਸਮੇਂ ਤੇ ਪੁੱਜ ਗਿਆ ਤਾਂ ਵੇਖਿਆ ਪਾਰਕਿੰਗ ਚ ਓਹਨਾ ਵਾਲੀ ਗੱਡੀ ਜੌ ਗੁਰਪ੍ਰੀਤ ਕੋਲ ਹੁੰਦੀ ਸੀ ਪਹਿਲਾਂ ਹੀ ਉਥੇ ਖੜੀ ਸੀ।ਮਾਮੇ ਨੂੰ ਬਹੁਤ ਗੁੱਸਾ ਆ ਗਿਆ ਓਹ ਸਿੱਧਾ ਪਾਰਕ ਚ ਚਲਾ ਗਿਆ।ਗੁਰਪ੍ਰੀਤ ਤੇ ਨਾਜ਼ੀਆ ਦੂਜੇ ਪਾਸੇ ਮੂੰਹ ਕਰਕੇ ਖੜੇ ਹੋਏ ਸਨ।ਮਾਮੇ ਨੂੰ ਕਿਹੜਾ ਪਤਾ ਸੀ ਕਿ ਨਾਲ ਨਾਜ਼ੀਆ ਹੋਏਗੀ।ਮਾਮੇ ਨੇ ਤਾਂ ਬਸ

ਇਹੀ ਸੋਚਿਆ ਸੀ ਕੇ ਕੋਈ ਓਹਦੀ ਗਰਲਫ੍ਰੈਂਡ ਹੋਏਗੀ ਤਾਂ ਗੁਰਪ੍ਰੀਤ ਨੂੰ ਪਿਆਰ ਨਾਲ ਸਮਝਾ ਕੇ ਜਾਂ ਝਿੜਕ ਕੇ ਵਾਪਸ ਕੰਮ ਤੇ ਲੇਜੂੰਗਾ।ਕਿਉਂਕਿ ਓਹਨਾ ਨੂ ਗੁਰਪ੍ਰੀਤ ਦੀ ਲੋੜ ਸੀ।ਮਾਮੇ ਨੇ ਪੁੱਛਿਓ ਅਵਾਜ਼ ਮਾਰੀ "ਗੁਰਪ੍ਰੀਤ ਓਏ" ਗੁਰਪ੍ਰੀਤ ਨੇ ਨਹੀਂ ਵੇਖਿਆ,ਜਦੋਂ ਦੂਜੀ ਅਵਾਜ਼ ਮਾਰੀ ਤਾਂ ਗੁਰਪ੍ਰੀਤ ਨੇ ਤਾਂ ਵੀ ਨਹੀਂ ਵੇਖਿਆ ਪਰ ਨਾਜ਼ੀਆ ਨੇ  ਪਿੱਛੇ ਮੁੜਕੇ ਵੇਖਿਆ ਤਾਂ ਓਥੇ ਉਸਦਾ ਮਾਮਾ ਸੀ।ਨਾਜ਼ੀਆ ਦੇ ਪੈਰਾਂ ਹੇਠੋਂ ਤਾਂ ਜਿਵੇਂ ਜ਼ਮੀਨ ਹੀ ਨਿਕਲ ਗਈ।ਜਦ ਮਾਮੇ ਨੇ ਵੇਖਿਆ ਕਿ ਓਹਨਾ ਦੀ ਭਾਣਜੀ ਓਹਨਾ ਦੇ ਕੰਮ ਕਰਨ ਵਾਲੇ ਬੰਦੇ ਨਾਲ ਖੜੀ ਆ।ਓਹਨਾ ਦਾ ਗੁੱਸਾ ਸਤਵੇਂ ਅਸਮਾਨ ਤੇ ਚਲਾ ਗਿਆ।

ਗੁਰਪ੍ਰੀਤ ਤੇ ਨਾਜ਼ੀਆ ਦੋਨਾਂ ਦਾ ਰੰਗ ਉੱਡ ਗਿਆ ਸੀ।

ਨਾਜ਼ੀਆ  ਦਾ ਮਾਮਾ: ਨਾਜ਼ੀਆ ਤੂੰ ਏਥੇ ਕੀ ਕਰਦੀ ਆ? ਤੂੰ ਏਥੇ ਆਈ ਕਿੱਦਾਂ ,ਓਹ ਵੀ ਇਹ ਮੁੰਡੇ ਨਾਲ ਇਹ ਮੁੰਡਾ ਤਨੂ ਕਿਦਾ ਜਾਣਦਾ?

ਇਕੋ ਗੱਲ ਚ ਮਾਮੇ ਨੇ ਏਨੇ ਸਵਾਲ ਪੁੱਛ ਲਏ,ਨਾਜ਼ੀਆ ਨੂੰ ਕੋਈ ਜਵਾਬ ਨਹੀਂ ਆ ਰਿਹਾ ਸੀ।

ਨਾਜ਼ੀਆ: ਮਾਮਾ ਜੀ ਮੈਂ ਮੈਂ.......

ਨਾਜ਼ੀਆ ਦਾ ਮਾਮਾ: ਕਿ ਮੈਂ ਮੈਂ ਘਰ ਤੇਰੇ ਅੰਮੀ ਅੱਬੂ ਨੂੰ ਪਤਾ ਤੂੰ ਏਥੇ ਆਈ ਆ?

ਨਾਜ਼ੀਆ ਬਹੁਤ ਡਰ ਗਈ ਸੀ ਓਹਨੂੰ ਕੋਈ ਵੀ ਗੱਲ ਨਹੀਂ ਆ ਰਹੀ ਸੀ।ਓਹ ਰੋ ਰਹੀ ਸੀ।

ਗੁਰਪ੍ਰੀਤ: ਸਰ ਮੇਰੀ ਗੱਲ ਤਾਂ ਸੁਣੋ।

ਗੁਰਪ੍ਰੀਤ ਦੇ ਬੋਲਣ ਤੇ ਹੀ ਨਾਜ਼ੀਆ ਦੇ ਮਾਮੇ ਨੇ ਓਹਦੇ ਥੱਪੜ ਮਾਰ ਦਿੱਤਾ।

ਨਾਜ਼ੀਆ ਦਾ ਮਾਮਾ:ਓਏ ਤੇਰੇ ਤੇ ਏਨਾ ਯਕੀਨ ਕੀਤਾ ਤੈਨੂੰ ਏਨਾ ਵਧੀਆ ਕੰਮ ਦਿੱਤਾ ਤੇ ਤੂੰ ਸਾਨੂੰ ਇਹ ਸਿਲਾ ਦੇ ਰਿਹਾ।

ਗੁਰਪ੍ਰੀਤ ਅੱਗਿਓਂ ਕੁਝ ਬੋਲਦਾ ਮਾਮੇ ਨੇ ਹੋਰ ਥੱਪੜ ਮਾਰ ਦਿੱਤੇ।ਨਾਜ਼ੀਆ ਰੋਈ ਜਾ ਰਹੀ ਸੀ।

ਨਾਜ਼ੀਆ ਦਾ ਮਾਮਾ:ਤੂੰ ਇਹਨੂੰ ਮਿਲੀ ਕਿੱਦਾਂ ਇਹ ਦੱਸ।

ਨਾਜ਼ੀਆ ਬਸ ਰੋਈ ਜਾ ਰਹੀ ਸੀ।

ਨਾਜ਼ੀਆ ਦਾ ਮਾਮਾ:ਚਲ ਮੇਰੀ ਗੱਡੀ ਚ ਬੈਠ ਜਾ ਕੇ ਮੈਂ ਤੈਨੂੰ ਤੇਰੀ ਮਾ ਦੇ ਹਵਾਲੇ ਕਰਕੇ ਆਉਂਦਾ।

ਸ਼ਾਇਦ ਗੁਰਪ੍ਰੀਤ ਨੂੰ ਇਹ ਗੱਲ ਪਤਾ ਨਹੀਂ ਸੀ ਕੇ ਬੰਦਾ ਭਾਵੇਂ ਕਿੰਨਾ ਵੀ ਕੰਮ ਦਾ ਹੋਵੇ ਤੇ ਕਿੰਨੀ ਵੀ ਵੱਡੀ ਪੋਸਟ ਤੇ ਹੋਵੇ ਪਰ ਮਾਲਕਾ ਲਈ ਮਮੂਲੀ ਨੌਕਰ ਹੀ ਹੁੰਦਾ।

ਗੁਰਪ੍ਰੀਤ ਨੇ ਤਾਂ ਸੋਚਿਆ ਸੀ ਕੇ ਮਾਮਾ ਸਾਡੀ ਹੈਲਪ ਕਰੂਗਾ ਪਰ ਮਾਮੇ ਨੇ ਤਾਂ ਗੁਰਪ੍ਰੀਤ ਤੇ ਥੱਪੜਾਂ ਦੀ ਬਰਸਾਤ ਕਰ ਦਿੱਤੀ ਸੀ।

ਨਾਜ਼ੀਆ ਗੱਡੀ ਚ ਜਾ ਕੇ ਬੈਠ ਗਈ ਸੀ ਪਿੱਛੋਂ ਗੁਰਪ੍ਰੀਤ ਦੇ ਮਾਮੇ ਨੇ ਗੁਰਪ੍ਰੀਤ ਕੋਲੋ ਓਹਦਾ ਫੋਨ ਵੀ ਖੋਹ ਲਿਆ ਗੱਡੀ ਦੀ ਚਾਬੀ ਵੀ ਖੋਹ ਲਈ ਤੇ ਬੋਲੇ ਅਗਰ ਅੱਜ ਤੋਂ ਬਾਅਦ ਤੂੰ ਮੈਨੂੰ ਦਿੱਖ ਗਿਆ ਫੈਕਟਰੀ ਮੇਰੇ ਘਰ ਦੇ ਨੇੜੇ ਜਾਂ ਮੇਰੇ ਕਿਸੀ ਵੀ ਜਾਨਣ ਵਾਲੇ ਨੂੰ ਤਾਂ ਤੇਰੇ ਤੇ ਐਸਾ ਪੁਲਿਸ ਕੇਸ ਕਰੂੰਗਾ ਸਾਰੀ ਉਮਰ ਜ਼ਮਾਨਤ ਨੀ ਹੋਏਗੀ।ਗੁਰਪ੍ਰੀਤ ਉੱਚੀ ਉੱਚੀ ਰੋ ਕੇ ਮਾਫੀ ਮੰਗ ਰਿਹਾ ਸੀ ਸਾਰੇ ਲੋਕ ਓਹਨਾ ਵੱਲ ਵੇਖ ਰਹੇ ਸੀ।

ਗੁਰਪ੍ਰੀਤ:ਸਰ ਮੈਨੂੰ ਤੁਸੀ ਜਾਨੋ ਮਾਰਦੋ ਪਰ ਨਾਜ਼ੀਆ ਨੂੰ ਕੁਝ ਨਾ ਕਿਹੋ ਓਹਦਾ ਕੋਈ ਕਸੂਰ ਨਹੀਂ ਆ।ਓਹ ਬਹੁਤ ਸ਼ਰੀਫ਼ ਕੁੜੀ ਆ।

ਗੁਰਪ੍ਰੀਤ ਦੇ ਮਾਮੇ ਨੇ ਫੇਰ ਗੁਰਪ੍ਰੀਤ ਦੇ ਥੱਪੜ ਮਾਰ ਦਿੱਤਾ ਤੇ ਕਿਹਾ ਖ਼ਬਰਦਾਰ ਜੇਕਰ ਆਪਣੀ ਗੰਦੀ ਜ਼ੁਬਾਨ ਤੋਂ ਨਾਜ਼ੀਆ ਦਾ ਨਾਮ ਵੀ ਲਿਆ ਤਾਂ।

ਗੁਰਪ੍ਰੀਤ ਓਥੇ ਬੈਠਾ ਰੋ ਰਿਹਾ ਸੀ ਤੇ ਓਹਦਾ ਮਾਮਾ ਨਾਜ਼ੀਆ ਨੂੰ ਲੈਕੇ ਚਲਾ ਗਿਆ।

ਗੁਰਪ੍ਰੀਤ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ ਕੇ ਇਹ ਸਭ ਕਿਵੇਂ ਹੋ ਗਿਆ।ਜਿਸ ਇਨਸਾਨ ਕੋਲੋ ਓਹਨੂੰ ਹੈਲਪ ਦੀ ਉਮੀਦ ਸੀ।ਓਹੀ ਅੱਜ ਦੁਸ਼ਮਣ ਬਣ ਗਿਆ ਸੀ।

ਓਹ ਥੋੜੀ ਦੇਰ ਪਾਰਕ ਚ ਇੱਕਲਾ ਬੈਠਾ ਰਿਹਾ ਤੇ ਘਰ ਚਲਾ ਗਿਆ।ਘਰ ਗਏ ਤੇ ਉਸਦੀ ਮੰਮੀ ਨੇ ਪੁੱਛਿਆ ਕੇ ਬੇਟਾ ਤੂੰ ਜਲਦੀ ਕਿਵੇਂ ਆ ਗਿਆ ਤਾਂ ਗੁਰਪ੍ਰੀਤ ਨੇ ਸਿਹਤ ਦਾ ਬਹਾਨਾ ਬਣਾ ਦਿੱਤਾ ਤੇ ਆ ਕੇ ਆਪਣੇ ਕਮਰੇ ਚ ਜਾ ਕੇ ਪੈ ਗਿਆ।ਘਰਦਿਆਂ ਨੇ ਵੀ ਨਹੀਂ ਜਿਆਦਾ ਪੁੱਛਿਆ।

ਦੂਜੇ ਪਾਸੇ ਨਾਜ਼ੀਆ ਦਾ ਮਾਮਾ ਉਸਨੂੰ ਆਪਣੇ ਨਾਲ ਆਪਣੇ ਘਰ ਲੈਕੇ ਚਲਾ ਗਿਆ।ਨਾਜ਼ੀਆ ਦੀ ਮਾਮੀ ਨਾਜ਼ੀਆ ਨੂੰ ਵੇਖ ਕੇ ਬਹੁਤ ਖੁਸ਼ ਹੋਈ ਪਰ ਜਦੋਂ ਮਾਮੇ ਵੱਲ ਵੇਖਿਆ ਤਾਂ ਓਹ ਪਰੇਸ਼ਾਨ ਸੀ।

ਨਾਜ਼ੀਆ ਦੀ ਮਾਮੀ:ਨਾਜ਼ੀਆ ਪੁੱਤ ਕਿਵੇਂ ਆ?

ਨਾਜ਼ੀਆ ਨੇ ਬਹੁਤ ਹੌਲੀ ਜਵਾਬ ਦਿੱਤਾ,ਠੀਕ ਮਾਮੀ ਜੀ।

ਨਾਜ਼ੀਆ ਦੀ ਮਾਮੀ: ਬੇਟਾ ਠੀਕ ਨੀ ਲਗਦੀ ਤੂੰ ਮੈਨੂੰ।

ਨਾਜ਼ੀਆ ਬਹੁਤ ਹੀ ਡਰੀ ਹੋਈ ਬੈਠੀ ਸੀ।

ਨਾਜ਼ੀਆ ਦੀ ਮਾਮੀ ਨੇ ਆਪਣੇ ਹਸਬੈਂਡ ਨੂੰ ਪੁੱਛਿਆ ਤੁਸੀਂ ਵੀ ਅੱਪੱਸੇਟ ਲੱਗ ਰਹੇ ਹੋ,ਸਭ ਖੇਰੀਆਤ ਤਾਂ ਹੈ ਨਾ??

ਨਾਜ਼ੀਆ ਦਾ ਮਾਮੇ ਨੇ ਕੋਈ ਜਵਾਬ ਨਾ ਦਿੱਤਾ ਤਾਂ ਨਾਜ਼ੀਆ ਨੇ ਰੋਣਾ ਸ਼ੁਰੂ ਕਰ ਦਿੱਤਾ।

ਨਾਜ਼ੀਆ ਦੀ ਮਾਮੀ:ਹਾਏ ਅੱਲਾਹ ਬੇਟਾ ਤੂੰ ਰੋ ਕਿਉਂ ਰਹੀ ਆ,ਗੱਲ ਤੇ ਦਸੋ ਹੋਇਆ ਕਿਆ ਆ?

ਨਾਜ਼ੀਆ ਦਾ ਮਾਮਾ: ਇਹਨੇ ਕੀ ਦੱਸਣਾ ਮੈਂ ਦਸਦਾ ਆਂ,ਰੱਖ ਬਾਗ਼ ਵਿੱਚੋਂ ਲੈਕੇ ਆਇਆ ਇਹਨੂੰ ਮੈਂ ਗੁਰਪ੍ਰੀਤ ਨਾਲ ਬੈਠੀ ਸੀ ਉਥੇ ਏਹੇ।

ਨਾਜ਼ੀਆ ਦੀ ਮਾਮੀ: ਗੁਰਪ੍ਰੀਤ ਕੌਣ ਜੀ?

ਨਾਜ਼ੀਆ ਦਾ ਮਾਮਾ: ਓਹੀ ਗੁਰਪ੍ਰੀਤ ਜੌ ਆਪਣੇ ਫੈਕਟਰੀ ਚ ਕੰਮ ਕਰਦਾ ਆ,ਓਹਦੇ ਨਾਲ ਬੈਠੀ ਸੀ ਏਹੇ।ਮੈਨੂੰ ਤਾਂ ਸਮਝ ਨੀ ਰਹੀ ਕੇ ਓਹ ਗੰਦਾ ਬੰਦਾ ਮੈਂ ਆਪਣੇ ਘਰ ਚ  ਕਿਵੇਂ ਲੈਕੇ ਆਇਆਂ,ਨਾਜ਼ੀਆ ਓਹਨੂੰ ਕਿਵੇਂ ਮਿਲੀ।ਓਹਨੂੰ ਮੈਂ ਆਪਣੇ ਬੇਟੇ ਵਾਂਗੂੰ ਰਖਿਆ ਤੇ ਓਹਨੇ ਸਾਡੇ ਘਰ ਤੇ ਹੀ ਏਦਾ ਕੀਤਾ।ਓਹਨੂੰ ਮੇਰੇ ਬਾਰੇ ਪਤਾ ਨਹੀਂ ਆ ਹਜੇ ਮੇਰਾ ਪਿਆਰ ਹੀ ਵੇਖਿਆ ਉਸਨੇ।

ਨਾਜ਼ੀਆ ਬਹੁਤ ਡਰ ਗਈ ਸੀ ਤੇ ਬਹੁਤ ਉੱਚੀ ਰੋ ਰਹੀ ਸੀ।

ਨਾਜ਼ੀਆ ਦੀ ਮਾਮੀ ਨੇ ਨਾਜ਼ੀਆ ਨੂੰ ਗਲ ਨਾਲ ਲਗਾ ਕੇ ਚੁੱਪ ਕਰਵਾਇਆ।

ਨਾਜ਼ੀਆ ਦੀ ਮਾਮੀ ਨੂੰ ਨਾਜ਼ੀਆ ਦੇ ਮਾਮੇ ਦੇ ਗੁੱਸੇ ਦਾ ਪਤਾ ਸੀ ਓਹ ਵੀ ਡਰ ਗਈ ਸੀ ਕੇ ਹੁਣ ਕੁਝ ਵੀ ਹੋ ਸਕਦਾ ਆ।

ਓਹਨਾ ਨੂੰ ਡਰ ਸੀ ਕੇ ਜੇਕਰ ਨਾਜ਼ੀਆ ਦੇ ਘਰ ਪਤਾ ਲੱਗ ਗਿਆ ਤਾਂ ਓਹਨਾ ਨੇ ਨਾਜ਼ੀਆ ਨੂੰ ਮਾਰ ਦੇਣਾ।ਗੁਰਪ੍ਰੀਤ ਦੀ ਤਾਂ ਮੌਤ ਪੱਕੀ ਸੀ।

ਗੁਰਪ੍ਰੀਤ ਦੀ ਮਾਮੀ: ਤੂੰ ਨਾਜ਼ੋ ਮੈਨੂੰ ਸੱਚੋ ਸੱਚ ਦੱਸ ਕਿਵੇ ਮਿਲੀ ਤੂੰ ਗੁਰਪ੍ਰੀਤ ਨੂੰ?

ਨਾਜ਼ੀਆ ਨੇ ਰੋਂਦੀ ਰੋਂਦੀ ਨੇ ਸਾਰਾ ਕੁਝ ਦੱਸ ਦਿੱਤਾ।

ਪੁੱਤ ਤੂੰ ਏਨੀ ਸਿਆਣੀ ਆ ਇਹ ਸਭ ਕੀ ਕਰ ਬੈਠੀ ਆ ਤੂੰ,ਤੈਨੂੰ ਪਤਾ ਇਕ ਤਾਂ ਓਹ ਮੁੰਡਾ ਸਿੱਖ ਫੈਮਿਲੀ ਤੋਂ ਆ ਦੂਜਾ ਤੁਹਾਡਾ ਲੈਵਲ ਕਿਆ ਆ।ਤੈਨੂੰ ਯਾਦ ਭੁੱਲ ਗਿਆ ਜਦੋਂ ਤੇਰੇ ਤਾਏ ਦੀ ਕੁੜੀ ਨੇ ਏਦਾ ਕੀਤਾ ਸੀ ਤਾਂ ਕਿ ਕੁਝ ਹੋਇਆ ਸੀ।ਪੁੱਤ ਤੇਰੀਆ ਅੱਖਾਂ ਸਾਹਮਣੇ ਹੋਇਆ ਸਾਰਾ ਕੁਝ ਇਹ ਤੂੰ ਕੀ ਕਰ ਲਿਆ।ਤੂੰ ਖੁਦ ਹੀ ਆਪਣੀ ਕਬਰ ਪੱਟ ਲਈ ਆ।

ਨਾਜ਼ੀਆ: ਮਾਮੀ ਜੀ ਮੈਂ ਕੀ ਕਰਾਂ ਤੁਸੀ ਬਚਾ ਲਓ,ਅਗਰ ਮੇਰੇ ਅੱਬੂ ਨੂੰ ਪਤਾ ਲੱਗ ਗਿਆ ਓਹਨੇ ਨੇ ਮੈਨੂੰ ਮਾਰ ਦੇਣਾ।

ਨਾਜ਼ੀਆ ਦੇ ਮਾਮੀ:ਬੇਟਾ ਤੂੰ ਹੁਣ ਅੱਲਾਹ ਅੱਗੇ ਦੁਆ ਕਰ ਕੇ ਤੇਰਾ ਮਾਮਾ ਤੇਰੇ ਘਰ ਨਾ ਦੱਸੇ।

ਥੋੜੀ ਦੇਰ ਬਾਅਦ ਨਾਜ਼ੀਆ ਦਾ ਮਾਮਾ ਘਰ ਵਾਪਸ ਆ ਗਿਆ।

ਨਾਜ਼ੀਆ ਦੀ ਮਾਮੀ ਨੇ ਸਾਰੀ ਗੱਲ ਦੱਸੀ ਕਿ ਕਿਦਾਂ ਓਹ ਆਪਸ ਚ ਮਿਲੇ ਸੀ।ਨਾਜ਼ੀਆ ਦੇ ਮਾਮੇ ਨੂੰ ਹੋਰ ਗੁੱਸਾ ਆ ਗਿਆ।ਕੇ ਸ਼ਾਇਦ ਗੁਰਪ੍ਰੀਤ ਸਾਡੇ ਕੋਲੋ ਕਿਸੀ ਚਾਲ ਨਾਲ ਹੀ ਕੰਮ ਤੇ ਆਇਆ ਸੀ।

ਨਾਜ਼ੀਆ ਦੀ ਮਾਮੀ ਨੇ ਬਹੁਤ ਸ਼ਾਂਤੀ ਨਾਲ ਮਾਮੇ ਨੂੰ ਸਮਝਾਇਆ ਕੇ ਜੇਕਰ ਤੁਸੀਂ ਇਹਦੇ ਘਰ ਦੱਸ ਦਿੱਤਾ ਕੁੜੀ ਦੀ ਜ਼ਿੰਦਗੀ ਖਰਾਬ ਹੋ ਜਾਣੀ ਆ ਆਪਣੇ ਬੱਚਿਆਂ ਵਰਗੀ ਆ ਤੁਸੀਂ ਗੁਰਪ੍ਰੀਤ ਨੂੰ ਤਾਂ ਕੰਮ ਤੋਂ ਕੱਢ ਹੀ ਦਿੱਤਾ ਆ ਆਪਾਂ ਨਾਜ਼ੀਆ ਨੂੰ ਪਿਆਰ ਨਾਲ ਸਮਝਾਉਂਦੇ ਹਾਂ ਓਹ ਵੀ ਸਮਝ ਜਾਵੇਗੀ।ਨਾਜ਼ੀਆ ਦੇ ਮਾਮੇ ਨੂੰ ਨਾਜ਼ੀਆ ਦੀ ਮਾਮੀਂ ਦੀ ਗੱਲ ਸਹੀ ਲੱਗੀ।

ਫੇਰ ਨਾਜ਼ੀਆ ਨੂੰ ਬਹੁਤ ਹੀ ਪਿਆਰ ਨਾਲ ਸਮਝਾਇਆ ਅਤੇ ਕਿਹਾ ਕਿ ਅਗਰ ਮੈਨੂੰ ਦਵਾਰਾ ਪਤਾ ਲੱਗ ਗਿਆ ਤਾਂ ਮੈਂ ਘਰ ਤੇਰੇ ਅੱਬੂ ਨੂੰ ਬਾਅਦ ਚ ਦਸਣਾ ਪਹਿਲਾਂ ਤੈਨੂੰ ਮਾਰ ਦੇਣਾ।ਨਾਜ਼ੀਆ ਬਹੁਤ ਡਰੀ ਹੋਈ ਸੀ,ਨਾਜ਼ੀਆ ਨੇ ਕਿਹਾ ਵੀ ਕੇ ਮੈਂ ਗੁਰਪ੍ਰੀਤ ਬਿਨਾ ਰਹਿ ਨਹੀਂ ਸਕਦੀ ਕੇ ਮੈਂ ਮਰ ਜਾਣਾ ਓਹਦੇ ਬਿਨਾ ਕਹਿੰਦੇ ਗਾ, ਤੂੰ ਏਦਾ ਮਰਜਾ ਕੋਈ ਨਹੀਂ ਪਰ ਓਹਦੇ ਨਾਲ ਤੂੰ ਮਿਲਦੀ ਐਂ ਜਾਂ ਗੱਲ ਕਰਦੀ ਐਂ ਸਾਨੂੰ ਪਤਾ ਨਾ ਲੱਗੇ।ਫੇਰ ਕੁਝ ਦਿਨ ਨਾਜ਼ੀਆ ਓਹਨਾ ਕੋਲ ਹੀ ਰਹੀ ਓਹਨਾ ਨਾਜ਼ੀਆ ਦਾ ਫੋਨ ਵਾਪਸ ਕਰ ਦਿੱਤਾ ਅਤੇ ਨਾਜ਼ੀਆ ਨੂੰ ਖੁਦ ਫਗਵਾੜੇ ਛੱਡ ਕੇ ਆਏ।ਨਾਜ਼ੀਆ ਨੇ ਖੁਦ ਵਾਅਦਾ ਕੀਤਾ ਸੀ ਕੇ ਮੇਰੇ ਘਰ ਨਾ ਕੁਝ ਵੀ ਦਸਿਓ ਮੈਂ ਗੁਰਪ੍ਰੀਤ ਨਾਲ ਕਦੇ ਕੋਈ ਰਾਬਤਾ ਨਹੀਂ ਕਰਾਂਗੀ।

ਓਹਨਾਂ ਦੇ ਸਾਹਮਣੇ ਹੀ ਫੋਨ ਵਿੱਚੋ ਗੁਰਪ੍ਰੀਤ ਦਾ ਨੰਬਰ ਡਲੀਟ ਕਰ ਦਿੱਤਾ।ਹੁਣ ਓਹਨੂੰ ਆਪਣੀ ਤੇ ਗੁਰਪ੍ਰੀਤ ਦੀ ਜਾਨ ਬਚਾਉਣ ਲਈ ਇਹ ਸਭ ਕਰਨਾ ਹੀ ਪੈਣਾ ਸੀ।

ਦੂਜੇ ਪਾਸੇ ਨਾਜ਼ੀਆ ਦੇ ਮਾਮੇ ਨੇ ਗੁਰਪ੍ਰੀਤ ਪਿੱਛੇ ਮੁੰਡਿਆ ਨੂੰ ਭੇਜ ਕੇ ਬਹੁਤ ਬੁਰੀ ਤਰਾਂ ਕੁਟਵਾਈਆ ਸੀ।ਨਾਜ਼ੀਆ ਦਾ ਮਾਮਾ ਖੁਦ ਗੁਰਪ੍ਰੀਤ ਦੇ ਘਰ ਜਾ ਕੇ ਧਮਕੀ ਦੇਕੇ ਆਇਆ ਸੀ ਕੇ ਅਗਰ ਤੁਹਾਡੇ ਮੁੰਡੇ ਨੇ ਦੁਬਾਰਾ ਇਹ ਗਲਤੀ ਕੀਤੀ ਤਾਂ ਫੇਰ ਮੁੰਡੇ ਦੀ ਲਾਸ਼ ਹੀ ਮਿਲੇਗੀ।ਗੁਰਪ੍ਰੀਤ ਦਾ ਹੋਰ ਕੋਈ ਭੈਣ ਭਾਈ ਨਹੀਂ ਸੀ ਜਿਸ ਕਰਕੇ ਓਹਦੇ ਘਰਦੇ ਬਹੁਤ ਡਰ

ਗਏ ਸੀ।

ਗੁਰਪ੍ਰੀਤ ਨੂੰ ਘਰੋਂ ਵੀ ਕੁੱਟ ਪਈ,ਓਹਦੇ ਮੰਮੀ ਪਾਪਾ ਬਹੁਤ ਰੋਏ ਕੇ ਤੂੰ ਆਹ ਕਿਹੜੇ ਕੰਮ ਚ ਪੈ ਗਿਆ ਮਸੀ ਤਾਂ ਘਰਦੇ ਹਲਾਤ ਸੁਧਰੇ ਸੀ ਤੂੰ ਕਿੱਥੇ ਮੁਸਲਮਾਨਾਂ ਨਾਲ ਪੰਗਾ ਪਾ ਲਿਆ।ਹੁਣ ਓਹਨਾ ਨੂੰ ਪਤਾ ਸੀ ਕਿ ਗੁਰਪ੍ਰੀਤ ਨਿਆਣਾ ਆ  ਏਨੀ ਜਲਦੀ ਸੁਧਰਨਾ ਨਹੀਂ।ਨਾਜ਼ੀਆ ਦਾ ਮਾਮਾ ਸਿੱਧੀ ਮਾਰਨ ਦੀ ਧਮਕੀ ਦੇਕੇ ਗਿਆ ਸੀ।ਓਹਨਾ ਨੂ ਸਮਝ ਨਹੀਂ ਆਉਂਦੀ ਸੀ ਕਿ ਗੁਰਪ੍ਰੀਤ ਨੂੰ ਕਿੱਦਾਂ ਬਚਾ ਕੇ ਰੱਖੀਏ।

ਰਾਤ ਨੂੰ ਗੁਰਪ੍ਰੀਤ ਨੇ ਨਾਜ਼ੀਆ ਨੂੰ ਫੋਨ ਕੀਤਾ ਤਾਂ ਨਾਜ਼ੀਆ ਬਹੁਤ ਰੋਈ ਤੇ ਸਾਰਾ ਕੁਝ ਦੱਸ ਦਿੱਤਾ ਤੇ ਆਖਰੀ ਅਲਵਿਦਾ ਬੋਲ ਦਿੱਤੀ। ਗੁਰਪ੍ਰੀਤ ਨੇ ਨਾਜ਼ੀਆ ਨੂੰ ਬਹੁਤ ਫੋਨ ਕੀਤੇ ਪਰ ਨਾਜ਼ੀਆ ਨੇ ਇੱਕ ਵੀ ਫੋਨ ਨਹੀਂ ਚੁੱਕਿਆ।

ਗੁਰਪ੍ਰੀਤ ਵਟਸਐਪ ਤੇ ਵੀ ਮੈਸੇਜ ਭੇਜ ਰਿਹਾ ਸੀ ਪਰ ਨਾਜ਼ੀਆ ਮੈਸੇਜ ਵੇਖ ਕੇ ਛੱਡੀ ਜਾ ਰਹੀ ਸੀ ਤੇ ਰੋਈ ਜਾ ਰਹੀ ਸੀ।

ਨਾਜ਼ੀਆ ਨੇ ਗੁਰਪ੍ਰੀਤ ਨੂੰ ਇੱਕ ਕਵਿਤਾ ਲਿਖ ਕੇ ਭੇਜੀ ਤੇ ਫੋਨ ਸਵਿੱਚ ਆਫ ਕਰ ਦਿੱਤਾ।

**ਸੱਜਣਾ ਵੇ ਮਜ਼ਬ ਅਲੱਗ ਸਾਡਾ,**

**ਸਾਡੇ ਤੇ ਬੜੀਆਂ ਰੋਕਾਂ ਨੇ ।।**

**ਜੇ ਭੱਜ ਵੀ ਜਾਈਏ ਆਪਾਂ ਵੇ,**

**ਸਾਨੂੰ ਜੀਣ ਨਹੀਂ ਦੇਣਾ ਲੋਕਾਂ ਨੇ।।**

**ਮੈਂ ਤੇਰਾ ਚੰਗਾ ਸੋਚ ਰਹੀ,**

**ਤਾਂ ਹੀ ਮੈਂ ਤੈਨੂੰ ਰੋਕ ਰਹੀ।।**

**ਇਹ ਲੋਕ ਇਸ਼ਕ ਦੇ ਵੈਰੀ ਨੇ,**

**ਇਹ ਖ਼ੂਨ ਪੀਣੀਆ ਜੋਕਾਂ ਨੇ।।**

**ਸੱਜਣਾ ਵੇ ਮਜ਼੍ਹਬ ਅਲੱਗ ਸਾਡਾ,**

**ਸਾਡੇ ਤੇ ਬੜੀਆਂ ਰੋਕਾਂ ਨੇ।।**

ਗੁਰਪ੍ਰੀਤ ਕਵਿਤਾ ਪੜਕੇ ਬਹੁਤ ਰੋਇਆ ਤੇ ਨਾਜ਼ੀਆ ਨੂੰ ਬਹੁਤ ਮੈਸੇਜ ਕੀਤੇ ਪਰ ਕੋਈ ਜਵਾਬ ਨਾ ਆਇਆ।

ਗੁਰਪ੍ਰੀਤ ਨੇ ਨਾਜ਼ੀਆ ਵਲੋਂ ਉਮੀਦ ਛੱਡ ਦਿੱਤੀ ਸੀ।ਦੂਜਾ ਓਹ ਨਾਜ਼ੀਆ ਲਈ ਕੋਈ ਪ੍ਰੌਬਲਮ ਨਹੀਂ ਬਣਾਉਣਾ ਚਾਹੁੰਦਾ ਸੀ।t

ਕਈ ਦਿਨ ਗੁਰਪਰੀਤ ਫੋਨ ਮਿਲਾਉਂਦਾ ਰਿਹਾ ਪਰ ਕੋਈ ਗੱਲ ਨਹੀਂ ਹੋਈ।ਗੁਰਪ੍ਰੀਤ ਬਹੁਤ ਹੀ ਇੱਕਲਾ ਹੋ ਗਿਆ ਸੀ।ਗੁਰਪ੍ਰੀਤ ਦੇ ਘਰਦੇ ਸੋਚਦੇ ਸੀ ਕਿਤੇ ਇਹ ਆਤਮ ਹੱਤਿਆ ਨਾ ਕਰ ਲਵੇ ਦੂਜਾ ਨਾਜ਼ੀਆ ਦੇ ਘਰ ਵਲੋ ਵੀ ਡਰ ਸੀ।ਗੁਰਪ੍ਰੀਤ ਦਾ ਇਕ ਚਾਚਾ ਦੁਬਈ ਰਹਿੰਦਾ ਸੀ।ਗੁਰਪ੍ਰੀਤ  ਦੇ ਘਰਦਿਆਂ ਨੇ ਗੁਰਪਰੀਤ ਦੇ ਚਾਚੇ ਨਾਲ ਗੱਲ ਕੀਤੀ ਸਾਰਾ ਕੁਝ ਦਸਿਆ ਤਾਂ 10 ਦਿਨ ਦੇ ਅੰਦਰ ਗੁਰਪ੍ਰੀਤ ਨੂੰ ਦੁਬਈ ਭੇਜ ਦਿੱਤਾ।

ਗੁਰਪ੍ਰੀਤ ਦੀ ਅੰਮ੍ਰਿਤਸਰ ਤੋਂ ਫਲਾਈਟ ਸੀ,ਏਅਰਪੋਰਟ ਜਾਂਦੇ ਸਮੇ ਜਦੋਂ ਗੱਡੀ ਫਗਵਾੜੇ ਪੁੱਜੀ ਤਾਂ ਗੁਰਪ੍ਰੀਤ ਧਾਹਾਂ ਮਾਰ ਕੇ ਰੋਇਆ।

ਗੁਰਪ੍ਰੀਤ ਨਾਜ਼ੀਆ ਦੀਆਂ ਦਿੱਤੀਆਂ ਹੋਈਆਂ ਸਾਰੀਆਂ ਨਿਸ਼ਾਨੀਆਂ ਨਾਲ ਲੈਕੇ ਅਤੇ ਆਪਣੀ ਮਰੀ ਹੋਈ ਆਤਮਾ ਨੂੰ ਜਿਸਮ ਦੀ ਕਬਰ ਚ ਪਾਕੇ ਦੁਬਈ ਆ ਗਿਆ।

✿✿✿✿✿✿

## ਆਖਰੀ ਭਾਗ

ਗੁਰਪ੍ਰੀਤ ਨਾਲ ਆਖਰੀ ਮੁਲਾਕਾਤ ਤੋਂ ਬਾਅਦ ਨਾਜ਼ੀਆ  ਨੇ ਇੱਕ ਦਿਨ ਵੀ ਚੈਨ ਨਾਲ ਨੀ ਗੁਜ਼ਾਰਿਆ ਸੀ,ਓਹਨੇ ਸੋਚਿਆ ਹੀ ਨਹੀਂ ਸੀ ਕੇ ਸਾਡੇ ਨਾਲ ਵੀ ਏਦਾ ਹੋਏਗਾ। ਓਹ ਗੁਰਪ੍ਰੀਤ ਨਾਲ ਗੱਲ ਕਰਨਾ ਚਾਹੁੰਦੀ ਸੀ,ਪਰ ਮਿਲੀਆਂ ਹੋਇਆ ਧਮਕੀਆਂ ਤੋਂ ਡਰ ਜਾਂਦੀ ਸੀ।ਗੁਰਪ੍ਰੀਤ ਦਾ ਨੰਬਰ ਕੱਢ ਕੇ ਕਿੰਨੀ ਕਿੰਨੀ ਦੇਰ ਬੈਠੀ ਰਹਿੰਦੀ ਸੀ।ਓਹਦਾ ਲਾਸ੍ਟ ਸੀਨ ਵੇਖਦੀ ਰਹਿੰਦੀ ਸੀ,ਗੱਲ ਭਾਵੇਂ ਨਹੀਂ ਹੁੰਦੀ ਸੀ ਪਰ ਲਾਸ੍ਟ ਸੀਨ ਵੇਖ ਕੇ ਦਿਲ ਨੂੰ ਅਹਿਸਾਸ ਹੋ ਜਾਂਦਾ ਸੀ ਕੇ ਗੁਰਪ੍ਰੀਤ ਠੀਕ ਹੋਵੇਗਾ।ਕਿਉਂਕਿ ਮਾਮੇ ਨੇ ਧਮਕੀ ਹੀ ਏਦਾ ਦੀ ਦਿੱਤੀ ਹੋਈ ਸੀ ਕੇ ਅਸੀਂ ਗੁਰਪ੍ਰੀਤ ਨੂੰ ਮਾਰ ਦੇਣਾ।

ਜਦੋਂ ਤਕ ਗੁਰਪ੍ਰੀਤ ਇੰਡੀਆ ਸੀ ਉਦੋਂ ਤੱਕ ਓਹ ਆਨਲਾਈਨ ਹੁੰਦਾ ਸੀ।ਪਰ ਹੁਣ ਗੁਰਪ੍ਰੀਤ ਨੂੰ ਦੁਬਈ ਗਏ ਹੋਏ 3 ਦਿਨ ਹੋ ਗਏ ਸੀ,ਓਹਦਾ ਲਾਸ੍ਟ ਸੀਨ ਵੀ ਦੋ ਦਿਨ ਪੁਰਾਣਾ ਹੀ ਸੀ।ਨਾਜ਼ੀਆ ਦੇ ਦਿਲ ਚ ਗਲਤ ਖਿਆਲ ਆ ਰਹੇ ਸੀ,ਓਹਨੇ ਕਈ ਵਾਰ ਮੈਸੇਜ ਲਿਖ ਕੇ ਕੱਟ ਦਿੱਤਾ।ਗੁਰਪ੍ਰੀਤ ਨਾਜ਼ੀਆ ਨੂੰ ਦੱਸ ਕੇ ਜਾਣਾ ਚਾਹੁੰਦਾ ਸੀ ਪਰ ਓਹਨੂੰ ਡਰ ਸੀ ਕਿ ਨਾਜ਼ੀਆ ਦਾ ਫੋਨ ਕੀਤੇ ਘਰਦਿਆਂ ਕੋਲ ਨਾ ਹੋਵੇ।ਦੋਨੋ ਇੱਕ ਦੂਜੇ ਨੂੰ ਬਚਾਉਣ ਲਈ ਇਕ ਦੂਜੇ ਤੋਂ ਦੂਰ ਹੋ ਗਏ ਸੀ।

ਗੁਰਪ੍ਰੀਤ ਜਦੋਂ ਦੁਬਈ ਪੁੱਜਿਆ ਤਾਂ ਏਅਰਪੋਰਟ ਤੋਂ ਲੈਣ ਲਈ ਕੰਪਨੀ ਦੀ ਗੱਡੀ ਆਈ ਹੋਈ ਸੀ।ਗੁਰਪ੍ਰੀਤ ਨੇ ਓਹਨਾਂ ਨੂੰ ਬੁਲਾਇਆ ਅਤੇ ਨਾਲ ਬਹਿ ਕੇ ਚਲਾ ਗਿਆ। ਜੌ ਲੈਣ ਆਏ ਸੀ ਓਹ ਗੁਰਪ੍ਰੀਤ ਨੂੰ ਹਾਲ ਚਾਲ ਪੁੱਛ ਰਹੇ ਸੀ ਘਰ ਦਾ ਪੁੱਛ ਰਹੇ ਸੀ ਪਰ ਗੁਰਪ੍ਰੀਤ ਕੁਝ ਵੀ ਨਹੀਂ ਬੋਲਿਆ।ਓਹਨਾ ਸੋਚਿਆ ਕੇ ਸ਼ਾਇਦ ਸਫ਼ਰ ਕਰਕੇ ਆਇਆ ਤਾਂ ਏਦਾ ਹੋਏਗਾ।ਪਰ ਗੁਰਪ੍ਰੀਤ ਤਾਂ ਨਾਜ਼ੀਆ ਬਾਰੇ ਹੀ ਸੋਚੀ ਜਾਂਦਾ ਸੀ।

ਜਾਂਦੇ ਵਕਤ ਦੁਬਈ ਦੀਆਂ ਬਾਦਲਾਂ ਤੋਂ ਉੱਚੀਆਂ ਇਮਾਰਤਾਂ ਵੇਖ ਕੇ ਹੈਰਾਨ ਹੋ ਰਿਹਾ ਸੀ ਅਤੇ ਡਰ ਵੀ ਰਿਹਾ ਸੀ।ਗੁਰਪ੍ਰੀਤ ਨੂੰ ਕੰਪਨੀ ਦੇ ਕੈਂਪ ਚ ਲਿਜਾਇਆ ਗਿਆ,ਓਥੇ ਜਾ ਕੇ ਉਸਨੇ ਵੇਖਿਆ ਕੇ ਕੋਈ ਬੰਦਾ ਪਾਕਿਸਤਾਨ ਦਾ ਸੀ ਕੋਈ ਕੇਰਲਾ ਦਾ, ਸਾਊਥ ਅਫਰੀਕਾ ਦੇ ਕਾਲੇ

ਹਰ ਪਾਸੇ ਅਲੱਗ ਅਲੱਗ ਦੇਸ਼ਾਂ ਦੇ ਲੋਕ ਸੀ।ਓਹਨੂੰ ਓਹਦੇ ਚਾਚੇ ਵਾਲੇ ਰੂਮ ਚ ਭੇਜ ਦਿੱਤਾ।ਸਾਰੇ ਬੰਦੇ ਕੰਮ ਤੇ ਗਏ ਹੋਏ ਸੀ।ਚਾਚੇ ਨਾਲ ਫੋਨ ਤੇ ਗੱਲ ਹੋਈ ਤਾਂ ਚਾਚੇ ਨੇ ਕਿਹਾ ਮੈਂ ਸ਼ਾਮ ਤੱਕ ਆ ਜਾਣਾ ਏਥੇ ਖਾਣਾ ਬਣਿਆ ਪਿਆ ਓਹ ਖਾ ਲਈ।ਓਹਨੇ ਰੋਟੀ ਖਾਧੀ ਸਫ਼ਰ ਦੀ ਥਕਾਵਟ ਹੋਣ ਕਰਕੇ ਉਸਨੂੰ ਨੀਂਦ ਆ ਗਈ ਤਾਂ ਓਹ ਸੋ ਗਿਆ।ਸ਼ਾਮ ਨੂੰ ਉੱਠ ਕੇ ਵੇਖਿਆ ਤਾਂ ਚਾਚਾ ਆਇਆ ਹੋਇਆ ਸੀ।ਚਾਚੇ ਨੂੰ ਮਿਲ ਕੇ ਓਹ ਰੋ ਪਿਆ।ਚਾਚੇ ਨੂੰ ਸਾਰੀ ਕਹਾਣੀ ਦਾ ਪਤਾ ਸੀ,ਚਾਚੇ ਨੇ ਗੁਰਪ੍ਰੀਤ ਨੂੰ ਹੌਸਲਾ ਦਿੱਤਾ।ਪਹਿਲਾ ਇੱਕ ਹਫਤਾ ਗੁਰਪ੍ਰੀਤ ਰੂਮ ਚ ਹੀ ਰਿਹਾ ਸਾਰੇ ਕੰਮ ਤੇ ਚਲੇ ਜਾਂਦੇ ਸੀ ਓਹ ਪਿੱਛੋਂ ਬੈਠੇ ਨਾਜ਼ੀਆ ਨੂੰ ਯਾਦ ਕਰਕੇ ਰੋਂਦਾ ਰਹਿੰਦਾ ਸੀ।ਓਹਨੇ ਸੋਚਿਆ ਨਹੀਂ ਸੀ ਕੇ ਇਸ਼ਕ ਏਨਾ ਦੂਰ ਕਰ ਦਵੇਗਾ।

ਦੂਜੇ ਪਾਸੇ ਨਾਜ਼ੀਆ ਲਗਾਤਾਰ ਗੁਰਪ੍ਰੀਤ ਦਾ ਲਾਸ੍ਟ ਸੀਨ ਵੇਖ ਰਹੀ ਸੀ ਪਰ ਗੁਰਪ੍ਰੀਤ ਆਨ ਨਹੀਂ ਹੋਇਆ ਸੀ।ਓਹਨੇ ਹਾਰ ਕੇ ਫੋਨ ਹੀ ਮਿਲਾ ਲਿਆ ਜਦੋਂ ਫੋਨ ਮਿਲਾਇਆ ਤਾਂ ਗੁਰਪ੍ਰੀਤ ਦਾ ਫੋਨ ਸਵਿੱਚ ਆਫ ਆ ਰਿਹਾ ਸੀ।ਓਹ ਹੋਰ ਡਰ ਗਈ।ਨਾਜ਼ੀਆ ਨੂੰ ਸ਼ੱਕ ਹੋ ਰਿਹਾ ਸੀ ਪਰ ਓਹਦੇ ਕੋਲ ਕਿਸੀ ਦਾ ਵੀ ਨੰਬਰ ਨਹੀਂ ਸੀ ਜਿਸ ਕੋਲੋ ਓਹ ਗੁਰਪ੍ਰੀਤ ਬਾਰੇ ਪਤਾ ਕਰ ਸਕਦੀ।ਲਗਾਤਾਰ ਗੁਰਪ੍ਰੀਤ ਦਾ ਫੋਨ ਬੰਦ ਜਾ ਰਿਹਾ ਸੀ।ਨਾਜ਼ੀਆ ਨੇ ਖਾਣਾ ਵੀ ਛੱਡ ਦਿੱਤਾ ਇਕੱਲੀ ਬੈਠੀ ਰੋਂਦੀ ਰਹਿੰਦੀ ਸੀ।ਗੁਰਪ੍ਰੀਤ ਦੀਆਂ ਫੋਟੋਆਂ ਵੇਖਦੀ ਰਹਿੰਦੀ ਸੀ ਓਹਦੀਆਂ ਕਵਿਤਾਵਾਂ ਨੂੰ ਸੁਣਦੀ ਰਹਿੰਦੀ ਸੀ।ਨਾਜ਼ੀਆ ਨੂੰ ਇਕ ਵਾਰ ਪੈਨਿਕ ਅਟੈਕ ਵੀ ਆ ਗਿਆ ਸੀ,ਜਦੋਂ ਹੌਸਪੀਟਲ ਲੈਕੇ ਗਏ ਤਾਂ ਡਾਕਟਰ ਨੇ ਦੱਸਿਆ ਕਿ ਕੁੜੀ ਨੇ ਕਿਸੀ ਗੱਲ ਨੂੰ ਦਿਲ ਤੇ ਲਗਾਇਆ ਹੋਇਆ,ਇਹ ਸਭ ਸਟ੍ਰੈਸ ਦੀ ਵਜਾਹ ਨਾਲ ਹੋ ਰਿਹਾ।ਕੁੜੀ ਨੂੰ ਬਿਲਕੁਲ ਵੀ ਇਕੱਲਾ ਨਾ ਛੱਡੋ ਅਤੇ ਜਿਹੜੀ ਵੀ ਗੱਲ ਇਹਦੇ ਦਿਲ ਚ ਹੈਗੀ ਆ ਜਰੂਰ ਪਤਾ ਕਰੋ।ਨਾਜ਼ੀਆ ਦੇ ਘਰਦੇ ਪੁੱਛ ਪੁੱਛ ਕੇ ਕਮਲੇ ਹੋ ਗਏ ਪਰ ਨਾਜ਼ੀਆ ਨੇ ਕੋਈ ਗੱਲ ਨਾ ਦੱਸੀ। ਘਰ ਮਾਮੇ ਦੀ ਫੈਮਿਲੀ ਵੀ ਆਈ ਹੋਈ ਸੀ ਤੇ ਓਹ ਡਰ  ਗਏ ਸੀ ਕਿ ਇਸ ਤਰਾਂ ਕਿਉਂ ਹੋਈ ਆ,ਨਾਜ਼ੀਆ ਦੀ ਮਾਮੀ ਨੇ ਇਕੱਲਿਆਂ ਚ ਨਾਜ਼ੀਆ ਨੂੰ ਜਦੋਂ ਪੁੱਛਿਆ ਤਾਂ ਨਾਜ਼ੀਆ ਨੇ ਸਿੱਧਾ ਕਹਿ ਦਿੱਤਾ ਕੇ ਮਾਮੇ ਨੇ ਗੁਰਪ੍ਰੀਤ ਨੂੰ ਮਾਰ ਦਿੱਤਾ ਆ ਤਾਂ ਹੀ ਓਹ ਫੋਨ ਨੀ ਚਕਦਾ ਅਤੇ ਤਾਂ ਹੀ ਆਨ ਨੀ ਹੁੰਦਾ।ਇਹ ਸਾਰਾ ਕੁਝ ਮਾਮੇ ਦੀ ਵਜਾਹ ਤੋਂ ਹੋ ਰਿਹਾ,ਮਾਮਾ ਸਾਨੂੰ ਅਲੱਗ ਕਰਨ ਦੀ ਜਗ੍ਹਾ ਅੰਮੀ ਅੱਬੂ ਨਾਲ ਗੱਲ ਕਰਕੇ ਮਿਲਾ ਵੀ ਤਾਂ ਸਕਦਾ ਸੀ।ਇੱਕ

ਵਾਰੀ ਮੈਨੂੰ ਪਤਾ ਚਲ ਜਵੇ ਅਗਰ ਸੱਚੀ ਗੁਰਪ੍ਰੀਤ ਨੂੰ ਕੋਈ ਨੁਕਸਾਨ ਹੋਇਆ ਤਾਂ ਮੈਂ ਮਾਮੇ ਬਾਰੇ ਪੁਲੀਸ ਚ ਦੱਸ ਦੇਣਾ ਇਹ ਸੁਣ ਕੇ ਮਾਮੀ ਬਹੁਤ ਹੀ ਡਰ ਗਈ।ਮਾਮੀ ਨੇ ਇਹ ਸਾਰਾ ਕੁਝ ਮਾਮੇ ਨੂੰ ਦੱਸਿਆ ਤਾਂ ਮਾਮੇ ਨੇ ਬੱਚਿਆਂ ਦੀ ਕਸਮ ਖਾ ਲਈ ਕੇ ਮੈਂ ਉਸ ਲੜਕੇ ਨਾਲ ਕੋਈ ਰਾਬਤਾ ਵੀ ਨਹੀਂ ਕੀਤਾ। ਓਹ ਮੁੰਡਾ ਬਿਲਕੁਲ ਠੀਕ ਆ ਮੈਂ ਆਪਣੇ ਬੰਦਿਆਂ ਕੋਲੋਂ ਪਤਾ ਕਰਵਾਉਂਦਾ ਹਾਂ।ਮਾਮੇ ਨੇ ਪਤਾ ਕਰਵਾਇਆ ਤਾਂ ਪਤਾ ਚਲਿਆ ਕਿ ਗੁਰਪ੍ਰੀਤ ਏਥੇ ਨਹੀਂ ਰਹਿੰਦਾ ਪਰ ਓਹ ਠੀਕ ਠਾਕ ਆ।ਮਾਮੇ ਨੂੰ ਵੀ ਡਰ ਸੀ ਕੇ ਕੇ ਗੁਰਪ੍ਰੀਤ ਨੇ ਖੁਦਕੁਸ਼ੀ ਵੀ ਕਰ ਲਈ ਹੋਈ ਤਾਂ ਵੀ ਨਾਮ ਉਸਦਾ ਹੀ ਲੱਗਣਾ ਸੀ।

ਗੁਰਪ੍ਰੀਤ ਕੰਮ ਤੇ ਜਾਣ ਲੱਗ ਗਿਆ ਸੀ,ਗੁਰਪ੍ਰੀਤ ਨੂੰ ਲੇਬਰ ਦਾ ਕੰਮ ਮਿਲਿਆ ਸੀ,ਓਹ ਬਹੁਤ ਬੱਚਾ ਜਿਹਾ ਲਗਦਾ ਸੀ ਓਹਦੇ ਨਾਲ ਤਾਂ ਸਾਰੇ ਵੱਡੀਆਂ ਉਮਰ ਦੇ ਲੜਕੇ ਸੀ।ਗੁਰਪ੍ਰੀਤ ਨੂੰ ਕੰਮ ਕਰਨਾ ਬਹੁਤ ਹੀ ਮੁਸ਼ਕਿਲ ਲਗਦਾ ਸੀ,50 ਡਿਗਰੀ ਟੈਂਪਰੇਚਰ ਚ ਤਾਂ ਖੜਨਾ ਹੀ ਮੁਸ਼ਕਿਲ ਸੀ ਓਥੇ 10-11 ਘੰਟੇ ਲਗਾਤਾਰ ਕੰਮ ਕਰਨਾ ਪੈਂਦਾ ਸੀ।ਪਰ ਗੁਰਪ੍ਰੀਤ ਆਪਣੇ ਦਰਦ ਨੂੰ ਮਾਰਨ ਲਈ ਖੁਦ ਨੂੰ ਤਕਲੀਫ ਦੇਕੇ ਕੰਮ ਕਰਨ ਲੱਗਾ ਰਹਿੰਦਾ ਸੀ,ਨਾਲਦੇ ਓਹਨੂੰ ਨਿਆਣਾ ਸਮਝ ਕੇ ਕੰਮ ਜਿਆਦਾ ਦਿੰਦੇ ਸੀ ਓਹ ਤਾਂ ਜਿਵੇਂ ਪੱਥਰ ਬਣ ਗਿਆ ਸੀ ਬਸ ਚੁੱਪ ਚਾਪ ਲੱਗਾ ਰਹਿੰਦਾ ਸੀ।ਓਹਨੂੰ ਦੁਨੀਆਦਾਰੀ ਦੀ ਕੋਈ ਖਬਰ ਨਹੀਂ ਸੀ। ਕੰਮ ਕਰਦੇ ਓਹਨੂੰ  2 ਮਹੀਨੇ ਗੁਜ਼ਰ ਗਏ ਸੀ।ਇੱਕ ਵਾਰ ਕੰਮ ਤੇ ਬਿਜਲੀ ਦਾ ਕੋਈ ਫਲਟ ਪੇ ਗਿਆ, ਟੈਕਨੀਸ਼ੀਅਨ ਨੂੰ ਸਮਝ ਨਹੀਂ ਆ ਰਹੀ ਸੀ।ਗੁਰਪ੍ਰੀਤ ਨੇ ਓਹੀ ਫ਼ਲਟ 5 ਮਿੰਟ ਚ ਠੀਕ ਕਰ ਦਿੱਤਾ ਜਦੋਂ ਇਹ ਗੱਲ ਮੈਨੇਜਰ ਨੂੰ ਪਤਾ ਲੱਗੀ ਤਾਂ ਓਹਨਾ ਨੇ ਗੁਰਪਰੀਤ ਨੂੰ ਉਸ ਬਾਰੇ ਪੁੱਛਿਆ ਜਦੋਂ ਗੁਰਪ੍ਰੀਤ ਨਾਲ ਇੰਗਲਿਸ਼ ਚ ਗੱਲ ਕੀਤੀ ਤਾਂ ਓਹ ਸਭ ਹੈਰਾਨ ਹੋ ਗਏ ਓਹਨਾ ਗੁਰਪ੍ਰੀਤ ਨੂੰ ਸਿੱਧਾ ਹੀ ਇੰਜੀਨੀਅਰ ਦਾ ਕੰਮ ਦੇ ਦਿੱਤਾ।ਹੁਣ ਗੁਰਪ੍ਰੀਤ ਨੂੰ ਕੰਮ ਵੀ ਸੌਖਾ ਮਿਲ ਗਿਆ ਸੀ ਓਹ ਨਾਜ਼ੀਆ ਨੂੰ ਵੀ ਥੋੜਾ ਭੁੱਲਣ ਲੱਗ ਗਿਆ ਸੀ।

ਨਾਜ਼ੀਆ ਸਾਰਾ ਦਿਨ ਘਰ ਵੇਹਲੀ ਬੈਠ ਕੇ ਗੁਰਪਰੀਤ ਬਾਰੇ ਸੋਚਦੀ ਰਹਿੰਦੀ ਸੀ ਪਰ ਗੁਰਪਰੀਤ ਨੇ ਕੋਈ ਰਾਬਤਾ ਨਹੀ ਕੀਤਾ ਸੀ ਨਾਜ਼ੀਆ ਨੇ ਵੀ ਸਮਝਿਆ ਕੇ ਸ਼ਾਇਦ ਗੁਰਪ੍ਰੀਤ ਮੈਨੂੰ ਭੁੱਲ ਗਿਆ ਹੋਣਾ ਓਹ ਖੁਦ ਨੂੰ ਬੀਜੀ ਕਰਨਾ ਚਾਹੁੰਦੀ ਸੀ।ਓਹਨੇ ਘਰ ਜੌਬ ਦੀ ਗੱਲ ਕੀਤੀ ਤਾਂ ਘਰਦਿਆਂ ਨੇ ਮਨਾ ਕਰ ਦਿੱਤਾ,ਫੇਰ ਓਹਨੇ ਆਪਣੇ ਅੱਬੂ ਨੂੰ ਕਿਹਾ ਕਿ ਮੈਂ

ਘਰ ਰਹਿ ਕੇ ਸਾਰਾ ਦਿਨ ਬੋਰ ਹੋ ਜਾਂਦੀ ਆਂ ਮੈਨੂੰ ਕੁਝ ਸਿੱਖਣ ਹੀ ਲਗਾ ਦੋ ਓਹ ਕਹਿੰਦੇ ਠੀਕ ਆ ਕੋਈ ਕੋਰਸ ਵੇਖਲਾ ਤਾਂ ਨਾਜ਼ੀਆ IELTS ਕਰਨ ਬਾਰੇ ਸੋਚਿਆ।ਓਹ IELTS ਕਰਨ ਲੱਗ ਗਈ।3 ਮਹੀਨੇ ielts ਦੀਆਂ ਕਲਾਸਾਂ ਲਗਾ ਕੇ ਪੇਪਰ ਦਿੱਤਾ ਤਾਂ ਓਹਦੇ 7.5 ਬੈਂਡ ਆ ਗਏ।ਓਹਨੇ ਬਾਹਰ ਜਾਣ ਦਾ ਤਾਂ ਸੋਚਿਆ ਨਹੀਂ ਸੀ।ਇਹਨਾਂ ਦਿਨਾਂ ਚ ਹੀ ਪ੍ਰਭ ਨਾਲ ਰਾਬਤਾ ਹੋਇਆ ਤਾਂ ਪ੍ਰਭ ਨੇ ਦਸਿਆ ਕੇ ਓਹ ਵੀ IELTS ਕਰ ਰਹੀ ਆ ਤੇ ਅੱਗੇ ਹੁਣ ਕੈਨੇਡਾ ਜਾਣ ਬਾਰੇ ਸੋਚ ਰਹੀ ਆ।ਨਾਜ਼ੀਆ ਨੇ ਕਿਹਾ ਸੋਚਿਆ ਤਾਂ ਮੈਂ ਵੀ ਆ ਪਰ ਘਰਦਿਆਂ ਨੇ ਇਕੱਲੀ ਨੂੰ ਦੂਰ ਨਹੀਂ ਜਾਣ ਦੇਣਾ।ਗੁਰਪ੍ਰੀਤ ਨੂੰ ਦੁਬਈ ਆਏ ਹੋਏ ਸਾਲ ਪੂਰਾ ਹੋਣ ਵਾਲਾ ਸੀ।

ਗੁਰਪ੍ਰੀਤ ਛੁੱਟੀ ਵਾਲੇ  ਦਿਨ ਬੈਠੇ ਬੈਠੇ ਫੋਨ ਚਲਾ ਰਿਹਾ ਸੀ ਤਾਂ ਓਹਨੂੰ ਪ੍ਰਭ ਦਾ ਨੰਬਰ ਮਿਲ ਗਿਆ ਓਹਨੇ ਪ੍ਰਭ ਨੂੰ ਕਾਲ ਮਿਲਾ ਲਈ,ਪ੍ਰਭ ਨੇ unknown ਨੰਬਰ ਵੇਖਕੇ ਕਾਲ ਨਾ ਚੱਕੀ ਤਾਂ ਗੁਰਪ੍ਰੀਤ ਨੇ ਓਹਦੇ ਵਟਸਐਪ ਤੇ ਮੈਸੇਜ ਕੀਤਾ,ਆਪਣੇ ਬਾਰੇ ਦੱਸਿਆ ਤਾਂ ਦੋਨਾਂ ਦੀ ਗੱਲ ਹੋਈ।ਪ੍ਰਭ ਨੇ ਨਾਜ਼ੀਆ ਨੂੰ ਸਾਰਾ ਦੱਸਿਆ ਹੋਇਆ ਸੀ ਕੇ ਏਨੀ ਦੇਰ ਤੋਂ ਸਾਡੀ ਗੱਲ ਵੀ ਨਹੀਂ ਹੋ ਰਹੀ,ਗੁਰਪ੍ਰੀਤ ਨੇ ਆਪਣੇ ਬਾਰੇ ਦਸਿਆ ਕੇ ਮੈਂ ਦੁਬਈ ਜੌਬ ਕਰਦਾ ਹਾਂ ਤੇ ਏਥੇ ਆਏ ਨੂੰ ਸਾਲ ਹੋਣ ਵਾਲਾ।ਪ੍ਰਭ ਬਾਰੇ ਪੁਛਿਆ ਓਹਨੇ ਦੱਸਿਆ ਕਿ ਮੈਂ ਤਾਂ ਆਈਲੈਟਸ ਕਰ ਰਹੀ ਆਂ।

ਫੇਰ ਗੁਰਪ੍ਰੀਤ ਨੇ ਨਾਜ਼ੀਆ ਦਾ ਪੁੱਛਿਆ ਤਾਂ ਓਹਨੇ ਦੱਸਿਆ ਕਿ ਤੇਰੇ ਬਾਅਦ ਓਹ ਬਹੁਤ ਬਿਮਾਰ ਹੋ ਗਈ ਸੀ,ਓਹਨੂੰ ਪੈਨਿਕ ਅਟੈਕ ਆਏ ਸੀ,ਸਾਰਾ ਦਿਨ ਤੇਰਾ ਹੀ ਸੋਚਦੀ ਰਹਿੰਦੀ ਸੀ ਹੁਣ ਵੀ ਓਹਨੂੰ ਮਾਈਗ੍ਰੇਨ ਹੋ ਜਾਂਦਾ ਤੇ ਥੋੜੇ ਦਿਨ ਪਹਿਲਾਂ ਮੈਨੂੰ ਮਿਲੀ ਓਹ ਪਹਿਚਾਣ ਵੀ ਨਹੀਂ ਹੁੰਦੀ ਸੀ। ਖੁਦ ਨੂੰ ਬੀਜੀ ਕਰਨ ਲਈ ਓਹ ਵੀ IELTS ਕਰਦੀ ਸੀ ਤੇ ਓਹਦੇ 7.5 ਬੈਂਡ ਵੀ ਆਏ।ਤੂੰ ਓਹਨੂੰ ਮੁੜਕੇ ਫੋਨ ਵੀ ਨਹੀਂ ਕੀਤਾ ਬੱਸ ਆਹੀ ਪਿਆਰ ਸੀ ਤੁਹਾਡਾ,ਤੂੰ ਦੁਬਈ ਗਿਆ ਘੱਟੋ ਘੱਟ ਓਹਨੂੰ ਖਬਰ ਹੀ ਦੇ ਦਿੰਦਾ ਓਹ ਸਬਰ ਕਰਕੇ ਬੈਠੀ ਤਾਂ ਰਹਿੰਦੀ,ਪ੍ਰਭ ਨੇ ਗੁਰਪ੍ਰੀਤ ਨੂੰ ਸਾਰਾ ਕੁਝ ਦੱਸ ਦਿੱਤਾ। ਗੁਰਪ੍ਰੀਤ ਦੇ ਤਾਂ ਜਿਵੇਂ ਜ਼ਖਮ ਸ਼ਿੱਲ ਹੋਗੇ ਸੀ।ਓਹ ਅੱਗੋਂ ਰੋਈ ਜਾਂਦਾ ਸੀ।ਗੁਰਪ੍ਰੀਤ ਨੇ ਪ੍ਰਭ ਨੂੰ ਕਿਹਾ ਪਤਾ ਨਹੀਂ ਓਹ ਮੇਰੇ ਨਾਲ ਗੁੱਸੇ ਵਿਚ ਗੱਲ ਕਰੂਗੀ ਜਾਂ ਨਹੀਂ ਭੈਣ ਬਣਕੇ ਮੇਰੀ ਗੱਲ ਕਰਵਾ ਦੇ।ਪ੍ਰਭ ਨੇ ਕਿਹਾ ਪਹਿਲਾਂ

ਮੈਂ ਨਾਜ਼ੀਆ ਨੂੰ ਪੁਛੂੰਗੀ।

ਪ੍ਰਭ ਨੇ ਓਸੇ ਵਕਤ ਨਾਜ਼ੀਆ ਨੂੰ ਫੋਨ ਕਰਕੇ ਸਾਰਾ ਕੁਝ ਦੱਸਿਆ।ਨਾਜ਼ੀਆ ਤਾਂ ਜਿੱਦਾਂ ਮਰੀ ਹੋਈ ਜ਼ਿੰਦਾ ਹੋ ਗਈ ਓਹਨੇ ਕਿਹਾ ਹੁਣੀ ਗੱਲ ਕਰਵਾ ਦੇ ਮੇਰੀ।ਗੁਰਪ੍ਰੀਤ ਨੇ ਨਾਜ਼ੀਆ ਦਾ ਨੰਬਰ ਲੈਕੇ ਓਸੇ ਵਕਤ ਕਾਲ ਕੀਤੀ।

ਗੁਰਪ੍ਰੀਤ:ਸਲਾਮ ਨਾਜ਼ੀਆ ਮੈਡਮ।

ਨਾਜ਼ੀਆ ਗੁਰਪ੍ਰੀਤ ਦੀ ਅਵਾਜ਼ ਸੁਣਕੇ ਹੀ ਰੋ ਪਈ।ਕੁਝ ਨਹੀਂ ਬੋਲੀ ਅੱਗਿਓਂ।

ਗੁਰਪ੍ਰੀਤ: ਕਿਆ ਹਾਲ ਆ ਜਨਾਬ ਦਾ?

ਨਾਜ਼ੀਆ:ਆ ਗਈ ਮੇਰੀ ਯਾਦ ਮਰ ਲੈਣ ਦੇਣਾ ਸੀ,ਮਰੀ ਤੇ ਹੀ ਆ ਜਾਣਾ ਸੀ।

ਗੁਰਪ੍ਰੀਤ: ਜੇਕਰ ਤਹਾਨੂੰ ਕੁਝ ਹੋ ਜਾਂਦਾ ਮੇਰੀ ਏਥੇ ਬੈਠੇ ਦੀ ਜਾਨ ਨਿਕਲ ਜਾਣੀ ਸੀ।ਮੈਂ ਇਕ ਇਕ ਮਿੰਟ ਤੇਰੀ ਯਾਦ ਚ ਬਿਤਾਇਆ।

ਨਾਜ਼ੀਆ ਤਾਂ ਜਿਵੇਂ ਸਾਰੇ ਗੁੱਸੇ ਭੁੱਲ ਗਈ ਸੀ,ਓਹ ਇਸ ਤਰਾਂ ਗੱਲ ਕਰ ਰਹੇ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਏ।

ਗੁਰਪ੍ਰੀਤ: ਨਾਜ਼ੀਆ ਹੁਣ ਨਹੀਂ ਤੈਨੂੰ ਇਕੱਲੀ ਛੱਡਣਾ ਮੈਂ ਮੈਨੂੰ ਪ੍ਰਭ ਨੇ ਸਾਰਾ ਕੁਝ ਦੱਸਿਆ,ਹੁਣ ਕੋਈ ਅਲੱਗ ਨਹੀਂ ਕਰੂਗਾ ਆਪਾਂ ਨੂੰ।

ਨਾਜ਼ੀਆ ਨੇ ਵੀ ਅੱਗਿਓਂ ਹਾਮੀ ਭਰ ਦਿੱਤੀ।

ਕਾਫੀ ਦੇਰ ਗੱਲ ਕਰਕੇ ਫੋਨ ਬੰਦ ਕਰ ਦਿੱਤਾ,ਹੁਣ ਦੁਬਾਰਾ ਤੋਂ ਓਹਨਾ ਦੀਆਂ ਪਹਿਲਾਂ ਵਾਂਗ ਹੀ ਗੱਲਾਂ ਸਟਾਰਟ ਹੋ ਗਈਆਂ ਸੀ।ਗੁਰਪ੍ਰੀਤ ਵੀ ਆਫਿਸ ਚ ਵਿਹਲਾ ਹੁੰਦਾ ਸੀ,ਨਾਜ਼ੀਆ ਘਰ ਵੇਹਲੀ ਹੁੰਦੀ ਸੀ ਸਾਰਾ ਸਾਰਾ ਦਿਨ ਦੋਵੇਂ ਵੀਡਿਉ ਕਾਲ ਕਰਨ ਲੱਗੇ ਰਹਿੰਦੇ ਸੀ।

ਗੁਰਪ੍ਰੀਤ ਪ੍ਰਭ ਦਾ ਸ਼ੁਕਰ ਮਨਾ ਰਿਹਾ ਸੀ ਜਿਹਨੇ ਓਹਨਾ ਨੂ ਦਵਾਰਾ ਮਿਲਾ ਦਿੱਤਾ ਸੀ।

ਗੁਰਪ੍ਰੀਤ ਦੀ ਇੰਡੀਆ ਆਉਣ ਲਈ ਛੁੱਟੀ ਬਣੀ ਹੋਈ ਸੀ ਓਹਨੇ ਨਾਜ਼ੀਆ ਨੂੰ ਦੱਸਿਆ ਤਾਂ

ਨਾਜ਼ੀਆ ਕੇ ਕਿਹਾ ਜਿੰਨਾ ਜਲਦੀ ਹੋ ਸਕੇ ਆਜੋ ਮੈਂ ਨਹੀਂ ਹੋਰ ਵਿਛੋੜਾ ਸਹਿ ਸਕਦੀ।ਗੁਰਪ੍ਰੀਤ ਜੀ ਦੂਜੇ ਦਿਨ ਹੀ ਟਿਕਟ ਕਰਾ ਕੇ ਇੰਡੀਆ ਪੁੱਜ ਗਏ।ਮਿਲ ਕੇ ਦੋਨਾਂ ਦੀ ਜਾਨ ਚ ਜਾਨ ਆਈ।ਹੁਣ ਫੇਰ ਤੋਂ ਓਹੀ ਪਿਆਰ ਦੀ ਸ਼ੁਰੂਆਤ ਵਾਂਗੂੰ ਮਿਲਣਾ ਸ਼ੁਰੂ ਹੋ ਗਿਆ ਸੀ।ਨਾਜ਼ੀਆ ਨੇ ਹੁਣ ਸਭ ਦਾ ਡਰ ਦਿਲੋਂ ਕੱਢ ਦਿੱਤਾ ਸੀ।ਗੁਰਪ੍ਰੀਤ ਨੂੰ ਆਸ ਸੀ ਕਿ ਮੈਂ ਦੁਬਈ ਤੋਂ ਆਇਆ ਹੋਇਆ ਸ਼ਾਇਦ ਨਾਜ਼ੀਆ ਦੇ ਘਰਦੇ ਮੰਨ ਜਾਣਗੇ।

ਗੁਰਪ੍ਰੀਤ ਨੇ ਇਕ ਵਾਰ ਫੇਰ ਆਪਣੇ ਘਰ ਗੱਲ ਕੀਤੀ ਤਾਂ ਦਸਿਆ ਕੇ ਓਹੀ ਕੁੜੀ ਨਾਲ ਵਿਆਹ ਕਰਵਾਉਣ ਜਦੋਂ ਨਾਜ਼ੀਆ ਦਾ ਨਾਮ ਓਹਦੇ ਘਰਦਿਆਂ ਨੇ ਸੁਣਿਆ ਤਾਂ ਗੁਰਪ੍ਰੀਤ ਨੂੰ ਸਮਝਾਇਆ ਪੁੱਤ ਕਿਉਂ ਫੇਰ ਤੂੰ ਅੱਗ ਚ ਹੱਥ ਪਾ ਰਿਹਾ।ਗੁਰਪ੍ਰੀਤ ਨੇ ਸਿੱਧਾ ਕਹਿ ਦਿੱਤਾ ਕੇ ਅਗਰ ਮੇਰਾ ਨਾਜ਼ੀਆ ਨਾਲ ਵਿਆਹ ਨਾ ਹੋਇਆ ਤਾਂ ਮੈਂ ਮਰ ਜਾਣਾ।ਘਰਦੇ ਡਰ ਗਏ।ਗੁਰਪ੍ਰੀਤ ਦੀ ਇਕ ਮਾਸੀ ਫਗਵਾੜੇ ਰਹਿੰਦੀ ਸੀ ਓਹਨਾਂ ਨੇ ਮਾਸੀ ਰਾਹੀਂ ਨਾਜ਼ੀਆ ਦੇ ਅੱਬੇ ਦਾ ਕੋਈ ਖਾਸ ਦੋਸਤ ਲੱਭਿਆ ਅਤੇ ਨਾਜ਼ੀਆ ਦੇ ਅੱਬੂ ਨਾਲ ਗੱਲ ਕੀਤੀ।ਸਾਰੀ ਪੁੱਛ ਪੜਤਾਲ ਤੋਂ ਬਾਅਦ ਨਾਜ਼ੀਆ ਦੇ ਅੱਬੂ ਨੇ ਸਾਫ ਮਨਾ ਕਰ ਦਿੱਤਾ ਕੇ ਮੇਰੀ ਇੱਕੋ ਧੀ ਆ ਮੈਂ ਕਿਵੇਂ ਦੂਜੀ ਜਾਤ ਵਾਲਿਆਂ ਨਾਲ ਤੋਰ ਦਵਾਂ,ਓਹਨੇ ਗੁਰਪ੍ਰੀਤ ਦੇ ਘਰਦਿਆਂ ਦੀ ਕਾਫੀ ਬੇਜ਼ਤੀ ਕੀਤੀ ਕੇ ਤੁਹਾਡਾ ਮੁੰਡਾ ਦੁਬਈ ਤੋਂ ਆਇਆ ਜਿਨਾ ਓਹ ਮਹੀਨੇ ਦਾ ਕਮਾਉਂਦਾ ਏਨਾ ਮੈਂ ਇਕ ਦਿਨ ਚ ਕਮਾਉਂਦਾ।

ਗੁਰਪ੍ਰੀਤ ਦੇ ਘਰਦੇ ਚੁੱਪ ਚਾਪ ਘਰ ਆ ਗਏ ਪਤਾ ਸੀ ਬਈ "ਦੁਬਈ ਵਾਲਿਆ ਨੂੰ ਕੁੜੀ ਦਿੰਦਾ ਹੀ ਕੌਣ ਆ",ਓਹਨਾ ਨੇ ਤਾਂ ਜਾਣਾ ਹੀ ਨੀ ਸੀ ਗੁਰਪ੍ਰੀਤ ਦੀ ਜ਼ਿਦ ਕਰਕੇ ਚਲੇ ਗਏ।

ਗੁਰਪ੍ਰੀਤ ਦਾ ਤਾਂ ਇੱਕ ਵਾਰ ਫੇਰ ਤੋਂ ਮਰਨ ਹੋ ਗਿਆ ਸੀ।ਓਹਦੀ ਵੀ ਜ਼ਿਦ ਸੀ ਕੇ ਵਿਆਹ ਤਾਂ ਨਾਜ਼ੀਆ ਨਾਲ ਹੀ ਕਰਨਾ।

ਨਾਜ਼ੀਆ ਦੇ ਅੱਬੂ ਨੇ ਘਰ ਆ ਕੇ ਨਾਜ਼ੀਆ ਨੂੰ ਸਾਰਾ ਕੁਝ ਦਸਿਆ ਤਾਂ ਨਾਜ਼ੀਆ ਨੂੰ ਪਤਾ ਲੱਗਿਆ ਅੱਬੂ ਨਹੀਂ ਮੰਨੇ ਨਾਜ਼ੀਆ ਨੇ ਰੋ ਰੋ ਬੁਰਾ ਹਾਲ ਕਰ ਲਿਆ।ਨਾਜ਼ੀਆ ਦੇ ਅੱਬੂ ਨੇ ਇੱਕੋ ਗੱਲ ਕਹਿ ਦਿੱਤੀ ਕੇ ਓਹ ਮੁੰਡੇ ਨਾਲ ਮੈਂ ਵਿਆਹ ਕੇ ਨੀ ਤੋਰਨਾ ਤੂੰ ਘਰੋਂ ਜਾਣਾ ਤਾਂ ਅੱਜ ਚਲਜਾ ਦਰਵਾਜ਼ੇ ਖੁੱਲੇ ਆ।ਨਾਜ਼ੀਆ ਨਾ ਘਰਦਿਆਂ ਨੂੰ ਛੱਡ ਸਕਦੀ ਸੀ ਨਾ ਗੁਰਪ੍ਰੀਤ ਨੂੰ

ਓਹ ਇਕ ਵਾਰ ਫਿਰ ਤੋਂ ਓਹੀ ਮੁਸੀਬਤ ਚ ਫਸ ਗਈ ਸੀ।ਗੁਰਪ੍ਰੀਤ ਦੀ ਵੀ ਛੁੱਟੀ ਪੂਰੀ ਹੋ ਗਈ ਸੀ।ਇੱਕ ਵਾਰ ਫੇਰ ਤੋਂ ਟੁੱਟਿਆ ਦਿਲ ਲੈਕੇ ਦੁਬਈ ਵਾਪਸ ਆ ਗਿਆ।

ਗੁਰਪ੍ਰੀਤ ਸੋਚ ਰਿਹਾ ਸੀ।ਮੇਰੀ ਜ਼ਿੰਦਗੀ ਹੀ ਇਸ ਤਰਾਂ ਕਿਉਂ ਆ 4 ਦਿਨ ਖੁਸ਼ੀਆਂ ਕਟ ਕੇ ਫੇਰ ਤੋਂ ਗੰਮ ਮਿਲ ਜਾਂਦੇ ਆ।ਇਕ ਵਾਰ ਤਾਂ ਓਹਨੇ ਆਤਮ ਹੱਤਿਆ ਕਰਨ ਦਾ ਹੀ ਸੋਚ ਲਿਆ ਸੀ।

ਗੁਰਪ੍ਰੀਤ ਦੇ ਦੁਬਈ ਜਾਣ ਤੋਂ ਬਾਅਦ ਨਾਜ਼ੀਆ ਨੇ ਗੁਰਪ੍ਰੀਤ ਨਾਲ ਗੱਲ ਕਰਨੀ ਬੰਦ ਨਹੀਂ ਕੀਤੀ ਸੀ।ਗੱਲ ਓਹ ਪਹਿਲਾਂ ਵਾਂਗ ਕਰਦੇ ਰਹਿੰਦੇ ਸੀ ਲੜਦੇ ਰਹਿੰਦੇ ਸੀ।

ਇਹਨਾ ਦਿਨਾਂ ਚ ਪ੍ਰਭ ਵੀ ਕੈਨੇਡਾ ਚਲੇ ਗਈ ਸੀ।

ਗੁਰਪ੍ਰੀਤ ਦਾ ਇਕ ਦੋਸਤ ਕੈਨੇਡਾ ਚ ਰਹਿੰਦਾ ਸੀ,ਗੁਰਪ੍ਰੀਤ ਨੇ ਸਾਰੀ ਗੱਲ ਆਪਣੇ ਦੋਸਤ ਨੂੰ ਦੱਸੀ,ਤਾਂ ਓਹਨੇ ਕਿਹਾ ਕਿ ਇਹ ਤਾਂ ਮਸਲਾ ਹੀ ਕੋਈ ਨਹੀਂ ਆ,ਤੂੰ ਭਾਬੀ ਨੂੰ IELTS ਕਰਵਾ ਦੇਹ ਤੇ ਓਹਨੂੰ ਕੈਨੇਡਾ ਭੇਜ ਦੇ ਦੂਜਾ ਤੂੰ ਦੁਬਈ ਤੋਂ ਟਰਾਲੇ ਦਾ ਲਾਇਸੈਂਸ ਬਣਵਾ ਲਾ ਤੇ ਤੂੰ ਵੀ ਕੈਨੇਡਾ ਆਜਾ ਏਥੇ ਆਕੇ ਦੋਨੋ ਇਕਠੇ ਰਹੀ ਜਾਇਓ।ਏਥੇ ਆਕੇ ਘਰ ਵੀ ਦੱਸ ਦਿਓਗੇ ਤਾਂ ਓਨਾ ਨੇ ਵੀ ਕੁਝ ਨੀ ਕਰ ਸਕਣਾ,ਨਾ ਲੋਕਾਂ ਦੀਆਂ ਗੱਲਾਂ ਸੁਣਨ ਨੂੰ ਮਿਲੂਗੀਆ।ਗੁਰਪ੍ਰੀਤ ਦੇ ਦਿਲ ਨੂੰ ਆਹ ਗੱਲ ਚੰਗੀ ਲੱਗੀ।ਓਹਨੇ ਸਾਰਾ ਕੁਝ ਨਾਜ਼ੀਆ ਨੂੰ ਦੱਸਿਆ ਤਾਂ ਨਾਜ਼ੀਆ ਦੇ ਦਿਲ ਨੂੰ ਵੀ ਗੱਲ ਲੱਗ ਗਈ।

ਫੇਰ ਕੀ ਸੀ ਨਾਜ਼ੀਆ ਨੇ IELTS ਸਕੋਰ ਤਾਂ ਪਹਿਲਾਂ ਹੀ ਲਏ ਸੀ।ਓਹਨੇ ਆਪਣੇ ਘਰ ਕਿਹਾ ਠੀਕ ਆ ਅਗਰ ਗੁਰਪਰੀਤ ਨਾਲ ਵਿਆਹ ਨਹੀਂ ਕਰਨਾ ਤਾਂ ਠੀਕ ਆ ਫੇਰ ਮੈਨੂੰ ਕੈਨੇਡਾ ਭੇਜ ਦਿਓ ਪ੍ਰਭ ਵੀ ਓਥੇ ਹੀ ਆ।ਘਰਦਿਆਂ ਨੇ ਸੋਚਿਆ ਕਿ ਚਲੋ ਕੁੜੀ ਤਾਂ ਸੇਫ ਰਹੂਗੀ।ਇੱਜਤ ਵੀ ਸੇਫ ਰਹੂਗੀ ਓਹਨਾ ਨੇ ਨਾਜ਼ੀਆ ਦੀ ਫਾਈਲ ਲਗਾ ਦਿੱਤੀ 2ਮਹੀਨੇ ਦੇ ਅੰਦਰ ਅੰਦਰ ਨਾਜ਼ੀਆ ਦਾ ਕੈਨੇਡਾ ਦਾ ਕੰਮ ਬਣ ਗਿਆ।ਨਾਜ਼ੀਆ ਵੀ ਕੈਨੇਡਾ ਚਲੇ ਗਈ।

ਗੁਰਪ੍ਰੀਤ ਨੇ ਵੀ ਟਰੱਕ ਦਾ ਲਾਇਸੈਂਸ ਬਣਵਾ ਲਿਆ ਇਕ ਸਾਲ ਦਾ ਐਕਸਪੀਰੀਐਂਸ ਲੈਕੇ ਫਾਈਲ ਅਪਲਾਈ ਕੀਤੀ ਓਹਨੂੰ ਵੀ ਕੈਨੇਡਾ ਦਾ ਵੀਜ਼ਾ ਮਿਲ ਗਿਆ।ਡੇਢ ਸਾਲ ਦੇ ਅੰਦਰ

ਹੀ ਦੋਵੇਂ ਇਕਠੇ ਹੋ ਗਏ।ਇਕਠੇ ਹੋਕੇ ਬਹੁਤ ਹੀ ਅਜ਼ਾਦ ਮਹਿਸੂਸ ਕਰ ਰਹੇ ਸੀ।

ਗੁਰਪ੍ਰੀਤ ਪਹਿਲਾਂ ਹੀ ਵਰਕ ਪਰਮਿਟ ਤੇ ਗਿਆ ਸੀ ਨਾਜ਼ੀਆ ਨੂੰ ਇੱਕ ਸਾਲ ਦੀ ਸਟਡੀ ਦੇ ਬਾਅਦ ਵਰਕ ਪਰਮਿਟ ਮਿਲ ਗਿਆ।ਨਾਜ਼ੀਆ ਨੇ ਆਪਣੇ ਘਰ ਫੋਨ ਕਰਕੇ ਦਸਿਆ ਕੇ ਇੱਥੇ ਹੀ ਮੈਨੂੰ ਮੁੰਡਾ ਪਸੰਦ ਆ ਗਿਆ ਮੈਂ ਏਥੇ ਹੀ ਵਿਆਹ ਕਰਨਾ ਓਹਨਾ ਨੇ ਮੁੰਡੇ ਦਾ ਪੁੱਛਿਆ ਤਾਂ ਸਾਫ ਦੱਸ ਦਿੱਤਾ ਕੇ ਗੁਰਪ੍ਰੀਤ ਹੀ ਆ ਓਹਦੇ ਘਰਦੇ ਹੈਰਾਨ ਸੀ ਕਿ ਇਹ ਸਭ ਕਿਦਾ ਹੋਗਿਆ ਕੇ ਡੇਢ ਸਾਲ ਚ ਹੀ ਦੋਨੋ ਕੈਨੇਡਾ ਇਕਠੇ ਹੋਗੇ।ਨਾਜ਼ੀਆ ਨੇ ਸਾਫ ਕਹਿ ਦਿੱਤਾ ਮਨਜੂਰੀ ਦੇਣੀ ਤਾਂ ਦੇਦੋ ਨਹੀਂ ਤਾਂ ਸਾਰੀ ਜ਼ਿੰਦਗੀ ਮੈਂ ਇੰਡੀਆ ਨੀ ਆਉਣਾ ਘਰਦਿਆਂ ਨੂੰ ਨਾ ਚਾਹੁੰਦੇ ਹੋਏ ਵੀ ਹਾਂ ਕਰਨੀ ਪੈ ਗਈ। ਦੋਨਾਂ ਨੇ ਓਥੇ ontario ਗੁਰੂ ਘਰ ਚ ਵਿਆਹ ਕਰਵਾ ਲਿਆ।ਦੋਨਾਂ ਦੇ ਘਰਦਿਆਂ ਨੇ ਵੀਡਿਓ ਕਾਲ ਤੇ ਵਿਆਹ ਵੇਖਿਆ।ਗੁਰਪ੍ਰੀਤ ਨਾਜ਼ੀਆ ਤਾਂ ਭੰਗੜੇ ਪਾ ਰਹੇ ਸੀ।ਕਨੈਡਾ ਦੀ ਧਰਤੀ ਦਾ ਸ਼ੁਕਰ ਮਨਾ ਰਹੇ ਸੀ ਜਿਹਨੇ ਮਰੇ ਹੋਇਆ ਨੂੰ ਜ਼ਿੰਦਗੀ ਦੇ ਦਿੱਤੀ ਸੀ।ਇਸ ਤਰਾਂ ਏਨੀਆਂ ਮੁਸ਼ਕਿਲਾਂ ਵਿਚੋਂ ਨਿਕਲ ਕੇ ਦੋ ਰੂਹਾਂ ਦਾ ਮੇਲ ਹੋਇਆ ਸੀ।ਥੋੜੇ ਦਿਨ ਪਹਿਲਾਂ ਹੀ ਗੁਰਪ੍ਰੀਤ ਨੇ ਵਟਸਐਪ ਤੇ ਸਟੇਟਸ ਲਗਾਇਆ ਹੋਇਆ ਸੀ,ਮੈਨੂੰ ਵੇਖ ਕੇ ਵਿਆਹ ਜਿੰਨਾ ਚਾਅ ਚੜ ਗਿਆ।

**ਲੋਕਾਂ ਸਾਨੂੰ ਵੱਖ ਕੀਤਾ ਸੀ,**

**ਰੱਬ ਨੇ ਆਣ ਮਿਲਾਇਆ ਏ।।**

**ਅੱਲ੍ਹਾ ਨੇ ਬਾਂਹ ਫੜ੍ਹ ਧਰਤੀ ਦੀ,**

**ਅੰਬਰ ਦੇ ਲੜ ਲਾਇਆ ਏ।।**

**ਅੱਖਾਂ ਮੇਰੇ ਵਰਗੀਆਂ ਨੇ,**

**ਮੁੱਖ ਨਾਜ਼ੋ ਵਾਂਗ ਬਣਾਇਆ ਏ।।**

**ਗੁਰੀ ਤੇ ਨਾਜ਼ੋ ਦੀ ਝੋਲੀ ਵਿੱਚ,**

**ਅੱਜ ਗੁਰਨਾਜ਼ ਨੂੰ ਪਾਇਆ ਏ।।**

**ਲੋਕਾਂ ਸਾਨੂੰ ਵੱਖ ਕੀਤਾ ਸੀ,**

**ਰੱਬ ਨੇ ਆਣ ਮਿਲਾਇਆ ਏ।।**

**ਅੱਲ੍ਹਾ ਨੇ ਬਾਂਹ ਫੜ੍ਹ ਧਰਤੀ ਦੀ,**

**ਅੰਬਰ ਦੇ ਲੜ ਲਾਇਆ ਏ।।**

ਹਾਂ ਜੀ, ਗੁਰਪ੍ਰੀਤ ਤੇ ਨਾਜ਼ੀਆ ਦੇ ਘਰ ਇੱਕ ਛੋਟੀ ਜਹੀ ਜੰਨਤ ਦੀ ਪਰੀ ਨੇ ਪੈਰ ਪਾਇਆ ਸੀ।ਬੇਟੀ ਦਾ ਨਾਮ ਗੁਰਨਾਜ਼ ਰਖਿਆ ਸੀ।

**।✿। ਸਮਾਪਤ ।✿।**

---

**ਵਿਸ਼ੇਸ਼ ਧੰਨਵਾਦ : ਗੁਰਪ੍ਰੀਤ ਗੁਰੀ, ਇਸ ਕਹਾਣੀ ਦੀਆਂ ਸਾਰੀਆਂ ਕਵਿਤਾਵਾਂ ਲਿਖਣ ਲਈ।**

---

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com